Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.
# ਪੰਜਾਬ ਮੇਲ
Chief Editor: **Gurjatinder Singh Randhawa**
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 18, Issue- 827, 07 to 13 Nov., 2024, Ph: 916-320-9444, E-mail: punjabmailusa@yahoo.com, Web: punjabmailusa.com

# ਡੋਨਲਡ ਟਰੰਪ ਹੋਣਗੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ

**277** ਇਲੈਕਟੋਰਲ ਵੋਟਾਂ ਟਰੰਪ ਨੇ ਕੀਤੀਆਂ ਹਾਸਲ | **226** ਇਲੈਕਟੋਰਲ ਵੋਟਾਂ ਕਮਲਾ ਹੈਰਿਸ ਨੂੰ ਮਿਲੀਆਂ | **2025** ਜਨਵਰੀ 'ਚ ਸੰਭਾਲਣਗੇ ਅਮਰੀਕਾ ਦੀ ਸੱਤਾ






**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ 'ਚ ਡੋਨਾਲਡ ਟਰੰਪ ਨੇ ਜਿੱਤ ਹਾਸਲ ਕਰ ਲਈ ਹੈ। ਹੁਣ ਉਹ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ ਅਤੇ ਜਨਵਰੀ 2025 'ਚ ਅਮਰੀਕਾ ਦੀ ਸੱਤਾ ਸੰਭਾਲਣਗੇ। ਟਰੰਪ ਨੂੰ 277 ਇਲੈਕਟੋਰਲ ਵੋਟਾਂ ਹਾਸਲ ਹੋਈਆਂ, ਜਦਕਿ ਕਮਲਾ ਹੈਰਿਸ ਨੂੰ 226 ਇਲੈਕਟੋਰਲ ਵੋਟਾਂ ਮਿਲੀਆਂ। ਡੋਨਾਲਡ ਟਰੰਪ ਦੂਜੀ ਵਾਰ ਅਮਰੀਕਾ ਦੇ ਰਾਸ਼ਟਰਪਤੀ ਬਣਨ ਜਾ ਰਹੇ ਹਨ। ਇਸ ਤੋਂ ਪਹਿਲਾਂ ਉਹ 2016 ਤੋਂ 2020 ਤੱਕ ਅਮਰੀਕਾ ਦੇ ਰਾਸ਼ਟਰਪਤੀ ਰਹੇ। ਪਿਛਲੀਆਂ ਚੋਣਾਂ ਵਿਚ ਉਹ ਜੋਅ ਬਾਇਡਨ ਤੋਂ ਹਾਰ ਗਏ ਸਨ।

ਚੋਣਾਂ ਦੌਰਾਨ ਪਹਿਲਾਂ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਸਨ ਕਿ ਇਹ ਮੁਕਾਬਲਾ ਬਹੁਤ ਸਖਤ ਰਹੇਗਾ ਅਤੇ ਫਿਰ ਵੀ ਕਮਲਾ ਹੈਰਿਸ ਦੇ ਜਿੱਤਣ ਦੀ ਉਮੀਦ ਬਣੀ ਹੋਈ ਸੀ। ਪਰ ਟਰੰਪ ਦੀ ਇਸ ਜਿੱਤ ਨੇ ਸਾਰੇ ਗਣਿਤ ਨੂੰ ਉਲਟਾ ਦਿੱਤਾ ਹੈ।

ਇਸ ਦੇ ਨਾਲ ਹੀ ਜੇ.ਡੀ. ਵੈਂਸ ਅਮਰੀਕਾ ਦੇ ਅਗਲੇ ਵਾਈਸ ਪ੍ਰੈਜ਼ੀਡੈਂਟ ਹੋਣਗੇ।

ਰਾਸ਼ਟਰਪਤੀ ਚੋਣ ਹਾਰਨ ਤੋਂ ਬਾਅਦ ਕਮਲਾ ਹੈਰਿਸ ਆਪਣੇ ਵੋਟਰਾਂ ਦਾ ਧੰਨਵਾਦ ਕਰਨ ਲਈ ਨਹੀਂ ਆਈ, ਬਲਕਿ ਉਸ ਨੇ ਆਪਣੇ ਇਕ ਸਾਥੀ ਨੂੰ ਲੋਕਾਂ ਦਾ ਧੰਨਵਾਦ ਕਰਨ ਲਈ ਭੇਜਿਆ।

ਜਿੱਤ ਮਗਰੋਂ ਟਰੰਪ ਆਪਣੇ ਸਮਰਥਕਾਂ ਵਿਚਕਾਰ ਪਹੁੰਚੇ ਅਤੇ ਉਨ੍ਹਾਂ ਨੂੰ ਸੰਬੋਧਨ ਕੀਤਾ। ਟਰੰਪ ਨੇ ਕਿਹਾ ਕਿ ਇਹ ਇਤਿਹਾਸ ਦਾ ਸਭ ਤੋਂ ਮਹਾਨ ਰਾਜਨੀਤਿਕ ਪਲ ਹੈ। ਇਸ ਦੌਰਾਨ ਉਨ੍ਹਾਂ ਨੇ ਅਮਰੀਕੀ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਮੈਨੂੰ ਖੁਸ਼ੀ ਹੈ ਕਿ ਮੈਨੂੰ ਇਕ ਵਾਰ ਫਿਰ ਅਮਰੀਕਾ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਮੈਨੂੰ ਤੁਹਾਡੇ 'ਤੇ ਬੜਾ ਮਾਣ ਹੈ। ਟਰੰਪ ਵੱਲੋਂ ਧੰਨਵਾਦ ਕਰਨ ਮੌਕੇ ਸਟੇਜ 'ਤੇ ਪਤਨੀ ਸਮੇਤ ਉਨ੍ਹਾਂ ਦਾ ਪੂਰਾ ਪਰਿਵਾਰ ਹਾਜ਼ਰ ਸੀ।

■ ਬਾਕੀ ਖ਼ਬਰ ਸਫਾ 2 'ਤੇ

## ਰਿਪਬਲਿਕਨਾਂ ਨੇ ਅਮਰੀਕੀ ਸੈਨੇਟ 'ਤੇ ਕੀਤਾ ਕਬਜ਼ਾ




■ ਪੱਛਮੀ ਵਰਜੀਨੀਆ ਤੇ ਓਹਾਇਓ 'ਚ ਜਿੱਤ ਨਾਲ ਅਮਰੀਕੀ ਸੈਨੇਟ ਦਾ ਕੰਟਰੋਲ ਜਿੱਤਿਆ

**ਵਾਸ਼ਿੰਗਟਨ, (ਪੰਜਾਬ ਮੇਲ)-** ਰਿਪਬਲਿਕਨਾਂ ਨੇ ਯੂ.ਐੱਸ. ਸੈਨੇਟ 'ਚ ਬਹੁਮਤ ਜਿੱਤ ਲਿਆ ਹੈ ਅਤੇ 4 ਸਾਲਾਂ ਵਿਚ ਪਹਿਲੀ ਵਾਰ ਚੈਂਬਰ ਦਾ ਕੰਟਰੋਲ ਆਪਣੇ ਕਬਜ਼ੇ ਵਿਚ ਲੈ ਲਿਆ ਹੈ।

ਰਿਪਬਲਿਕਨਾਂ ਨੇ ਮੰਗਲਵਾਰ ਨੂੰ ਪੱਛਮੀ ਵਰਜੀਨੀਆ ਅਤੇ ਓਹਾਇਓ ਵਿਚ ਜਿੱਤ ਨਾਲ ਅਮਰੀਕੀ ਸੈਨੇਟ ਦਾ ਕੰਟਰੋਲ ਜਿੱਤ ਲਿਆ, ਜਿਸ ਨਾਲ ਇਹ ਯਕੀਨੀ ਹੋ ਗਿਆ ਹੈ ਕਿ ਡੌਨਾਲਡ ਟਰੰਪ ਦੀ ਪਾਰਟੀ ਅਗਲੇ ਸਾਲ ਕਾਂਗਰਸ ਦੇ ਘੱਟੋ-ਘੱਟ ਇੱਕ ਚੈਂਬਰ ਨੂੰ ਨਿਯੰਤਰਿਤ ਕਰੇਗੀ। ਪ੍ਰਤੀਨਿਧੀ ਸਭਾ ਦੀ ਲੜਾਈ ਵਿਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਫਾਇਦਾ ਨਹੀਂ ਹੋਇਆ, ਜਿਸਨੂੰ ਹੁਣ ਰਿਪਬਲਿਕਨ ਇੱਕ ਘੱਟ ਫਰਕ ਨਾਲ ਨਿਯੰਤਰਿਤ ਕਰਦੇ ਹਨ। ਓਹਾਇਓ ਵਿਚ ਕਈ ਯੂ.ਐੱਸ. ਮੀਡੀਆ ਆਉਟਲੈਟਸ ਨੇ ਅਨੁਮਾਨ ਲਗਾਇਆ ਹੈ ਕਿ ਰਿਪਬਲਿਕਨ ਬਰਨੀ ਮੋਰੇਨੋ ਮੌਜੂਦਾ ਡੈਮੋਕ੍ਰੇਟ ਸ਼ੇਰੋਡ ਬ੍ਰਾਊਨ ਨੂੰ ਹਰਾਉਣਗੇ। ਉਨ੍ਹਾਂ ਦੋ ਜਿੱਤਾਂ ਨੇ ਇਹ ਯਕੀਨੀ ਬਣਾਇਆ ਕਿ ਰਿਪਬਲਿਕਨ ਸੈਨੇਟ ਵਿਚ ਘੱਟੋ-ਘੱਟ 51-49 ਬਹੁਮਤ ਰੱਖਣਗੇ, ਹੋਰ ਮੁਕਾਬਲੇ ਦੇ ਨਤੀਜੇ ਆਉਣ ਦੇ ਨਾਲ ਹੋਰ ਲਾਭ ਸੰਭਵ ਹੋਣਗੇ। ਵਰਣਨਯੋਗ ਹੈ ਕਿ 4 ਨਵੰਬਰ ਨੂੰ ਅਮਰੀਕਾ ਦੇ 50 ਰਾਜਾਂ ਦੇ ਲੋਕਾਂ ਨੇ ਨਾ ਸਿਰਫ਼ ਰਾਸ਼ਟਰਪਤੀ ਦੇ ਅਹੁਦੇ ਲਈ, ਸਗੋਂ ਸੈਨੇਟ ਅਤੇ ਪ੍ਰਤੀਨਿਧੀ ਸਭਾ ਲਈ ਵੀ ਵੋਟਾਂ ਪਾਈਆਂ। ■ ਬਾਕੀ ਖ਼ਬਰ ਸਫਾ 17 'ਤੇ

## ਹੁਣ ਮੈਕਸੀਕੋ ਤੋਂ ਡੌਂਕੀ ਲਾ ਕੇ ਅਮਰੀਕਾ ਦਾ ਬਾਰਡਰ ਟੱਪਣ 'ਤੇ ਲੱਗੀ ਪਾਬੰਦੀ



■ ਬਾਰਡਰ ਟੱਪਣ ਦੀ ਕੋਸ਼ਿਸ਼ ਕਰਨ 'ਤੇ ਹੋ ਰਹੀ ਹੈ ਗ੍ਰਿਫਤਾਰੀ

**ਮੈਕਸੀਕੋ, (ਪੰਜਾਬ ਮੇਲ)-** ਮੈਕਸੀਕੋ ਦੇ ਰਾਸ਼ਟਰਪਤੀ ਐਂਡਰਿਸ ਮੈਨੂਅਲ ਲੋਪੇਜ਼ ਵੱਲੋਂ ਯੂ.ਐੱਸ. ਬਾਰਡਰ ਨੂੰ ਗੈਰ ਕਾਨੂੰਨੀ ਪਾਰ ਕਰਨ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਹੈ। ਰਾਸ਼ਟਪਤੀ ਲੋਪੇਜ਼ ਅਨੁਸਾਰ ਹੁਣ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਜਾਣ ਦੀ ਕੋਸ਼ਿਸ਼ ਕਰਨ ਵਾਲੇ ਨੂੰ ਮੈਕਸੀਕੋ ਦੀਆਂ ਜੇਲ੍ਹਾਂ ਵਿਚ ਭੇਜਿਆ ਜਾ ਰਿਹਾ ਹੈ। ਭਾਵੇਂ ਕਿ ਇਹ ਕਾਰਵਾਈ ਜਨਵਰੀ 2024 ਤੋਂ ਸ਼ੁਰੂ ਹੋ ਚੁੱਕੀ ਸੀ। ਪਰ ਹੁਣ ਇਸ ਨੂੰ ਬਾਕਾਇਦਾ ਸਖਤ ਤਰੀਕੇ ਨਾਲ ਅਮਲ ਵਿਚ ਲਿਆਇਆ ਜਾ ਰਿਹਾ ਹੈ। ਅਮਰੀਕਾ ਵੱਲ ਜਾ ਰਹੇ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਫੜਨ ਦੇ ਯਤਨ ਤੇਜ਼ ਕਰ ਦਿੱਤੇ ਗਏ ਹਨ। ਫੜੇ ਜਾਣ 'ਤੇ ਬਹੁਤੇ ਲੋਕਾਂ ਨੂੰ ਹਵਾਈ ਸਫਰ ਜਾਂ ਬੱਸਾਂ ਰਾਹੀਂ ਉਨ੍ਹਾਂ ਦੇ ਜੱਦੀ ਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ। 2023 ਤੱਕ ਮੈਕਸੀਕੋ ਸਰਕਾਰ ਦਾ ਇਹ ਕਹਿਣਾ ਸੀ ਕਿ ਉਨ੍ਹਾਂ ਕੋਲ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਲਈ ਲੋੜੀਂਦੇ ਸਰੋਤ ਨਹੀਂ ਹਨ ਅਤੇ ਹੁਣ ਅਚਾਨਕ ਉਨ੍ਹਾਂ ਨੇ ਇਸ ਕੰਮ ਲਈ ਵਾਧੂ ਭਰਤੀ ਕੀਤੀ ਹੈ।

2024 ਵਿਚ ਮੈਕਸੀਕਨ ਸਰਕਾਰ ਨੇ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਗ੍ਰਿਫਤਾਰੀ ਵਿਚ ਭਾਰੀ ਵਾਧਾ ਕੀਤਾ ਹੈ, ਜੋ ਕਿ ਪਹਿਲਾਂ ਨਾਲੋਂ 6 ਗੁਣਾ ਦੱਸਿਆ ਜਾ ਰਿਹਾ ਹੈ। ■ ਬਾਕੀ ਖ਼ਬਰ ਸਫਾ 17 'ਤੇ

## ਯੂਬਾ ਸਿਟੀ ਦਾ 45ਵਾਂ ਸਾਲਾਨਾ ਨਗਰ ਕੀਰਤਨ ਕਾਮਯਾਬੀ ਨਾਲ ਸੰਪੂਰਨ

■ ਡੇਢ ਲੱਖ ਦੇ ਕਰੀਬ ਸੰਗਤਾਂ ਨੇ ਨਗਰ ਕੀਰਤਨ 'ਚ ਭਰੀ ਹਾਜ਼ਰੀ



**ਯੂਬਾ ਸਿਟੀ, (ਪੰਜਾਬ ਮੇਲ)-** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾਗੱਦੀ ਨੂੰ ਸਮਰਪਿਤ ਯੂਬਾ ਸਿਟੀ ਦਾ 45ਵਾਂ ਸਾਲਾਨਾ ਨਗਰ ਕੀਰਤਨ ਕਾਮਯਾਬੀ ਨਾਲ ਸੰਪੂਰਨ ਹੋਇਆ। ਭਾਵੇਂ ਕਿ ਪਿਛਲੇ ਸਮੇਂ ਦੌਰਾਨ ਐੱਫ.ਬੀ.ਆਈ. ਵੱਲੋਂ ਇਹ ਚਿਤਾਵਨੀ ਦਿੱਤੀ ਗਈ ਸੀ ਕਿ ਇਸ ਵਾਰ ਨਗਰ ਕੀਰਤਨ ਵਿਚ ਕੋਈ ਵੱਡੀ ਘਟਨਾ ਵਾਪਰ ਸਕਦੀ ਹੈ। ਪਰ ਇਸ ਨੂੰ ਅੱਖੋਂ-ਪਰੋਖੇ ਕਰਦਿਆਂ ਡੇਢ ਲੱਖ ਦੇ ਕਰੀਬ ਸੰਗਤਾਂ ਨੇ ਨਗਰ ਕੀਰਤਨ ਵਿਚ ਹਾਜ਼ਰੀ ਭਰੀ। ਨਗਰ ਕੀਰਤਨ ਦੌਰਾਨ ਸੁਰੱਖਿਆ ਦਸਤੇ ਕਾਫੀ ਚੌਕਸ ਦੇਖੇ ਗਏ। ਜਿੱਥੇ ਜ਼ਮੀਨੀ ਪੱਧਰ 'ਤੇ ਸੁਰੱਖਿਆ ਅਧਿਕਾਰੀ ਆਪਣੀ ਡਿਊਟੀ ਨਿਭਾਅ ਰਹੇ ਸਨ, ਉਥੇ ਨਗਰ ਕੀਰਤਨ 'ਚ ਸੁਰੱਖਿਆ ਦਸਤਿਆਂ ਵੱਲੋਂ ਹੈਲੀਕਾਪਟਰ ਰਾਹੀਂ ਲਗਾਤਾਰ ਨਿਗਰਾਨੀ ਰੱਖੀ ਜਾ ਰਹੀ ਸੀ। ■ ਬਾਕੀ ਖ਼ਬਰ ਅਤੇ ਫੋਟੋਆਂ ਸਫਾ 3 'ਤੇ

## ਕੈਨੇਡੀਅਨ ਸੰਸਦ 'ਚ ਹਿੰਸਾ ਦੇ ਮੁੱਦੇ 'ਤੇ ਵਿਰੋਧੀ ਧਿਰ ਨੇ ਜਸਟਿਨ ਟਰੂਡੋ ਨੂੰ ਘੇਰਿਆ

■ ਕੈਨੇਡਾ ਤੋਂ ਭਾਰਤ ਤੱਕ ਹਿੰਸਾ ਦੀ ਚਰਚਾ





**ਓਟਾਵਾ, (ਪੰਜਾਬ ਮੇਲ)-** ਕੈਨੇਡਾ ਦੇ ਬਰੈਂਪਟਨ 'ਚ ਹਿੰਦੂ ਮੰਦਰ 'ਚ ਹਾਲ ਵਿਚ ਹੋਈ ਹਿੰਸਾ 'ਤੇ ਮੰਗਲਵਾਰ ਨੂੰ ਦੇਸ਼ ਦੀ ਸੰਸਦ 'ਚ ਨੇਤਾਵਾਂ ਦੇ ਬਿਆਨ ਸਾਹਮਣੇ ਆਏ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਵਿਰੋਧੀ ਧਿਰ ਕੰਜ਼ਰਵੇਟਿਵ ਆਗੂ ਪਿਏਰੇ ਪੋਲੀਵਰੇ ਨੇ ਹਿੰਸਾ ਦੀ ਨਿੰਦਾ ਕੀਤੀ। ਹਾਲਾਂਕਿ ਜਸਟਿਨ ਟਰੂਡੋ ਨੇ ਆਪਣੇ ਭਾਸ਼ਣ ਦੌਰਾਨ ਬਰੈਂਪਟਨ ਦੇ ਹਿੰਦੂ ਸਭਾ ਟੈਂਪਲ ਜਾਂ ਖਾਲਿਸਤਾਨ ਸ਼ਬਦ ਦਾ ਜ਼ਿਕਰ ਨਹੀਂ ਕੀਤਾ। ਸਿੱਖਾਂ ਅਤੇ ਹਿੰਦੂਆਂ ਨੂੰ ਦੱਖਣੀ ਏਸ਼ੀਆਈ ਭਾਈਚਾਰਿਆਂ ਦੱਸਦਿਆਂ ਕੈਨੇਡੀਅਨ ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਹਿੰਸਾ ਕਰਨ ਵਾਲਿਆਂ ਨੂੰ ਕਿਸੇ ਵੀ ਧਰਮ ਦੇ ਪ੍ਰਤੀਨਿਧ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਗਲਵਾਰ ਨੂੰ ਹਾਊਸ ਆਫ ਕਾਮਨਜ਼ (ਕੈਨੇਡੀਅਨ ਪਾਰਲੀਮੈਂਟ) 'ਚ ਕਿਹਾ, 'ਪਿਛਲੇ ਕੁਝ ਦਿਨਾਂ 'ਚ ਅਸੀਂ ਦੇਸ਼ 'ਚ ਦੱਖਣੀ ਏਸ਼ੀਆਈ ਭਾਈਚਾਰਿਆਂ 'ਚ ਹਿੰਸਾ ਦੇਖੀ ਹੈ, ਜਿਸ ਦੀ ਅਸੀਂ ਨਿੰਦਾ ਕਰਦੇ ਹਾਂ।

■ ਬਾਕੀ ਖ਼ਬਰ ਸਫਾ 17 'ਤੇ

# ਡੋਨਲਡ ਟਰੰਪ ਹੋਣਗੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ

■ ਸਫਾ 1 ਦਾ ਬਾਕੀ

ਟਰੰਪ ਤੋਂ ਬਾਅਦ ਨਵੇਂ ਬਣੇ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਵੀ ਸੰਖੇਪ ਧੰਨਵਾਦੀ ਭਾਸ਼ਨ ਦਿੱਤਾ। ਉਨ੍ਹਾਂ ਕਿਹਾ ਕਿ ਇਹ ਜਿੱਤ ਅਦੁੱਤੀ ਅਤੇ ਇਤਿਹਾਸਕ ਹੈ। ਅਸੀਂ ਅਮਰੀਕਾ ਦੀ ਬਿਹਤਰੀ ਲਈ ਕੰਮ ਕਰਾਂਗੇ। ਡੋਨਾਲਡ ਟਰੰਪ ਨੇ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹ ਪਲ ਇਸ ਦੇਸ਼ ਨੂੰ ਫਿਰ ਤੋਂ ਮਜ਼ਬੂਤ ਕਰਨ 'ਚ ਮਦਦ ਕਰਨਗੇ। ਫਲੋਰੀਡਾ ਦੇ ਵੈਸਟ ਪਾਮ ਬੀਚ ਕਨਵੈਨਸ਼ਨ ਸੈਂਟਰ 'ਚ ਆਪਣੇ ਸੰਬੋਧਨ 'ਚ ਟਰੰਪ ਨੇ ਕਿਹਾ, 'ਮੈਂ ਹਰ ਰੋਜ਼ ਤੁਹਾਡੇ ਲਈ ਲੜਾਂਗਾ ਅਤੇ ਅਮਰੀਕਾ ਲਈ ਸੁਨਹਿਰੀ ਯੁੱਗ ਲਿਆਵਾਂਗਾ।' ਫੈਸਲਾਕੁੰਨ ਬੜ੍ਹਤ ਤੋਂ ਬਾਅਦ ਟਰੰਪ ਨੇ ਫਲੋਰਿਡਾ ਵਿਚ ਸਮਰਥਕਾਂ ਨੂੰ ਕਿਹਾ ਕਿ ਮੈਂ ਤੁਹਾਡਾ 47ਵਾਂ ਰਾਸ਼ਟਰਪਤੀ ਹਾਂ। ਅਜਿਹੀ ਸਿਆਸੀ ਜਿੱਤ ਪਹਿਲਾਂ ਕਦੇ ਨਹੀਂ ਦੇਖੀ ਗਈ। ਟਰੰਪ ਨੇ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਇਸ ਨੂੰ ਅਮਰੀਕੀ ਲੋਕਾਂ ਦੀ ਵੱਡੀ ਜਿੱਤ ਦੱਸਿਆ। ਦਰਅਸਲ, 78 ਸਾਲਾ ਟਰੰਪ ਨੂੰ ਫਿਲਹਾਲ 277 ਇਲੈਕਟੋਰਲ ਕਾਲਜ ਵੋਟਾਂ ਮਿਲਣ ਦਾ ਅਨੁਮਾਨ ਹੈ।

ਟਰੰਪ ਨੇ ਕਿਹਾ ਕਿ ਅਸੀਂ ਆਪਣੇ ਦੇਸ਼ ਨੂੰ ਠੀਕ ਕਰਨ ਅਤੇ ਆਪਣੀਆਂ ਸਰਹੱਦਾਂ ਨੂੰ ਸੁਰੱਖਿਅਤ ਕਰਨ ਲਈ ਕੰਮ ਕਰਾਂਗੇ। ਅਸੀਂ ਅੱਜ ਇਤਿਹਾਸ ਰਚਿਆ ਹੈ। ਅਸੀਂ ਸਭ ਤੋਂ ਅਦੁੱਤੀ ਸਿਆਸੀ ਜਿੱਤ ਹਾਸਲ ਕੀਤੀ ਹੈ। ਮੈਂ ਅਮਰੀਕੀ ਲੋਕਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਮੈਂ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਹਰ ਸਾਹ ਨਾਲ ਲੜਾਂਗਾ।



ਅਮਰੀਕਾ ਦੇ 50 ਰਾਜਾਂ ਦੀਆਂ 538 ਇਲੈਕਟੋਰਲ ਵੋਟਾਂ ਲਈ ਗਿਣਤੀ ਕੀਤੀ ਗਈ। ਰਾਸ਼ਟਰਪਤੀ ਚੋਣਾਂ ਦੇ ਨਾਲ-ਨਾਲ ਸੰਸਦੀ ਚੋਣਾਂ ਵਿਚ ਵੀ ਟਰੰਪ ਦੀ ਰਿਪਬਲੀਕਨ ਪਾਰਟੀ ਨੂੰ ਲੀਡ ਹਾਸਲ ਹੋਈ ਹੈ।

ਇਸ ਜਿੱਤ ਨਾਲ ਆਉਣ ਵਾਲੇ ਸਮੇਂ ਵਿਚ ਅਮਰੀਕਾ ਦੀਆਂ ਬਹੁਤ ਸਾਰੀਆਂ ਨੀਤੀਆਂ 'ਚ ਬਦਲਾਅ ਦੇਖਣ ਨੂੰ ਮਿਲੇਗਾ, ਜਿਨ੍ਹਾਂ ਵਿਚ ਪ੍ਰਮੁੱਖ ਤੌਰ 'ਤੇ ਵਿਦੇਸ਼ ਨੀਤੀ, ਇੰਮੀਗ੍ਰੇਸ਼ਨ, ਗਰਭਪਾਤ ਅਤੇ ਦੇਸ਼ ਦਾ ਅਰਥਚਾਰਾ ਸ਼ਾਮਲ ਹੈ।

### ਚੋਣਾਂ ਲਈ ਮਹੱਤਵਪੂਰਨ ਰਾਜ

ਸੱਤ ਮਹੱਤਵਪੂਰਨ ਰਾਜਾਂ ਵਿਚੋਂ, ਪੈਨਸਿਲਵੇਨੀਆ 19 ਇਲੈਕਟੋਰਲ ਕਾਲਜ ਵੋਟਾਂ ਨਾਲ ਸਭ ਤੋਂ ਮਹੱਤਵਪੂਰਨ ਰਾਜ ਵਜੋਂ ਉੱਭਰਿਆ ਹੈ। ਇਸ ਤੋਂ ਬਾਅਦ ਉੱਤਰੀ ਕੈਰੋਲੀਨਾ ਅਤੇ ਜਾਰਜੀਆ ਵਿਚ 16-16, ਮਿਸ਼ੀਗਨ ਵਿਚ 15 ਅਤੇ ਐਰੀਜ਼ੋਨਾ ਵਿਚ 11 ਇਲੈਕਟੋਰਲ ਕਾਲਜ ਦੀਆਂ ਵੋਟਾਂ ਹਨ। ਹੋਰ ਮਹੱਤਵਪੂਰਨ ਰਾਜ 10 ਦੇ ਨਾਲ ਵਿਸਕਾਨਸਿਨ ਅਤੇ ਛੇ ਇਲੈਕਟੋਰਲ ਕਾਲਜ ਵੋਟਾਂ ਦੇ ਨਾਲ ਨੇਵਾਡਾ ਹਨ। ਅਮਰੀਕਾ ਵਿਚ 50 ਰਾਜ ਹਨ ਅਤੇ ਉਨ੍ਹਾਂ ਵਿਚੋਂ ਬਹੁਤੇ 'ਸਵਿੰਗ' ਰਾਜਾਂ ਨੂੰ ਛੱਡ ਕੇ ਹਰ ਚੋਣ ਵਿਚ ਇੱਕੋ ਪਾਰਟੀ ਨੂੰ ਵੋਟ ਦਿੰਦੇ ਰਹੇ ਹਨ। ਕਿਹਾ ਜਾਂਦਾ ਹੈ ਕਿ ਚੋਣਾਵੀ ਤੌਰ 'ਤੇ ਮਹੱਤਵਪੂਰਨ ਮੰਨੇ ਜਾਂਦੇ ਇਨ੍ਹਾਂ 'ਸਵਿੰਗ' ਰਾਜਾਂ ਵਿਚ ਵੋਟਰਾਂ ਦਾ ਝੁਕਾਅ ਬਦਲਦਾ ਰਹਿੰਦਾ ਹੈ। ਇਲੈਕਟੋਰਲ ਕਾਲਜ ਦੀਆਂ ਵੋਟਾਂ ਆਬਾਦੀ ਦੇ ਆਧਾਰ 'ਤੇ ਰਾਜਾਂ ਨੂੰ ਦਿੱਤੀਆਂ ਜਾਂਦੀਆਂ ਹਨ। ਕੁੱਲ 538 ਇਲੈਕਟੋਰਲ ਕਾਲਜ ਦੀਆਂ ਵੋਟਾਂ ਲਈ ਵੋਟਿੰਗ ਹੁੰਦੀ ਹੈ। ਜਿਸ ਉਮੀਦਵਾਰ ਨੂੰ 270 ਜਾਂ ਇਸ ਤੋਂ ਵੱਧ ਇਲੈਕਟੋਰਲ ਕਾਲਜ ਵੋਟਾਂ ਮਿਲਦੀਆਂ ਹਨ, ਉਸ ਨੂੰ ਚੋਣ ਦਾ ਜੇਤੂ ਐਲਾਨਿਆ ਜਾਂਦਾ ਹੈ। ਇਸ ਚੋਣ ਨੂੰ ਇਤਿਹਾਸਕ ਦੱਸਿਆ ਜਾ ਰਿਹਾ ਹੈ ਕਿਉਂਕਿ ਇਸ ਨੂੰ ਪਿਛਲੇ ਕਈ ਦਹਾਕਿਆਂ 'ਚ ਸਭ ਤੋਂ ਸਖ਼ਤ ਮੁਕਾਬਲੇ ਵਾਲੀਆਂ ਰਾਸ਼ਟਰਪਤੀ ਚੋਣਾਂ 'ਚੋਂ ਇੱਕ ਮੰਨਿਆ ਜਾ ਰਿਹਾ ਹੈ।

# ਡੈਮੋਕ੍ਰੇਟਿਕ ਪਾਰਟੀ ਦੇ ਰਾਜਾ ਕ੍ਰਿਸ਼ਨਾਮੂਰਤੀ ਇਲੀਨੋਇਸ ਤੋਂ ਮੁੜ ਜਿੱਤੇ



**ਵਾਸ਼ਿੰਗਟਨ, (ਪੰਜਾਬ ਮੇਲ)-** ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਰਾਜਾ ਕ੍ਰਿਸ਼ਨਮੂਰਤੀ ਇਕ ਵਾਰ ਫਿਰ ਇਲੀਨੋਇਸ ਤੋਂ ਜਿੱਤ ਗਏ ਹਨ। ਕ੍ਰਿਸ਼ਨਮੂਰਤੀ ਪਹਿਲੀ ਵਾਰ 2016 ਵਿਚ ਕਾਂਗਰਸ (ਅਮਰੀਕੀ ਸੰਸਦ) ਲਈ ਚੁਣੇ ਗਏ ਸਨ। ਉਹ ਚੀਨ ਦੀ ਕਮਿਊਨਿਸਟ ਪਾਰਟੀ 'ਤੇ ਪ੍ਰਤੀਨਿਧੀ ਸਭਾ ਦੀ ਚੋਣ ਕਮੇਟੀ ਦੇ ਸੀਨੀਅਰ ਡੈਮੋਕ੍ਰੇਟਿਕ ਮੈਂਬਰ ਹਨ।

ਹਾਰਵਰਡ ਯੂਨੀਵਰਸਿਟੀ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਕ੍ਰਿਸ਼ਨਾਮੂਰਤੀ ਇੱਕ ਵਕੀਲ ਵੀ ਹਨ। ਇਲੀਨੋਇਸ ਦੇ 8ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਵਿਚ ਸ਼ਿਕਾਗੋ ਦੇ ਉੱਤਰ-ਪੱਛਮੀ ਹਿੱਸੇ ਦੇ ਨਾਲ-ਨਾਲ ਕਈ ਪੱਛਮੀ ਅਤੇ ਉੱਤਰ-ਪੱਛਮੀ ਉਪਨਗਰ ਵੀ ਸ਼ਾਮਲ ਹਨ।

ਦੱਸ ਦੇਈਏ ਕਿ ਅਮਰੀਕਾ 'ਚ ਹੋਈਆਂ ਰਾਸ਼ਟਰਪਤੀ ਚੋਣਾਂ ਲਈ ਵੋਟਾਂ ਦੀ ਗਿਣਤੀ ਕੀਤੀ ਜਾ ਰਹੀ ਹੈ ਅਤੇ ਨਤੀਜੇ ਹੌਲੀ-ਹੌਲੀ ਆ ਰਹੇ ਹਨ। ਮੀਡੀਆ ਰਿਪੋਰਟਾਂ ਮੁਤਾਬਕ ਹੁਣ ਤੱਕ 28 ਸੂਬਿਆਂ ਦੇ ਨਤੀਜਿਆਂ 'ਚ ਰਿਪਬਲਿਕਨ ਪਾਰਟੀ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ 19 ਸੂਬਿਆਂ 'ਚ ਜਿੱਤ ਦਰਜ ਕੀਤੀ ਹੈ, ਜਦਕਿ ਡੈਮੋਕ੍ਰੇਟਿਕ ਪਾਰਟੀ ਦੀ ਕਮਲਾ ਹੈਰਿਸ ਨੇ 09 ਸੂਬਿਆਂ 'ਚ ਜਿੱਤ ਦਰਜ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
**www.punjabmailusa.com**



# ਯੂਬਾ ਸਿਟੀ ਦਾ 45ਵਾਂ ਸਾਲਾਨਾ ਨਗਰ ਕੀਰਤਨ ਕਾਮਯਾਬੀ ਨਾਲ ਸੰਪੂਰਨ








































■ ਸਫਾ 1 ਦਾ ਬਾਕੀ

ਭਾਵੇਂ ਕਿ ਮੁੱਖ ਸਮਾਗਮ 3 ਦਿਨਾਂ ਦਾ ਸੀ। ਪਰ ਗੁਰਦੁਆਰਾ ਸਾਹਿਬ ਵਿਖੇ ਪਿਛਲੇ ਲੰਮੇਂ ਸਮੇਂ ਤੋਂ ਧਾਰਮਿਕ ਸਮਾਗਮ ਚੱਲ ਰਹੇ ਸਨ। ਦੇਸ਼ਾਂ-ਵਿਦੇਸ਼ਾਂ ਤੋਂ ਕੀਰਤਨੀ ਜੱਥੇ, ਢਾਡੀ ਜੱਥੇ, ਕਵੀਸ਼ਰ, ਕਥਾਵਾਚਕ ਰੋਜ਼ਾਨਾ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਦੇ ਰਹੇ।

ਮੁੱਖ ਸਮਾਗਮ ਤਿੰਨ ਦਿਨ ਚੱਲੇ। ਪਹਿਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦਾ ਆਰੰਭ ਹੋਇਆ। ਰਾਤ ਨੂੰ ਆਤਿਸ਼ਬਾਜ਼ੀ ਦਾ ਆਯੋਜਨ ਕੀਤਾ ਗਿਆ। ਦੂਜੇ ਦਿਨ ਸ੍ਰੀ ਨਿਸ਼ਾਨ ਸਾਹਿਬ ਨੂੰ ਨਵੇਂ ਚੋਲੇ ਪਹਿਨਾਏ ਗਏ। ਇਸ ਦੌਰਾਨ ਪੰਜਾਬੀ ਅਮਰੀਕਨ ਹੈਰੀਟੇਜ ਸੁਸਾਇਟੀ ਵੱਲੋਂ ਸਿੱਖੀ 'ਤੇ ਇਕ ਸਿੰਪੋਜ਼ੀਅਮ ਵੀ ਕੀਤਾ ਗਿਆ।

ਤੀਜੇ ਦਿਨ ਸਵੇਰੇ ਅੰਮ੍ਰਿਤ ਸੰਚਾਰ ਹੋਇਆ। ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਾਏ। ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਇਸ ਵਿਸ਼ਾਲ ਨਗਰ ਕੀਰਤਨ ਨੇ ਚਾਲੇ ਪਾਏ। ਰਸਤੇ ਵਿਚ ਥਾਂ-ਥਾਂ 'ਤੇ ਸੰਗਤਾਂ ਵੱਲੋਂ ਲੰਗਰ ਅਤੇ ਛਬੀਲਾਂ ਲਗਾਈਆਂ ਗਈਆਂ ਸਨ। ਬਹੁਤ ਸਾਰੇ ਫਲੋਟ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾ ਰਹੇ ਸਨ। ਸੰਗਤਾਂ ਸਤਿਨਾਮ ਵਾਹਿਗੁਰੂ ਦਾ ਜਾਪ ਕਰਦੀਆਂ ਹੋਈਆਂ ਅੱਗੇ ਵੱਧ ਰਹੀਆਂ ਸਨ। ਸ਼ਾਮ ਨੂੰ ਨਗਰ ਕੀਰਤਨ ਵਾਪਸ ਗੁਰਦੁਆਰਾ ਸਾਹਿਬ ਪਹੁੰਚਿਆ। ਅਰਦਾਸ ਕਰਨ ਉਪਰੰਤ ਨਗਰ ਕੀਰਤਨ ਦੀ ਸਮਾਪਤੀ ਹੋਈ। ਇਸ ਦੌਰਾਨ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ ਅਤੇ ਸੁੱਖੀ ਸਾਂਦੀ ਸਾਰਾ ਕਾਰਜ ਨੇਪਰੇ ਚੜ੍ਹਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਪ੍ਰਿਤਪਾਲ ਸਿੰਘ, ਜੌਹਨ ਸਿੰਘ ਗਿੱਲ, ਹਰਬੰਸ ਸਿੰਘ ਪੰਮਾ, ਸੁਰਿੰਦਰਪਾਲ ਸਿੰਘ ਨਿੱਜਰ, ਅੰਮ੍ਰਿਤਪਾਲ ਸਿੰਘ ਨਿੱਜਰ, ਨਾਜਰ ਸਿੰਘ ਕੂਨਰ ਵੀ ਪਹੁੰਚੇ ਹੋਏ ਸਨ।

ਸਟਾਲਾਂ ਵਿਚ ਜਿੱਥੇ ਸਿੱਖੀ ਦਾ ਪ੍ਰਚਾਰ ਕੀਤਾ ਜਾ ਰਿਹਾ ਸੀ, ਉਥੇ ਸੱਭਿਆਚਾਰਕ ਸਮਾਨ ਦੇ ਸਟਾਲ ਵੀ ਲੱਗੇ ਹੋਏ ਸਨ।

*Space sponsored by*

**Gurjatinder S. Randhawa**
(REALTOR) CA DRE licence # 01490567

**916-320-9444**

# ਟਰੰਪ ਦੀ ਅਗਵਾਈ 'ਚ ਐੱਚ-1ਬੀ ਵੀਜ਼ਾ ਨਿਯਮਾਂ 'ਚ ਹੋਵੇਗੀ ਸਖਤੀ!

**ਨਵੀਂ ਦਿੱਲੀ, (ਪੰਜਾਬ ਮੇਲ)-** ਮਾਹਰਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਡੋਨਾਲਡ ਟਰੰਪ ਦੀ ਅਗਵਾਈ ਵਾਲੀ ਰਿਪਬਲਿਕਨ ਸਰਕਾਰ ਭਾਰਤੀ ਸਾਫਟਵੇਅਰ ਸੇਵਾਵਾਂ ਕੰਪਨੀਆਂ ਲਈ ਸਖਤ ਨਿਯਮ ਲਾਗੂ ਕਰ ਸਕਦੀ ਹੈ, ਜਿਸ ਵਿਚ ਸਥਾਨਕ ਕਰਮਚਾਰੀਆਂ ਲਈ ਉੱਚ ਤਨਖਾਹ ਦੀਆਂ ਜ਼ਰੂਰਤਾਂ ਵੀ ਸ਼ਾਮਲ ਹਨ। ਜੇਕਰ ਡੈਮੋਕਰੇਟਸ ਸੱਤਾ ਵਿਚ ਰਹਿੰਦੇ ਹਨ, ਤਾਂ ਕਮਲਾ ਹੈਰਿਸ ਦੀ ਸਰਕਾਰ ਐੱਚ-1ਬੀ ਵੀਜ਼ਾ ਦੀਆਂ ਰੁਕਾਵਟਾਂ ਨੂੰ ਘੱਟ ਕਰ ਸਕਦੀ ਹੈ, ਜਿਸ ਨਾਲ ਭਾਰਤੀ ਆਈ.ਟੀ. ਫਰਮਾਂ ਨੂੰ ਫਾਇਦਾ ਹੋਵੇਗਾ ਕਿਉਂਕਿ ਉਹ ਅਮਰੀਕਾ ਦੀ ਮੰਗ ਨੂੰ ਪੂਰਾ ਕਰਨ ਲਈ ਹੋਰ ਹੁਨਰਮੰਦ ਕਾਮਿਆਂ ਨੂੰ ਨੌਕਰੀ ਦੇਣ ਦੇ ਸਮਰੱਥ ਹੋਣਗੇ।



ਬਾਇਡਨ ਪ੍ਰਸ਼ਾਸਨ ਨੇ ਐੱਚ-1ਬੀ ਪ੍ਰਣਾਲੀ ਨੂੰ ਆਧੁਨਿਕ ਬਣਾਉਣ, ਲਾਟਰੀ ਪ੍ਰਣਾਲੀ ਵਿਚ ਪਾਰਦਰਸ਼ਤਾ ਵਧਾਉਣ ਅਤੇ ਧੋਖਾਧੜੀ ਨੂੰ ਰੋਕਣ ਲਈ ਕੰਮ ਕੀਤਾ।

ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ.ਸੀ.ਐੱਸ.), ਇਨਫੋਸਿਸ ਅਤੇ ਵਿਪਰੋ ਸਮੇਤ ਭਾਰਤੀ ਆਈ.ਟੀ. ਕੰਪਨੀਆਂ ਐੱਚ-1ਬੀ ਵੀਜ਼ਾ ਪ੍ਰਾਪਤ ਕਰਨ ਵਾਲੀਆਂ ਸਭ ਤੋਂ ਵੱਡੀਆਂ ਕੰਪਨੀਆਂ ਵਿਚੋਂ ਹਨ।

ਪਾਇਨੀਅਰ ਲੀਗਲ ਦੇ ਪਾਰਟਨਰ ਅਨੁਪਮ ਸ਼ੁਕਲਾ ਨੇ ਕਿਹਾ ਕਿ ਇਤਿਹਾਸਕ ਤੌਰ 'ਤੇ ਭਾਰਤੀ ਆਈ.ਟੀ. ਸੈਕਟਰ ਨੇ ਲੋਕਤੰਤਰੀ ਪ੍ਰਸ਼ਾਸਨ ਦੇ ਤਹਿਤ ਬਿਹਤਰ ਪ੍ਰਦਰਸ਼ਨ ਕੀਤਾ ਹੈ, ਜਿਸ ਦਾ ਤਕਨਾਲੋਜੀ ਅਤੇ ਨਵੀਨਤਾ ਪ੍ਰਤੀ ਸਕਾਰਾਤਮਕ ਰਵੱਈਆ ਹੈ। ਸ਼ੁਕਲਾ ਨੇ ਕਿਹਾ, "ਹੈਰਿਸ ਦੀ ਸਰਕਾਰ ਐੱਚ-1ਬੀ ਵੀਜ਼ਾ ਹੱਦ ਵਧਾਉਣ ਲਈ ਉੱਚ ਹੁਨਰਮੰਦ ਪ੍ਰਵਾਸੀਆਂ ਲਈ ਨਵੇਂ ਰਸਤੇ ਵਿਕਸਿਤ ਕਰਨ 'ਤੇ ਵਿਚਾਰ ਕਰ ਸਕਦੀ ਹੈ।

ਵ੍ਹਾਈਟ ਐਂਡ ਬ੍ਰੀਫ - ਐਡਵੋਕੇਟਸ ਅਤੇ ਸਾਲੀਸਿਟਰਜ਼ ਦੇ ਮੈਨੇਜਿੰਗ ਪਾਰਟਨਰ ਨੀਲੇਸ਼ ਤ੍ਰਿਭੁਵਨ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਦੇ ਤਹਿਤ ਸਖਤ ਐੱਚ-1ਬੀ ਨਿਯਮਾਂ, ਸਖਤ ਜਾਂਚ ਅਤੇ ਪਾਬੰਦੀਆਂ ਦੀ ਉਮੀਦ ਕੀਤੀ ਜਾ ਸਕਦੀ ਹੈ। "ਇਹ ਭਾਰਤੀ ਆਈਟੀ ਕੰਪਨੀਆਂ ਨੂੰ ਸਥਾਨਕ ਭਰਤੀ ਅਤੇ ਔਨਸ਼ੋਰ ਟੈਲੇਂਟ ਪੂਲ ਵਿਚ ਵਧੇਰੇ ਨਿਵੇਸ਼ ਕਰਨ ਲਈ ਮਜਬੂਰ ਕਰੇਗਾ"।

ਟਰੰਪ ਦੇ ਪਿਛਲੇ ਕਾਰਜਕਾਲ ਦੌਰਾਨ ਭਾਰਤੀ ਆਈ.ਟੀ. ਉਦਯੋਗ ਲਈ ਵੀਜ਼ਾ ਰੱਦ ਕਰਨ ਦੀਆਂ ਦਰਾਂ ਵਿਚ ਵਾਧਾ, ਸਖ਼ਤ ਯੋਗਤਾ ਮਾਪਦੰਡ ਸ਼ਰਤਾਂ, ਵਧੀਆਂ ਤਨਖਾਹਾਂ ਦੀਆਂ ਜ਼ਰੂਰਤਾਂ ਅਤੇ ਲੰਬੇ ਸਮੇਂ ਦੀ ਪ੍ਰਕਿਰਿਆ ਵਰਗੀਆਂ ਪ੍ਰਕਿਰਿਆ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਪ੍ਰੋਜੈਕਟਾਂ ਨੂੰ ਕੁਸ਼ਲਤਾ ਨਾਲ ਪੂਰਾ ਕਰਨ ਦੀ ਉਨ੍ਹਾਂ ਦੀ ਯੋਗਤਾ 'ਤੇ ਅਸਰ ਪਿਆ। 2020 ਵਿਚ ਟਰੰਪ ਪ੍ਰਸ਼ਾਸਨ ਨੇ ਐੱਚ-1ਬੀ ਵੀਜ਼ਾ ਧਾਰਕਾਂ ਲਈ ਘੱਟੋ-ਘੱਟ ਉਜਰਤ ਵਿਚ ਮਹੱਤਵਪੂਰਨ ਵਾਧਾ ਕਰਨ ਲਈ ਇੱਕ ਅੰਤਰਿਮ ਅੰਤਮ ਨਿਯਮ ਪੇਸ਼ ਕੀਤਾ, ਜਿਸ ਨੂੰ ਕਈਆਂ ਨੇ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਵਿਚ ਰੁਕਾਵਟ ਵਜੋਂ ਦੇਖਿਆ। ਤਨਖ਼ਾਹ ਵਿਚ ਵਾਧੇ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਨੇ ਐੱਚ-1ਬੀ ਯੋਗਤਾ ਨੂੰ ਸੀਮਤ ਕਰਨ ਲਈ "ਵਿਸ਼ੇਸ਼ ਕਿੱਤਿਆਂ" ਦੀ ਇੱਕ ਤੰਗ ਪਰਿਭਾਸ਼ਾ ਦਾ ਪ੍ਰਸਤਾਵ ਕੀਤਾ ਸੀ। ਸ਼ੁਕਲਾ ਨੇ ਕਿਹਾ, "ਜੇਕਰ ਇਹ ਨੀਤੀਆਂ ਵਾਪਸ ਆਉਂਦੀਆਂ ਹਨ, ਤਾਂ ਐੱਚ-1ਬੀ ਵੀਜ਼ਾ 'ਤੇ ਨਿਰਭਰ ਕੰਪਨੀਆਂ ਨੂੰ ਭਰਤੀ ਦੀਆਂ ਵਧੀਆਂ ਲਾਗਤਾਂ ਅਤੇ ਸੰਭਾਵੀ ਤੌਰ 'ਤੇ ਪ੍ਰਤਿਭਾ ਦੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।"

# ਪੰਜਾਬ ਦੀਆਂ ਨਗਰ ਨਿਗਮ ਚੋਣਾਂ ਦਾ ਮਾਮਲਾ ਸੁਪਰੀਮ ਕੋਰਟ 'ਚ ਪੁੱਜਾ

**■ ਜਲੰਧਰ ਨਿਗਮ ਦੀ ਵਾਰਡਬੰਦੀ ਨਵੇਂ ਸਿਰੇ ਤੋਂ ਕਰਵਾਉਣਾ ਚਾਹ ਰਹੀ ਹੈ ਸਰਕਾਰ**

**ਜਲੰਧਰ, (ਪੰਜਾਬ ਮੇਲ)-** ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਆਇਆਂ ਲਗਭਗ ਪੌਣੇ 3 ਸਾਲ ਦਾ ਸਮਾਂ ਹੋ ਚੁੱਕਾ ਹੈ। ਇਸ ਮਿਆਦ ਦੌਰਾਨ ਪੰਜਾਬ ਦੀਆਂ ਨਗਰ ਨਿਗਮਾਂ ਅਤੇ ਕੌਂਸਲਾਂ ਆਦਿ ਦੀਆਂ ਚੋਣਾਂ ਨਹੀਂ ਕਰਵਾਈਆਂ ਗਈਆਂ, ਜਿਸ ਕਾਰਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਿਛਲੇ ਦਿਨੀਂ ਇਕ ਫੈਸਲੇ ਵਿਚ ਸੂਬਾ ਸਰਕਾਰ ਨੂੰ ਨਿਰਦੇਸ਼ ਦਿੱਤੇ ਸਨ ਕਿ 15 ਦਿਨਾਂ ਅੰਦਰ ਨਗਰ ਨਿਗਮ ਚੋਣਾਂ ਸਬੰਧੀ ਸ਼ੈਡਿਊਲ ਜਾਰੀ ਕੀਤਾ ਜਾਵੇ ਅਤੇ ਇਸਦੀ ਸੂਚਨਾ ਉੱਚ ਅਦਾਲਤ ਨੂੰ ਦਿੱਤੀ ਜਾਵੇ।

ਹਾਈ ਕੋਰਟ ਦੇ ਹੁਕਮ ਆਇਆਂ 15 ਦਿਨ ਤੋਂ ਵੱਧ ਸਮਾਂ ਬੀਤ ਚੁੱਕਾ ਹੈ ਪਰ ਪੰਜਾਬ ਸਰਕਾਰ ਨੇ ਅਜੇ ਤੱਕ ਸੂਬੇ 'ਚ ਨਗਰ ਨਿਗਮ ਚੋਣਾਂ ਸਬੰਧੀ ਕੋਈ ਸ਼ੈਡਿਊਲ ਜਾਰੀ ਨਹੀਂ ਕੀਤਾ ਹੈ। ਦੂਜੇ ਪਾਸੇ ਪੰਜਾਬ ਸਰਕਾਰ ਨੇ ਹਾਈ ਕੋਰਟ ਦੇ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇ ਦਿੱਤੀ ਹੈ ਅਤੇ ਸੂਬਾ ਸਰਕਾਰ ਵੱਲੋਂ ਇਕ ਐੱਸ.ਐੱਲ.ਪੀ. (ਸਪੈਸ਼ਲ ਲੀਵ ਪਟੀਸ਼ਨ) ਦਾਇਰ ਕਰ ਦਿੱਤੀ ਗਈ ਹੈ। ਐੱਸ.ਐੱਲ.ਪੀ. ਨੰਬਰ 51131/2024 ਵਿਚ ਇਹ ਦਲੀਲ ਦਿੱਤੀ ਗਈ ਹੈ ਕਿ ਫਗਵਾੜਾ ਨਗਰ ਨਿਗਮ ਸਬੰਧੀ ਇਕ ਪਟੀਸ਼ਨ ਪਹਿਲਾਂ ਹੀ ਸੁਪਰੀਮ ਕੋਰਟ ਵਿਚ ਪੈਂਡਿੰਗ ਹੈ ਅਤੇ ਉਸ 'ਤੇ ਅਜੇ ਕੋਈ ਫੈਸਲਾ ਨਹੀਂ ਆਇਆ ਹੈ ਪਰ ਹਾਈ ਕੋਰਟ ਨੇ ਸਾਰੀਆਂ ਨਿਗਮ ਚੋਣਾਂ ਦਾ ਸ਼ੈਡਿਊਲ ਜਾਰੀ ਕਰਨ ਦੇ ਨਿਰਦੇਸ਼ ਦੇ ਦਿੱਤੇ ਹਨ। ਇਹ ਐੱਸ.ਐੱਲ.ਪੀ. ਸਟੇਟ ਆਫ ਪੰਜਾਬ ਬਨਾਮ ਬੇਅੰਤ ਕੁਮਾਰ ਦੇ ਟਾਈਟਲ ਨਾਲ ਦਾਇਰ ਕੀਤੀ ਗਈ ਹੈ। ਇਸ ਪਟੀਸ਼ਨ ਨੂੰ ਸੁਪਰੀਮ ਕੋਰਟ ਵਿਚ ਲਿਸਟ ਕਰ ਲਿਆ ਗਿਆ ਹੈ ਅਤੇ ਜਲਦ ਇਸ 'ਤੇ ਸੁਣਵਾਈ ਦੀ ਸੰਭਾਵਨਾ ਹੈ।

## ਅਮਰੀਕੀ ਡਾਲਰ ਮੁਕਾਬਲੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚਿਆ ਭਾਰਤੀ ਰੁਪਇਆ

**ਮੁੰਬਈ, (ਪੰਜਾਬ ਮੇਲ)-** ਵਿਦੇਸ਼ੀ ਪੂੰਜੀ ਦੀ ਲਗਾਤਾਰ ਨਿਕਾਸੀ ਅਤੇ ਆਲਮੀ ਬਾਜ਼ਾਰ ਵਿਚ ਅਮਰੀਕੀ ਕਰੰਸੀ ਦੀ ਮਜ਼ਬੂਤੀ ਵਿਚਕਾਰ ਬੁੱਧਵਾਰ ਨੂੰ ਸ਼ੁਰੂਆਤੀ ਕਾਰੋਬਾਰ 'ਚ ਰੁਪਿਆ 14 ਪੈਸੇ ਦੀ ਗਿਰਾਵਟ ਨਾਲ 84.23 ਪ੍ਰਤੀ ਡਾਲਰ ਪ੍ਰਤੀ ਡਾਲਰ 'ਤੇ ਆ ਗਿਆ। ਫਾਰੇਕਸ ਵਪਾਰੀਆਂ ਨੇ ਕਿਹਾ ਕਿ ਅਮਰੀਕੀ ਚੋਣਾਂ ਦੇ ਵਿਚਕਾਰ ਬਾਜ਼ਾਰ 'ਚ ਅਸਥਿਰਤਾ ਦੇ ਸੰਕੇਤ ਦਿਖਾਈ ਦੇਣ ਲੱਗੇ ਹਨ। ਅਮਰੀਕੀ ਚੋਣਾਂ ਦੇ ਨਤੀਜੇ ਆਉਣ ਤੋਂ ਬਾਅਜ ਹੀ ਹਲਚਲ ਰੁਕਣ ਦੀ ਸੰਭਾਵਨਾ ਹੈ, ਜਦੋਂ ਇਸਦੇ ਨਤੀਜੇ ਸਪੱਸ਼ਟ ਹੋ ਜਾਣਗੇ।




ਅੰਤਰਬੈਂਕ ਵਿਦੇਸ਼ੀ ਮੁਦਰਾ ਬਾਜ਼ਾਰ ਵਿਚ, ਰੁਪਿਆ 84.23 ਪ੍ਰਤੀ ਡਾਲਰ 'ਤੇ ਖੁੱਲ੍ਹਿਆ, ਜੋ ਪਿਛਲੀ ਬੰਦ ਕੀਮਤ ਤੋਂ 14 ਪੈਸੇ ਦੀ ਗਿਰਾਵਟ ਨੂੰ ਦਰਸਾਉਂਦਾ ਹੈ। ਮੰਗਲਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਿਆ 84.09 ਦੇ ਪੱਧਰ 'ਤੇ ਬੰਦ ਹੋਇਆ ਸੀ। ਇਸ ਦੌਰਾਨ 6 ਪ੍ਰਮੁੱਖ ਮੁਦਰਾਵਾਂ ਦੇ ਮੁਕਾਬਲੇ ਅਮਰੀਕੀ ਡਾਲਰ ਦੀ ਸਥਿਤੀ ਨੂੰ ਮਾਪਦਾ ਡਾਲਰ ਸੂਚਕਾਂਕ 1.64 ਪ੍ਰਤੀਸ਼ਤ ਦੇ ਵਾਧੇ ਨਾਲ 105.11 'ਤੇ ਰਿਹਾ। ਅੰਤਰਰਾਸ਼ਟਰੀ ਸਟੈਂਡਰਡ ਬ੍ਰੈਂਟ ਕਰੂਡ 0.98 ਫੀਸਦੀ ਡਿੱਗ ਕੇ 74.79 ਡਾਲਰ ਪ੍ਰਤੀ ਬੈਰਲ 'ਤੇ ਆ ਗਿਆ। ਸ਼ੇਅਰ ਬਾਜ਼ਾਰ ਦੇ ਅੰਕੜਿਆਂ ਮੁਤਾਬਕ ਵਿਦੇਸ਼ੀ ਸੰਸਥਾਗਤ ਨਿਵੇਸ਼ਕ (ਐੱਫ.ਆਈ.ਆਈ.) ਮੰਗਲਵਾਰ ਨੂੰ ਵਿਕਰੇਤਾ ਸਨ ਅਤੇ ਉਨ੍ਹਾਂ ਨੇ ਕੁੱਲ 2,569.41 ਕਰੋੜ ਰੁਪਏ ਦੇ ਸ਼ੇਅਰ ਵੇਚੇ।




ਪੰਜਾਬ ਮੇਲ USA

# ਬੀ.ਸੀ. ਸੁਪਰੀਮ ਕੋਰਟ ਵੱਲੋਂ ਵੈਨਕੂਵਰ ਦੇ ਸਭ ਤੋਂ ਵੱਡੇ ਗੁਰਦੁਆਰੇ ਦੇ ਬਾਹਰ ਬਫਰ ਜ਼ੋਨ ਸਥਾਪਤ ਕਰਨ ਦਾ ਹੁਕਮ

**■ ਪ੍ਰਦਰਸ਼ਨਕਾਰੀਆਂ ਦੇ ਡਰੋਂ ਜਾਰੀ ਹੋਏ ਹੁਕਮ**

**ਵੈਨਕੂਵਰ, (ਪੰਜਾਬ ਮੇਲ)**- ਬੀ.ਸੀ. ਸੁਪਰੀਮ ਕੋਰਟ ਦੇ ਇਕ ਜੱਜ ਨੇ ਵੈਨਕੂਵਰ ਦੇ ਸਭ ਤੋਂ ਵੱਡੇ ਗੁਰਦੁਆਰੇ ਦੇ ਆਲੇ-ਦੁਆਲੇ ਬਫਰ ਜ਼ੋਨ ਸਥਾਪਤ ਕਰਨ ਦਾ ਹੁਕਮ ਜਾਰੀ ਕੀਤਾ ਹੈ, ਤਾਂ ਜੋ ਪ੍ਰਦਰਸ਼ਨਕਾਰੀਆਂ ਅਤੇ ਭਾਰਤੀ ਕੌਂਸਲੇਟ ਦੇ ਅਧਿਕਾਰੀਆਂ ਵਿਚਕਾਰ ਸੰਭਾਵਿਤ ਟਕਰਾਅ ਨੂੰ ਰੋਕਿਆ ਜਾ ਸਕੇ। ਰੌਸ ਸਟ੍ਰੀਟ ਗੁਰਦੁਆਰੇ ਦੇ ਨੇਤਾਵਾਂ ਨੇ 2 ਨਵੰਬਰ ਅਤੇ 16 ਨਵੰਬਰ ਨੂੰ ਯੋਜਨਾਬੱਧ ਦੋ "ਕੌਂਸਲਰ ਕੈਂਪਾਂ" ਤੋਂ ਪਹਿਲਾਂ ਇੱਕ ਅਗਾਊਂ ਹੁਕਮ ਦੀ ਮੰਗ ਕੀਤੀ ਹੈ, ਕਿਉਂਕਿ ਕੈਨੇਡਾ ਅਤੇ ਭਾਰਤ ਵਿਚਾਲੇ ਇਸ ਗੱਲ ਨੂੰ ਲੈ ਕੇ ਤਣਾਅ ਹੈ ਕਿ ਭਾਰਤ ਸਰਕਾਰ ਕੈਨੇਡੀਅਨ ਸਰਹੱਦਾਂ ਦੇ ਅੰਦਰ ਵਿਆਪਕ ਹਿੰਸਾ ਵਿਚ ਸ਼ਾਮਲ ਰਹੀ ਹੈ।




ਅਦਾਲਤੀ ਦਸਤਾਵੇਜ਼ਾਂ ਵਿਚ ਇਨ੍ਹਾਂ ਕੈਂਪਾਂ ਨੂੰ (ਜੋ ਹਰ ਸਾਲ ਆਯੋਜਿਤ ਕੀਤੇ ਜਾਂਦੇ ਹਨ) ਭਾਰਤੀ ਮੂਲ ਦੇ ਸੀਨੀਅਰ ਨਾਗਰਿਕਾਂ ਲਈ ਭਾਰਤ ਸਰਕਾਰ ਨਾਲ ਮਿਲ ਕੇ ਪ੍ਰਸ਼ਾਸਨਿਕ ਕੰਮਾਂ ਨੂੰ ਪੂਰਾ ਕਰਨ ਦਾ ਇਕ ਤਰੀਕਾ ਦੱਸਿਆ ਗਿਆ ਹੈ। ਮੁੱਖ ਤੌਰ 'ਤੇ ਉਨ੍ਹਾਂ ਦੀ ਪੈਨਸ਼ਨ ਨਾਲ ਸਬੰਧਤ, ਜਿਸ ਲਈ ਉਨ੍ਹਾਂ ਨੂੰ ਭਾਰਤੀ ਵਣਜ ਦੂਤਘਰ ਵਿਚ ਨਿੱਜੀ ਤੌਰ 'ਤੇ ਮੌਜੂਦ ਹੋਣ ਦੀ ਜ਼ਰੂਰਤ ਨਹੀਂ ਹੁੰਦੀ।

ਗੁਰਦੁਆਰੇ ਦੇ ਨੇਤਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਸਾਲ ਇਸ ਆਯੋਜਨ ਖ਼ਿਲਾਫ਼ ਵਿਰੋਧ ਦੀ ਉਮੀਦ ਹੈ, ਕਿਉਂਕਿ ਹਾਲ ਹੀ ਵਿਚ ਆਰ.ਸੀ.ਐੱਮ.ਪੀ. ਨੇ ਦੋਸ਼ ਲਗਾਇਆ ਹੈ ਕਿ ਭਾਰਤੀ ਵਣਜ ਦੂਤਘਰ ਦੇ ਅਧਿਕਾਰੀ ਕੈਨੇਡਾ ਵਿਚ ਗੈਰ-ਕਾਨੂੰਨੀ ਅਤੇ ਹਿੰਸਕ ਗਤੀਵਿਧੀਆਂ 'ਚ ਸ਼ਾਮਲ ਰਹੇ ਹਨ। ਰੌਸ ਸਟਰੀਟ ਗੁਰਦੁਆਰਾ ਲੀਡਰਸ਼ਿਪ ਦੇ ਵਕੀਲ ਸਕਾਟ ਟਰਨਰ ਨੇ ਕਿਹਾ, "ਇਸ ਮੌਜੂਦਾ ਮਾਹੌਲ ਵਿਚ, ਖਾਲਿਸਤਾਨੀ ਸਮਰਥਕਾਂ ਅਤੇ ਭਾਰਤ ਸਰਕਾਰ ਵਿਚਕਾਰ ਤਣਾਅ ਵਧ ਗਿਆ ਹੈ, ਅਤੇ ਉਹ ਕਿਸੇ ਵੀ ਰੂਪ ਵਿਚ ਭਾਰਤ ਸਰਕਾਰ ਦੀ ਆਲੋਚਨਾ ਕਰ ਰਹੇ ਹਨ।"

# ਉੱਘੇ ਕੋਚ ਰਵਿੰਦਰ ਕੁਮਾਰ ਰਿਸ਼ੀ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ

**ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)**- ਰਵਿੰਦਰ ਕੁਮਾਰ ਰਿਸ਼ੀ ਪਿਛਲੇ ਦਿਨੀਂ ਪਰਲੋਕ ਸਿਧਾਰ ਗਏ ਸਨ। ਉਨ੍ਹਾਂ ਦਾ ਅੰਤਿਮ ਅਰਦਾਸ ਕਰ ਦਿੱਤਾ ਗਿਆ ਹੈ। ਦੂਰੋਂ-ਨੇੜਿਓਂ ਆਏ ਸੱਜਣਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਨੇ ਉਨ੍ਹਾਂ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ।


ਸ਼੍ਰੀ ਰਵਿੰਦਰ ਕੁਮਾਰ ਰਿਸ਼ੀ

ਰਵਿੰਦਰ ਰਿਸ਼ੀ ਜਿਮਨਾਸਟਿਕ ਦੇ ਇਕ ਮੰਨੇ-ਪ੍ਰਮੰਨੇ ਕੋਚ ਸਨ। ਉਨ੍ਹਾਂ ਆਪਣਾ ਸਾਰਾ ਜੀਵਨ ਖੇਡ ਮੈਦਾਨ ਨੂੰ ਅਰਪਿਤ ਕੀਤਾ ਹੋਇਆ ਸੀ। ਉਹ ਪਟਿਆਲਾ ਵਿਖੇ ਜ਼ਿਲ੍ਹਾ ਖੇਡ ਅਫਸਰ ਵੀ ਤਾਇਨਾਤ ਰਹੇ। ਸਿਆਟਲ ਵਿਖੇ ਬੱਚਿਆਂ ਦੇ ਖੇਡ ਕੈਂਪ ਲਈ ਉਨ੍ਹਾਂ ਦਾ ਬੜਾ ਮਹੱਤਵਪੂਰਨ ਯੋਗਦਾਨ ਰਿਹਾ। ਉਨ੍ਹਾਂ ਦੇ ਅਕਾਲ ਚਲਾਣੇ 'ਤੇ ਬਹੁਤ ਸਾਰੇ ਖੇਡ ਪ੍ਰੇਮੀਆਂ ਨੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ। ਪੰਜਾਬ ਦੇ ਸਾਬਕਾ ਖੇਡ ਡਾਇਰੈਕਟਰ ਅਤੇ ਅੰਤਰਰਾਸ਼ਟਰੀ ਪਹਿਲਵਾਨ ਪਦਮ ਸ੍ਰੀ ਕਰਤਾਰ ਸਿੰਘ ਨੇ ਕਿਹਾ ਕਿ ਰਵਿੰਦਰ ਰਿਸ਼ੀ ਇਕ ਮਿਹਨਤੀ ਕੋਚ ਸਨ। ਉਨ੍ਹਾਂ ਨੇ ਬਹੁਤ ਸਾਰੇ ਖਿਡਾਰੀਆਂ ਨੂੰ ਚੰਗੀ ਕੋਚਿੰਗ ਦਿੱਤੀ। ਸਿਆਟਲ ਦੀ ਪ੍ਰਮੁੱਖ ਸ਼ਖਸੀਅਤਾਂ ਮਨਮੋਹਨ ਸਿੰਘ ਧਾਲੀਵਾਲ, ਦਇਆਬੀਰ ਸਿੰਘ ਬਾਠ, ਹਰਦੀਪ ਸਿੰਘ ਗਿੱਲ, ਕਰਨਲ ਹਰਦਿਆਲ ਸਿੰਘ ਵਿਰਕ, ਗੁਰਦੀਪ ਸਿੰਘ ਸਿੱਧੂ, ਸੌਰਵ ਰਿਸ਼ੀ, ਮਧੂਬਾਲਾ ਰਿਸ਼ੀ ਨੇ ਰਵਿੰਦਰ ਰਿਸ਼ੀ ਦੇ ਅਕਾਲ ਚਲਾਣੇ ਨੂੰ ਪੰਜਾਬੀ ਭਾਈਚਾਰੇ ਲਈ ਨਾ ਪੂਰਾ ਹੋਣ ਦਾ ਘਾਟਾ ਦੱਸਿਆ ਹੈ।

ਅੰਤਿਮ ਸਸਕਾਰ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਕੈਂਟ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਅੰਤਿਮ ਅਰਦਾਸ ਕੀਤੀ ਗਈ।

# ਬੰਬ ਧਮਾਕੇ ਦੀਆਂ ਧਮਕੀਆਂ 'ਤੇ ਕਾਰਵਾਈ ਲਈ ਏਜੰਸੀਆਂ ਨੂੰ ਹਦਾਇਤਾਂ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)**- ਪਿਛਲੇ ਦੋ ਹਫਤਿਆਂ 'ਚ 510 ਤੋਂ ਵੱਧ ਘਰੇਲੂ ਅਤੇ ਕੌਮਾਂਤਰੀ ਉਡਾਣਾਂ 'ਤੇ ਬੰਬ ਹੋਣ ਦੀਆਂ ਖ਼ਬਰਾਂ ਆਈਆਂ ਹਨ, ਜੋ ਬਾਅਦ 'ਚ ਝੂਠੀਆਂ ਸਾਬਤ ਹੋਈਆਂ। ਇਨ੍ਹਾਂ 'ਚੋਂ ਜ਼ਿਆਦਾਤਰ ਸੂਚਨਾਵਾਂ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਗੁੰਮਨਾਮ ਹੈਂਡਲ ਜ਼ਰੀਏ ਦਿਤੀਆਂ ਗਈਆਂ ਸਨ। ਇਸ ਨਾਲ ਏਅਰਲਾਈਨ ਲਈ ਸੰਚਾਲਨ ਅਤੇ ਵਿੱਤੀ ਸਮੱਸਿਆਵਾਂ ਪੈਦਾ ਹੋ ਗਈਆਂ ਹਨ।

ਏਜੰਸੀਆਂ ਭਾਰਤੀ ਜਹਾਜ਼ਾਂ 'ਚ ਬੰਬ ਧਮਾਕੇ ਦੀਆਂ ਧਮਕੀਆਂ ਦੀ ਗੰਭੀਰਤਾ 'ਤੇ ਵਿਚਾਰ ਕਰਦੇ ਸਮੇਂ ਸੋਸ਼ਲ ਮੀਡੀਆ ਹੈਂਡਲ ਦੇ ਨਾਮ, ਭੂ-ਸਿਆਸੀ ਸਥਿਤੀ ਦਾ ਵਿਸ਼ਲੇਸ਼ਣ ਅਤੇ ਜਹਾਜ਼ 'ਚ ਵੀ.ਆਈ.ਪੀ. ਦੀ ਮੌਜੂਦਗੀ ਵਰਗੇ ਮਾਪਦੰਡਾਂ ਨੂੰ ਧਿਆਨ 'ਚ ਰੱਖਣਗੀਆਂ।

ਸ਼ਹਿਰੀ ਹਵਾਬਾਜ਼ੀ ਸੁਰੱਖਿਆ ਅਤੇ ਖੁਫੀਆ ਏਜੰਸੀਆਂ ਲਈ ਸ਼ਹਿਰੀ ਹਵਾਬਾਜ਼ੀ ਬਿਊਰੋ (ਬੀ.ਸੀ.ਏ.ਐੱਸ.) ਨੇ ਨਵੀਂਆਂ ਹਦਾਇਤਾਂ ਜਾਰੀ ਕੀਤੀਆਂ ਹਨ। ਇਹ ਹੁਕਮ 'ਉਭਰ ਰਹੀਆਂ ਸੁਰੱਖਿਆ ਚੁਣੌਤੀਆਂ' ਦੇ ਮੱਦੇਨਜ਼ਰ ਜਾਰੀ ਕੀਤੇ ਗਏ ਹਨ, ਖ਼ਾਸਕਰ ਵੱਖ-ਵੱਖ ਸੋਸ਼ਲ ਮੀਡੀਆ ਮੰਚਾਂ ਰਾਹੀਂ ਜਹਾਜ਼ਾਂ ਵਿਚ ਬੰਬ ਰੱਖਣ ਬਾਰੇ ਜਾਅਲੀ ਜਾਣਕਾਰੀ ਫੈਲਾਉਣ ਦੇ ਵਧਦੇ ਰੁਝਾਨ ਦੇ ਮੱਦੇਨਜ਼ਰ ਹਦਾਇਤਾਂ ਜਾਰੀ ਕੀਤੀਆਂ ਹਨ।

ਪਿਛਲੇ ਦੋ ਹਫਤਿਆਂ 'ਚ 510 ਤੋਂ ਵੱਧ ਘਰੇਲੂ ਅਤੇ ਕੌਮਾਂਤਰੀ ਉਡਾਣਾਂ 'ਤੇ ਬੰਬ ਹੋਣ ਦੀਆਂ ਖ਼ਬਰਾਂ ਆਈਆਂ ਹਨ, ਜੋ ਬਾਅਦ 'ਚ ਝੂਠੀਆਂ ਸਾਬਤ ਹੋਈਆਂ। ਇਨ੍ਹਾਂ 'ਚੋਂ ਜ਼ਿਆਦਾਤਰ ਸੂਚਨਾਵਾਂ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਗੁੰਮਨਾਮ ਹੈਂਡਲ ਜ਼ਰੀਏ ਦਿੱਤੀਆਂ ਗਈਆਂ ਸਨ।

# ਰਿਸ਼ੀ ਸੁਨਕ ਨੇ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਦਿੱਤਾ ਅਸਤੀਫਾ



**ਲੰਡਨ, (ਪੰਜਾਬ ਮੇਲ)**- ਰਿਸ਼ੀ ਸੁਨਕ ਨੇ ਬ੍ਰਿਟਿਸ਼ ਸੰਸਦ ਵਿਚ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਮੌਕੇ ਉਨ੍ਹਾਂ ਦੀਵਾਲੀ ਦੇ ਤਿਉਹਾਰ ਦੀਆਂ ਕੁਝ ਯਾਦਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਦੋ ਸਾਲ ਪਹਿਲਾਂ ਰੌਸ਼ਨੀਆਂ ਦੇ ਤਿਉਹਾਰ ਮੌਕੇ ਉਨ੍ਹਾਂ ਨੂੰ ਭਾਰਤੀ ਮੂਲ ਦੇ ਪਹਿਲੇ ਪ੍ਰਧਾਨ ਮੰਤਰੀ ਨਿਯੁਕਤ ਕੀਤੇ ਗਏ ਸਨ। ਜੁਲਾਈ ਵਿਚ ਆਮ ਚੋਣਾਂ ਵਿਚ ਕੰਜ਼ਰਵੇਟਿਵ ਪਾਰਟੀ ਦੀ ਹਾਰ ਤੋਂ ਬਾਅਦ ਨਵਾਂ ਨੇਤਾ ਚੁਣੇ ਜਾਣ ਤੱਕ ਸੁਨਕ ਕੰਜ਼ਰਵੇਟਿਵ ਪਾਰਟੀ ਦੇ ਅੰਤਰਿਮ ਨੇਤਾ ਵਜੋਂ ਸੇਵਾ ਨਿਭਾ ਰਹੇ ਸਨ। ਸੁਨਕ ਨੇ ਕਿਹਾ, "ਮੈਂ ਦੀਵਾਲੀ ਦੌਰਾਨ ਪਾਰਟੀ ਦਾ ਨੇਤਾ ਬਣਿਆ ਸੀ ਅਤੇ ਇਸ ਤਿਉਹਾਰ ਦੌਰਾਨ ਮੈਂ ਅਹੁਦੇ ਤੋਂ ਅਸਤੀਫਾ ਦੇ ਰਿਹਾ ਹਾਂ।"




# ਅਮਰੀਕਾ ਵੱਲੋਂ ਭਾਰਤ ਸਮੇਤ 398 ਕੰਪਨੀਆਂ 'ਤੇ ਪਾਬੰਦੀ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਨੇ 15 ਦੇਸ਼ਾਂ ਦੀਆਂ 398 ਕੰਪਨੀਆਂ 'ਤੇ ਪਾਬੰਦੀ ਲਗਾ ਦਿੱਤੀ। ਅਮਰੀਕਾ ਦਾ ਕਹਿਣਾ ਹੈ ਕਿ ਇਨ੍ਹਾਂ ਕੰਪਨੀਆਂ ਨੇ ਰੂਸ ਅਤੇ ਯੂਕ੍ਰੇਨ ਜੰਗ ਦੌਰਾਨ ਰੂਸ ਦੀ ਮਦਦ ਕੀਤੀ। ਅਮਰੀਕਾ ਨੇ ਜਿਨ੍ਹਾਂ ਕੰਪਨੀਆਂ 'ਤੇ ਬੈਨ ਲਗਾਇਆ ਹੈ ਉਨ੍ਹਾਂ 'ਚ ਭਾਰਤ, ਰੂਸ ਅਤੇ ਚੀਨ ਦੀਆਂ ਕੰਪਨੀਆਂ ਸ਼ਾਮਲ ਹਨ।

ਅਮਰੀਕਾ ਵੱਲੋਂ ਜਾਰੀ ਇਕ ਬਿਆਨ 'ਚ ਕਿਹਾ ਗਿਆ ਹੈ ਕਿ ਇਨ੍ਹਾਂ 398 ਕੰਪਨੀਆਂ ਨੇ ਯੂਕ੍ਰੇਨ ਦੇ ਨਾਲ ਜੰਗ 'ਚ ਉਲਝੇ ਰੂਸ ਨੂੰ ਅਜਿਹੇ ਪ੍ਰੋਡਕਟ ਅਤੇ ਸੇਵਾਵਾਂ ਦਿੱਤੀਆਂ, ਜਿਸ ਨਾਲ ਉਸ ਨੂੰ ਜੰਗ ਦੀਆਂ ਕੋਸ਼ਿਸ਼ਾਂ 'ਚ ਮਦਦ ਮਿਲੀ। ਅਮਰੀਕਾ ਦੇ ਵਿੱਤੀ ਅਤੇ ਵਿਦੇਸ਼ ਵਿਭਾਗਾਂ ਨੇ ਇਸ ਮਾਮਲੇ 'ਚ ਸਾਂਝੀ ਕਾਰਵਾਈ ਕਰਦੇ ਹੋਏ ਇਨ੍ਹਾਂ ਕੰਪਨੀਆਂ 'ਤੇ ਬੈਨ ਲਗਾ ਦਿੱਤਾ।

ਅਮਰੀਕਾ ਦਾ ਕਹਿਣਾ ਹੈ ਕਿ

**■ ਰੂਸ ਅਤੇ ਯੂਕਰੇਨ ਜੰਗ ਦੌਰਾਨ ਰੂਸ ਦੀ ਮਦਦ ਦਾ ਲਾਇਆ ਦੋਸ਼**

ਇਸ ਸਾਂਝੀ ਕਾਰਵਾਈ ਦਾ ਮਕਸਦ ਤੀਜੇ ਪੱਖ ਦੇ ਉਨ੍ਹਾਂ ਦੇਸ਼ਾਂ ਨੂੰ ਸਜ਼ਾ ਦੇਣਾ ਹੈ, ਜਿਨ੍ਹਾਂ ਨੇ ਰੂਸ ਨੂੰ ਮਦਦ ਪਹੁੰਚਾਉਣ ਦਾ ਕੰਮ ਕੀਤਾ। ਨਾਲ ਹੀ ਰੂਸ-ਯੂਕ੍ਰੇਨ ਜੰਗ ਦੇ ਚਲਦੇ ਪੱਛਮੀ ਦੇਸ਼ਾਂ ਵੱਲੋਂ ਰੂਸ 'ਤੇ ਲਗਾਏ ਗਏ ਬੈਨ ਦਾ ਉਲੰਘਣ ਕਰਦੇ ਹੋਏ ਉਨ੍ਹਾਂ ਤੋਂ ਬਚਣ 'ਚ ਰੂਸ ਦੀ ਮਦਦ ਕੀਤੀ। ਰੂਸ ਨੇ ਫਰਵਰੀ 2022 'ਚ ਯੂਕ੍ਰੇਨ 'ਤੇ ਹਮਲਾ ਕਰ ਦਿੱਤਾ ਸੀ। ਇਸ ਤੋਂ ਬਾਅਦ ਅਮਰੀਕਾ ਦੀ ਅਗਵਾਈ 'ਚ ਪੱਛਮੀ ਦੇਸ਼ਾਂ ਨੇ ਰੂਸ 'ਤੇ ਕਈ ਤਰ੍ਹਾਂ ਦੇ ਆਰਥਿਕ ਬੈਨ ਲਗਾ ਦਿੱਤੇ ਸਨ। ਰੂਸ 'ਤੇ ਉਦੋਂ ਤੋਂ ਹੀ ਇਹ ਆਰਥਿਕ ਪਾਬੰਦੀਆਂ ਲੱਗੀਆਂ ਹੋਈਆਂ ਹਨ।

ਅਮਰੀਕਾ ਦੇ ਵਿੱਤ ਵਿਭਾਗ ਨੇ ਜਿਨ੍ਹਾਂ 398 ਕੰਪਨੀਆਂ 'ਤੇ ਪਾਬੰਦੀ ਲਗਾਈ ਹੈ, ਜੋ ਕਿ ਰੂਸ ਦੇ ਸਹਿਯੋਗੀ ਦੇਸ਼ਾਂ ਨਾਲ ਅਸਿੱਧੇ ਤੌਰ 'ਤੇ ਜੁੜੀਆਂ ਹੋਈਆਂ ਹਨ, ਉਨ੍ਹਾਂ 'ਚੋਂ 274 ਕੰਪਨੀਆਂ 'ਤੇ ਰੂਸ ਨੂੰ ਆਧੁਨਿਕ ਤਕਨਾਲੋਜੀ ਮੁਹੱਈਆ ਕਰਵਾਉਣ ਦਾ ਦੋਸ਼ ਹੈ। ਇਸ ਵਿਚ ਰੂਸ ਸਥਿਤ ਰੱਖਿਆ ਅਤੇ ਨਿਰਮਾਣ ਕੰਪਨੀਆਂ ਵੀ ਸ਼ਾਮਲ ਹਨ। ਇਹ ਕੰਪਨੀਆਂ ਉਨ੍ਹਾਂ ਹਥਿਆਰਾਂ ਅਤੇ ਸਬੰਧਤ ਸਾਧਨਾਂ ਨੂੰ ਬਿਹਤਰ ਬਣਾਉਣ ਲਈ ਕੰਮ ਕਰਦੀਆਂ ਹਨ, ਜੋ ਯੂਕ੍ਰੇਨ ਵਿਰੁੱਧ ਜੰਗ ਵਿਚ ਵਰਤੇ ਗਏ ਸਨ।

ਇਸ ਤੋਂ ਇਲਾਵਾ ਅਮਰੀਕੀ ਵਿਦੇਸ਼ ਵਿਭਾਗ ਨੇ ਰੂਸੀ ਰੱਖਿਆ ਮੰਤਰਾਲੇ ਦੇ ਕਈ ਸੀਨੀਅਰ ਅਧਿਕਾਰੀਆਂ, ਰੱਖਿਆ ਕੰਪਨੀਆਂ ਦੇ ਸਮੂਹ ਅਤੇ ਚੀਨ ਸਥਿਤ ਕੰਪਨੀਆਂ 'ਤੇ ਵੀ ਕੂਟਨੀਤਕ ਪਾਬੰਦੀਆਂ ਲਗਾਈਆਂ ਹਨ। ਇਹ ਕੰਪਨੀਆਂ ਦੋਹਰੀ ਵਰਤੋਂ ਵਾਲੇ ਰੱਖਿਆ ਉਤਪਾਦਾਂ ਦੇ ਨਿਰਯਾਤ ਵਿਚ ਸ਼ਾਮਲ ਹਨ।

# '84 ਕਤਲੇਆਮ: 40 ਸਾਲਾਂ ਬਾਅਦ ਵੀ ਪੀੜਤਾਂ ਨੂੰ ਨਾ ਮਿਲਿਆ ਇਨਸਾਫ਼

**ਨਵੀਂ ਦਿੱਲੀ, (ਪੰਜਾਬ ਮੇਲ)-** ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ 1984 'ਚ ਵੱਡੇ ਪੱਧਰ 'ਤੇ ਹੋਏ ਸਿੱਖ ਕਤਲੇਆਮ ਦੇ ਪੀੜਤਾਂ ਨੂੰ 40 ਸਾਲਾਂ ਬਾਅਦ ਵੀ ਇਨਸਾਫ਼ ਦੀ ਉਡੀਕ ਹੈ। ਉਂਜ ਕੁਝ ਕੇਸਾਂ 'ਚ ਗੱਲ ਅੱਗੇ ਵਧੀ ਹੈ ਪਰ ਫਿਰ ਵੀ ਇਨਸਾਫ਼ ਲਈ ਲੰਮੀ ਲੜਾਈ ਲੜਨੀ ਪੈ ਰਹੀ ਹੈ। ਨਾਨਾਵਤੀ ਕਮਿਸ਼ਨ ਦੀ ਰਿਪੋਰਟ ਮੁਤਾਬਕ ਦਿੱਲੀ 'ਚ ਸਿੱਖ ਕਤਲੇਆਮ ਨਾਲ ਸਬੰਧਤ ਕੁੱਲ 587 ਐੱਫ.ਆਈ.ਆਰਜ਼ ਦਰਜ ਹੋਈਆਂ ਸਨ, ਜਦਕਿ 2,733 ਵਿਅਕਤੀ ਮਾਰੇ ਗਏ ਸਨ। ਪੁਲਿਸ ਨੇ ਕਰੀਬ 240 ਕੇਸਾਂ ਦਾ ਪਤਾ ਨਾ ਲੱਗਣ ਕਾਰਨ ਉਨ੍ਹਾਂ ਨੂੰ ਬੰਦ ਕਰ ਦਿੱਤਾ ਅਤੇ ਕਰੀਬ 250 ਹੋਰ ਮਾਮਲਿਆਂ 'ਚ ਮੁਲਜ਼ਮ ਬਰੀ ਹੋ ਗਏ। ਮਈ 2023 'ਚ ਸੀ.ਬੀ.ਆਈ. ਨੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਪੁਲ ਬੰਗਸ਼ ਗੁਰਦੁਆਰੇ ਦੇ ਬਾਹਰ ਦੰਗਾਕਾਰੀਆਂ ਨੂੰ ਭੜਕਾਉਣ ਦੇ ਦੋਸ਼ ਹੇਠ ਚਾਰਜਸ਼ੀਟ ਦਾਖ਼ਲ ਕੀਤੀ ਸੀ। ਇਸ ਘਟਨਾ 'ਚ ਦੰਗਾਕਾਰੀਆਂ ਨੇ ਗੁਰਦੁਆਰੇ ਨੂੰ ਅੱਗ ਲਗਾ ਦਿੱਤੀ ਅਤੇ ਤਿੰਨ ਸਿੱਖਾਂ ਦੀ ਹੱਤਿਆ ਕਰ ਦਿੱਤੀ ਸੀ। ਪੀੜਤਾਂ ਨਾਲ ਜੁੜੇ ਕਈ ਕੇਸਾਂ ਦੀ ਨੁਮਾਇੰਦਗੀ ਸੀਨੀਅਰ ਵਕੀਲ ਐੱਚ.ਐੱਸ. ਫੂਲਕਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਟਾਈਟਲਰ ਦਾ ਕੇਸ ਭਾਰਤੀ ਇਤਿਹਾਸ ਦੇ ਦੁਰਲੱਭ ਕੇਸਾਂ 'ਚੋਂ ਇਕ ਹੈ ਕਿਉਂਕਿ ਇਸ ਨੂੰ ਲਗਾਤਾਰ ਤਿੰਨ ਵਾਰ ਕਲੀਨ ਚਿੱਟ ਦੇ ਕੇ ਬੰਦ ਕਰ ਦਿੱਤਾ ਗਿਆ ਸੀ ਪਰ ਕੇਸ ਦੁਬਾਰਾ ਖੋਲ੍ਹਿਆ ਗਿਆ।

# ਮਿਥੁਨ ਚੱਕਰਵਰਤੀ ਦੀ ਪਹਿਲੀ ਅਮਰੀਕੀ ਪਤਨੀ ਹੇਲੇਨਾ ਲੂਕ ਦਾ ਅਮਰੀਕਾ 'ਚ ਦੇਹਾਂਤ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਅਭਿਨੇਤਾ ਮਿਥੁਨ ਚੱਕਰਵਰਤੀ ਦੀ ਪਹਿਲੀ ਪਤਨੀ ਅਤੇ ਪੁਰਾਣੀ ਅਦਾਕਾਰਾ ਹੇਲੇਨਾ ਲਿਊਕ ਦਾ ਅਮਰੀਕਾ ਵਿਚ ਬੀਤੇ ਦਿਨੀਂ ਦੇਹਾਂਤ ਹੋ ਗਿਆ ਹੈ। ਉਨ੍ਹਾਂ ਦੇ ਦਿਹਾਂਤ ਦੀ ਖਬਰ ਡਾਂਸ ਆਈਕਨ ਕਲਪਨਾ ਅਈਅਰ ਨੇ ਸਾਂਝੀ ਕੀਤੀ। ਫੇਸਬੁੱਕ 'ਤੇ ਹੇਲੇਨਾ ਦੀ ਆਖਰੀ ਪੋਸਟ ਐਤਵਾਰ ਨੂੰ ਸੀ, ਜਿਸ 'ਚ ਲਿਖਿਆ ਸੀ ਕਿ "ਅਜੀਬ ਮਹਿਸੂਸ ਕਰ ਰਹੀ ਹੈ ਕਿ ਉਸ ਦੀ ਮੌਤ ਹੋ ਗਈ ਹੈ। ਕਾਫ਼ੀ ਸਮੇਂ ਤੋਂ ਉਹ ਬਿਮਾਰ ਚਲੀ ਆ ਰਹੀ ਸੀ ਅਤੇ ਸਮੇਂ ਸਿਰ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਵਿਚ ਅਸਫਲ ਰਹੀ, ਜਿਸ ਕਾਰਨ ਐਤਵਾਰ ਨੂੰ ਉਸ ਦੀ ਮੌਤ ਹੋ ਗਈ। ਹੇਲੇਨਾ ਨੇ ਵਿਆਹ ਦੇ ਚਾਰ ਮਹੀਨਿਆਂ ਬਾਅਦ ਹੀ ਮਿਥੁਨ ਨੂੰ ਤਲਾਕ ਦੇ ਦਿੱਤਾ ਸੀ। ਮਿਥੁਨ ਨੇ ਬਾਅਦ ਵਿਚ ਅਦਾਕਾਰਾ ਯੋਗੀਤਾ ਬਾਲੀ ਨਾਲ ਵਿਆਹ ਕਰਵਾ ਲਿਆ ਸੀ।

# ਕੈਨੇਡਾ ਦੇ ਮੰਦਰ ਦੇ ਬਾਹਰ ਪ੍ਰਦਰਸ਼ਨ 'ਚ ਹਿੱਸਾ ਲੈਣ ਤੋਂ ਬਾਅਦ ਪੀਲ ਪੁਲਿਸ ਅਧਿਕਾਰੀ ਮੁਅੱਤਲ

**ਬਰੈਂਪਟਨ, (ਪੰਜਾਬ ਮੇਲ)-** ਬਰੈਂਪਟਨ ਵਿਚ ਹਿੰਦੂ ਸਭਾ ਮੰਦਰ ਵਿਚ ਐਤਵਾਰ ਨੂੰ ਹੋਏ ਪ੍ਰਦਰਸ਼ਨ ਦੇ ਵੀਡੀਓ ਵਿਚ ਪਛਾਣ ਹੋਣ ਤੋਂ ਬਾਅਦ ਇਕ ਪੀਲ ਖੇਤਰੀ ਪੁਲਿਸ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਸੀ.ਬੀ.ਸੀ. ਨਿਊਜ਼ ਨੇ ਇਹ ਰਿਪੋਰਟ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮੁਅੱਤਲ ਕੀਤਾ ਗਿਆ ਅਧਿਕਾਰੀ ਸਾਰਜੈਂਟ ਹਰਿੰਦਰ ਸਿੰਘ ਸੋਹੀ ਹੈ, ਜੋ ਫੋਰਸ ਦਾ 18 ਸਾਲ ਦਾ ਸਾਬਕਾ ਫੌਜੀ ਹੈ। ਮੁਅੱਤਲੀ ਤੋਂ ਬਾਅਦ ਸਾਰਜੈਂਟ ਸੋਹੀ ਨੂੰ ਸੋਸ਼ਲ ਮੀਡੀਆ 'ਤੇ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ।

ਸੋਹੀ 'ਤੇ ਫਿਲਹਾਲ ਕੋਈ ਗਲਤ ਕੰਮ ਕਰਨ ਦੇ ਦੋਸ਼ ਨਹੀਂ ਹਨ। ਪੀਲ ਪੁਲਿਸ ਦੇ ਬੁਲਾਰੇ ਰਿਚਰਡ ਚਿਨ ਨੇ ਕਿਹਾ ਕਿ ਉਹ ਸੋਸ਼ਲ ਮੀਡੀਆ 'ਤੇ ਘੁੰਮ ਰਹੇ ਵੀਡੀਓ ਤੋਂ ਜਾਣੂ ਹਨ, ਜਿਸ ਵਿਚ ਉਨ੍ਹਾਂ ਦੇ ਇੱਕ ਆਫ-ਡਿਊਟੀ ਅਧਿਕਾਰੀ ਨੂੰ ਪ੍ਰਦਰਸ਼ਨ ਵਿਚ ਹਿੱਸਾ ਲੈਂਦੇ ਹੋਏ ਦਿਖਾਇਆ ਗਿਆ ਹੈ। ਸੀ.ਬੀ.ਸੀ. ਨਿਊਜ਼ ਦੇ ਅਨੁਸਾਰ ਚਿਨ ਨੇ ਕਿਹਾ ਇਸ ਅਧਿਕਾਰੀ ਨੂੰ ਕਮਿਊਨਿਟੀ ਸੇਫਟੀ ਐਂਡ ਪੁਲੀਸਿੰਗ ਐਕਟ ਦੇ ਅਨੁਸਾਰ ਮੁਅੱਤਲ ਕਰ ਦਿੱਤਾ ਗਿਆ ਹੈ। ਅਸੀਂ ਪੂਰੀ ਤਰ੍ਹਾਂ ਨਾਲ ਦਰਸਾਏ ਗਏ



ਹਾਲਾਤਾਂ ਦੀ ਜਾਂਚ ਕਰ ਰਹੇ ਹਾਂ। ਵੀਡੀਓ ਅਤੇ ਹੋਰ ਜਾਣਕਾਰੀ ਪ੍ਰਦਾਨ ਕਰਨ ਵਿਚ ਅਸਮਰੱਥ ਹਨ, ਜਦੋਂ ਤੱਕ ਇਹ ਜਾਂਚ ਪੂਰੀ ਨਹੀਂ ਹੋ ਜਾਂਦੀ।

ਇਸ ਦੌਰਾਨ ਪੀਲ ਰੀਜਨਲ ਪੁਲਿਸ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਅਧਿਕਾਰੀਆਂ ਨੂੰ ਤਾਇਨਾਤ ਕਰਕੇ 'ਸ਼ਾਂਤਮਈ ਅਤੇ ਕਾਨੂੰਨੀ' ਯੋਜਨਾਬੱਧ ਵਿਰੋਧ ਪ੍ਰਦਰਸ਼ਨਾਂ ਨੂੰ ਯਕੀਨੀ ਬਣਾਉਣ ਲਈ ਉਪਾਅ ਕਰ ਰਹੇ ਹਨ। ਐਕਸ 'ਤੇ ਇੱਕ ਪੋਸਟ ਸ਼ੇਅਰ ਕਰਦੇ ਹੋਏ ਪੀਲ ਰੀਜਨਲ ਪੁਲਿਸ ਨੇ ਲਿਖਿਆ, "ਅਧਿਕਾਰੀਆਂ ਨੂੰ ਯੋਜਨਾਬੱਧ ਪ੍ਰਦਰਸ਼ਨਾਂ 'ਤੇ ਸ਼ਾਂਤੀ ਅਤੇ ਕਾਨੂੰਨ ਨੂੰ ਯਕੀਨੀ ਬਣਾਉਣ ਲਈ ਤਾਇਨਾਤ ਕੀਤਾ ਜਾਵੇਗਾ। ਸਾਡੇ ਭਾਈਚਾਰੇ ਵਿਚ ਹਿੰਸਾ ਅਤੇ ਹੋਰ ਅਪਰਾਧਿਕ ਕਾਰਵਾਈਆਂ ਦੀ ਕੋਈ ਥਾਂ ਨਹੀਂ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਅਮਰੀਕੀ ਪਾਬੰਦੀਆਂ ’ਤੇ ਵਿਦੇਸ਼ ਮੰਤਰਾਲੇ ਨੇ ਕਿਹਾ; ਭਾਰਤੀ ਕੰਪਨੀਆਂ ਨਹੀਂ ਕਰ ਰਹੀਆਂ ਕਾਨੂੰਨ ਦੀ ਉਲੰਘਣਾ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਨੇ ਅਮਰੀਕਾ ਵੱਲੋਂ ਭਾਰਤ ਦੀਆਂ 19 ਕੰਪਨੀਆਂ ’ਤੇ ਰੂਸ ਨੂੰ ਪਾਬੰਦੀਸ਼ੁਦਾ ਸਮੱਗਰੀ ਨਿਰਯਾਤ ਕਰਨ ਦੇ ਦੋਸ਼ ਵਿਚ ਪਾਬੰਦੀ ਲਗਾਏ ਜਾਣ ’ਤੇ ਅੱਜ ਸਪਸ਼ਟ ਕੀਤਾ ਕਿ ਭਾਰਤੀ ਕੰਪਨੀਆਂ ਨੇ ਕਿਸੇ ਕਾਨੂੰਨ ਦੀ ਉਲੰਘਣਾਂ ਨਹੀਂ ਕੀਤੀ ਹੈ ਅਤੇ ਭਾਰਤੀ ਅਧਿਕਾਰੀ ਇਸ ਮੁੱਦੇ ’ਤੇ ਅਮਰੀਕੀ ਅਧਿਕਾਰੀਆਂ ਨਾਲ ਗੱਲ ਕਰ ਰਹੇ ਹਨ।

ਵਿਦੇਸ਼ ਮੰਤਰਾਲਾ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਹਫਤਾਵਾਰੀ ਪ੍ਰੈਸ ਕਾਨਫਰੰਸ ਦੌਰਾਨ ਭਾਰਤੀ ਕੰਪਨੀਆਂ ’ਤੇ ਅਮਰੀਕੀ ਪਾਬੰਦੀਆਂ ਦੇ ਬਾਰੇ ਵਿਚ ਪੁੱਛੇ ਜਾਣ ’ਤੇ ਕਿਹਾ, “ਅਸੀਂ ਅਮਰੀਕੀ ਪਾਬੰਦੀਆਂ ਨੂੰ ਲੈ ਕੇ ਰਿਪੋਰਟ ਦੇਖੀ ਹੈ। ਭਾਰਤ ਕੋਲ ਰਣਨੀਤਕ ਵਪਾਰ ਅਤੇ ਗੈਰ-ਪ੍ਰਸਾਰ ਨਿਯੰਤਰਣ ’ਤੇ ਇੱਕ “ਮਜ਼ਬੂਤ ਕਾਨੂੰਨੀ ਅਤੇ ਰੈਗੂਲੇਟਰੀ ਢਾਂਚਾ” ਹੈ। ਅਸੀਂ ਤਿੰਨ ਪ੍ਰਮੁੱਖ ਬਹੁਪੱਖੀ ਗੈਰ-ਪ੍ਰਸਾਰ ਨਿਰਯਾਤ ਨਿਯੰਤਰਣ ਪ੍ਰਣਾਲੀਆਂ- ਵਾਸੇਨਾਰ ਵਿਵਸਥਾ, ਆਸਟ੍ਰੇਲੀਆ ਸਮੂਹ ਅਤੇ ਮਿਜ਼ਾਈਲ ਤਕਨਾਲੋਜੀ ਕੰਟਰੋਲ ਪ੍ਰਣਾਲੀ ਦੇ ਵੀ ਮੈਂਬਰ ਵੀ ਹਾਂ। ਅਸੀਂ ਗੈਰ-ਪ੍ਰਸਾਰ ’ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀਆਂ ਪਾਬੰਦੀਆਂ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੇ ਪ੍ਰਸਤਾਵ ਸੰਖਿਆ 1540 ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰ ਰਹੇ ਹਾਂ।” ਜਾਇਵਾਲ ਨੇ ਕਿਹਾ, “ਸਾਡੀ ਸਮਝ ਇਹ ਹੈ ਕਿ ਪ੍ਰਵਾਨਿਤ ਲੈਣ-ਦੇਣ ਅਤੇ ਕੰਪਨੀਆਂ ਭਾਰਤੀ ਕਾਨੂੰਨਾਂ ਦੀ ਉਲੰਘਣਾ ਨਹੀਂ ਕਰ ਰਹੀਆਂ ਹਨ। ਫਿਰ ਵੀ, ਭਾਰਤ ਦੇ ਸਥਾਪਿਤ ਗੈਰ-ਪ੍ਰਸਾਰ ਪ੍ਰਮਾਣ ਪੱਤਰ ਨੂੰ ਧਿਆਨ ਵਿਚ ਰੱਖਦੇ ਹੋਏ, ਅਸੀਂ ਲਾਗੂ ਨਿਰਯਾਤ ਨਿਯੰਤਰਣ ਪ੍ਰਬੰਧਾਂ ’ਤੇ ਭਾਰਤੀ ਕੰਪਨੀਆਂ ਨੂੰ ਸੰਵੇਦਨਸ਼ੀਲ ਬਣਾਉਣ ਲਈ ਸਾਰੇ ਸਬੰਧਤ ਭਾਰਤੀ ਵਿਭਾਗਾਂ ਅਤੇ ਏਜੰਸੀਆਂ ਨਾਲ ਕੰਮ ਕਰ ਰਹੇ ਹਾਂ। ਇਸ ਦੇ ਨਾਲ, ਅਸੀਂ ਉਨ੍ਹਾਂ ਨੂੰ ਲਾਗੂ ਕੀਤੇ ਜਾ ਰਹੇ ਨਵੇਂ ਉਪਾਵਾਂ ਬਾਰੇ ਵੀ ਜਾਣਕਾਰੀ ਦੇ ਰਹੇ ਹਾਂ ਜੋ ਕੁਝ ਖਾਸ ਹਾਲਾਤਾਂ ਵਿੱਚ ਭਾਰਤੀ ਕੰਪਨੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

# ਕੈਨੇਡਾ’ ’ਚ ਪਿੱਜਾ ਕਾਰਨ ਚਮਕੀ ਭਾਰਤੀ ਔਰਤ ਦੀ ਕਿਸਮਤ; ਜਿੱਤਿਆ 3 ਲੱਖ ਡਾਲਰ ਦਾ ਜੈਕਪਾਟ

**ਟੋਰਾਂਟੋ, (ਰਾਜ ਗੋਗਨਾ/ਪੰਜਾਬ ਮੇਲ)-** ਕੈਨੇਡਾ ’ਚ ਪਿੱਜ਼ਾ ਦਾ ਇੰਤਜ਼ਾਰ ਕਰਨ ਵਾਲੀ ਗੁਜਰਾਤੀ-ਭਾਰਤੀ ਔਰਤ ਦੀ ਜ਼ਿੰਦਗੀ ਅਚਾਨਕ ਬਦਲ ਗਈ। ਰੇਣੂਕਾ ਪਟੇਲ ਦੀ ਕਿਸਮਤ ਪਲਟੀ ਅਤੇ ਉਸ ਨੇ 3 ਲੱਖ ਡਾਲਰ ਜਿੱਤ ਲਏ। ਰੇਣੂਕਾ ਪਟੇਲ ਨਾਮੀਂ ਇਸ ਔਰਤ ਦੀ ਪਿੱਜ਼ਾ ਖਾਣ ਦੀ ਇੱਛਾ ਸੀ। ਉਸ ਨੇ ਇੱਕ ਪਿੱਜ਼ਾ ਸਟੋਰ ’ਤੇ ਇਸ ਲਈ ਆਰਡਰ ਕੀਤਾ। ਪਿੱਜ਼ਾ ਤਿਆਰ ਹੋਣ ਵਿਚ ਸਮਾਂ ਲੱਗਣ ’ਤੇ ਰੇਣੂਕਾ ਪਟੇਲ ਨੇ ਜਾਰਜ ਕਨਵੀਨੈਂਸ ਸਟੋਰ, ਮੈਕੇਂਜੀ ਡਰਾਈਵ ਵੈਸਟ, ਵੁੱਡਬ੍ਰਿਜ, ਕੈਨੇਡਾ ਤੋਂ ਲਾਟਰੀ ਦੀ ਟਿਕਟ ਖਰੀਦੀ। ਉਹ ਆਪਣਾ ਟਾਈਮ ਪਾਸ ਕਰਨ ਲਈ ਇੰਸਟੈਂਟ ਕੈਸ਼ ਸਟੈਸ਼ ਖੇਡਣ ਦੀ ਯੋਜਨਾ ਬਣਾ ਰਹੀ ਸੀ ਕਿਉਂਕਿ ਉਸ ਨੇ ਪਿੱਜ਼ਾ ਆਰਡਰ ਕੀਤਾ ਸੀ। ਇਸ ਸਮੇਂ ਉਸ ਨੇ ਆਪਣੀ ਕਿਸਮਤ ਅਜ਼ਮਾਈ ਅਤੇ ਅੱਖ ਝਪਕਦਿਆਂ




ਹੀ ਵੱਡੀ ਰਕਮ ਜਿੱਤ ਲਈ ਜੋ 3 ਲੱਖ ਡਾਲਰ ਦਾ ਜੈਕਪਾਟ ਸੀ। ਜਿੱਤਣ ਤੋਂ ਬਾਅਦ ਉਹ ਕਾਫੀ ਉਤਸ਼ਾਹਿਤ ਵੀ ਸੀ।

# ਅਮਰੀਕਾ-ਮੈਕਸੀਕੋ ਬਾਰਡਰ ’ਤੇ ਲਗਭਗ 200 ਵਿਛੜੇ ਪਰਿਵਾਰ ਮਿਲਣ ਲਈ ਪਹੁੰਚੇ

**ਸਿਉਡਾਡ ਜੁਆਰੇਜ਼, (ਪੰਜਾਬ ਮੇਲ)-** ਲਗਭਗ 200 ਪਰਿਵਾਰ ਸ਼ਨੀਵਾਰ ਨੂੰ ਅਮਰੀਕਾ-ਮੈਕਸੀਕੋ ਸਰਹੱਦ ਦੇ ਇੱਕ ਹਿੱਸੇ ਵਿਚ ਆਪਣੇ ਅਜ਼ੀਜ਼ਾਂ ਨਾਲ ਸੰਖੇਪ ਪੁਨਰ-ਮਿਲਨ ਲਈ ਇਕੱਠੇ ਹੋਏ। ਇਨ੍ਹਾਂ ਪਰਿਵਾਰਾਂ ਨੇ ਆਪਣੇ ਅਜ਼ੀਜ਼ਾਂ ਨੂੰ ਕਈ ਸਾਲਾਂ ਤੋਂ ਨਹੀਂ ਦੇਖਿਆ ਸੀ ਕਿਉਂਕਿ ਉਹ ਉਲਟ ਦੇਸ਼ਾਂ ਵਿਚ ਰਹਿੰਦੇ ਹਨ। ਜਦੋਂ ਮੈਕਸੀਕਨ ਪਰਿਵਾਰਾਂ ਨੂੰ ਅਮਰੀਕਾ ਵਿਚ ਪ੍ਰਵਾਸ ਕਰਨ ਵਾਲੇ ਰਿਸ਼ਤੇਦਾਰਾਂ ਨਾਲ ਸਰਹੱਦ ’ਤੇ ਕੁਝ ਮਿੰਟਾਂ ਲਈ ਦੁਬਾਰਾ ਮਿਲਣ ਦੀ ਇਜਾਜ਼ਤ ਦਿੱਤੀ ਗਈ, ਤਾਂ ਗਲੇ ਮਿਲਣ ਦੌਰਾਨ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਆ ਗਏ। ਬਾਲਗ ਅਤੇ ਬੱਚੇ ਆਪਣੇ ਅਜ਼ੀਜ਼ਾਂ ਨਾਲ ਮਿਲਣ ਲਈ ਰੀਓ ਗ੍ਰਾਂਡੇ ਪਾਰ ਕਰ ਗਏ।



ਇਸ ਸਾਲ ਪ੍ਰਵਾਸੀ ਅਧਿਕਾਰਾਂ ਦੀ ਵਕਾਲਤ ਕਰਨ ਵਾਲੇ ਸਮੂਹ ਦੁਆਰਾ ਆਯੋਜਿਤ ਸਾਲਾਨਾ ਸਮਾਗਮ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਹੋਇਆ, ਜਿਸ ਦੀਆਂ ਮਹੀਨਿਆਂ ਤੱਕ ਚੱਲਣ ਵਾਲੀਆਂ ਮੁਹਿੰਮਾਂ ਨੇ ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ ’ਤੇ ਬਹੁਤ ਜ਼ਿਆਦਾ ਧਿਆਨ ਦਿੱਤਾ ਹੈ। ਨੈੱਟਵਰਕ ਇਨ ਡਿਫੈਂਸ ਆਫ ਦਿ ਰਾਈਟਸ ਆਫ ਮਾਈਗ੍ਰੈਂਟਸ ਦੇ ਅਨੁਸਾਰ ਇਹ ਮੇਲ ਵਧੀ ਹੋਈ ਸੁਰੱਖਿਆ ਤਹਿਤ ਵਿਚਕਾਰ ਹੋਇਆ। ਸੰਗਠਨ ਦੇ ਡਾਇਰੈਕਟਰ ਫਰਨਾਂਡੋ ਗਾਰਸੀਆ ਨੇ ਕਿਹਾ, “ਸਾਡੇ ਕੋਲ ਕੰਡਿਆਲੀ ਤਾਰ ਨਹੀਂ ਸੀ, ਸਾਡੇ ਕੋਲ ਵੱਡੀ ਗਿਣਤੀ ਵਿਚ ਸਿਪਾਹੀ ਨਹੀਂ ਸਨ।” ਗਾਰਸੀਆ ਮੁਤਾਬਕ, ‘ਕੰਡੇਦਾਰ ਤਾਰ ਨੂੰ ਖੋਲ੍ਹਣਾ ਪਿਆ, ਤਾਂ ਜੋ ਪਰਿਵਾਰ ਇਹ ਸਮਾਗਮ ਕਰ ਸਕਣ।’ ਗਾਰਸੀਆ ਨੇ ਕਿਹਾ ਕਿ ਉਸ ਨੂੰ ਉਮੀਦ ਹੈ ਕਿ ਚੋਣ ਭਾਵੇਂ ਕੋਈ ਵੀ ਜਿੱਤੇ ਪਰ ਅਮਰੀਕਾ ਵਿਚ ਪਰਵਾਸ ਜਾਰੀ ਰਹੇਗਾ। ਉਸ ਨੇ ਕਿਹਾ ਕਿ ਪਰਿਵਾਰਕ ਪੁਨਰ-ਮਿਲਨ ਵੀ ਜਾਰੀ ਰਹੇਗਾ। ਸਮਾਗਮ ਤੋਂ ਪਹਿਲਾਂ ਉਸ ਨੇ ਪੱਤਰਕਾਰਾਂ ਨੂੰ ਦੱਸਿਆ, “ਡਿਪੋਰਟੇਸ਼ਨ ਨੀਤੀ, ਸਰਹੱਦੀ ਨੀਤੀ, ਇਮੀਗ੍ਰੇਸ਼ਨ ਨੀਤੀ ਪਰਿਵਾਰਾਂ ਨੂੰ ਅਸਾਧਾਰਨ ਤਰੀਕੇ ਨਾਲ ਵੱਖ ਕਰ ਰਹੀ ਹੈ ਅਤੇ ਇਨ੍ਹਾਂ ਪਰਿਵਾਰਾਂ ਨੂੰ ਡੂੰਘਾ ਪ੍ਰਭਾਵਤ ਕਰ ਰਹੀ ਹੈ।”

# ਸੁਨੀਤਾ ਵਿਲੀਅਮਜ਼ ਦੀ ਪੁਲਾੜ ਗੱਡੀ ਨੇ ਬਦਲੀ ਆਪਣੀ ਜਗ੍ਹਾ



**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ ਮੂਲ ਦੀ ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਉਨ੍ਹਾਂ ਦੇ ਸਾਥੀ ਪੁਲਾੜ ਯਾਤਰੀ ਬੁਚ ਵਿਲਮੋਰ ਪੁਲਾੜ ਵਿਚ ਹਨ। ਇਹ ਪੁਲਾੜ ਯਾਤਰੀ ਇਸ ਸਮੇਂ ਸਪੇਸਐਕਸ ਕਰੂ-9 ਪੁਲਾੜ ਗੱਡੀ ’ਚ ਸਵਾਰ ਹਨ, ਜੋ ਕਿ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਆਈ.ਐੱਸ.ਐੱਸ.) ’ਤੇ ਡਾਕ ਹੈ। ਹਾਲ ਹੀ ਵਿਚ ਇਸ ਪੁਲਾੜ ਗੱਡੀ ਨੇ ਆਪਣੀ ਜਗ੍ਹਾ ਬਦਲੀ ਹੈ ਅਤੇ ਪੁਲਾੜ ਸਟੇਸ਼ਨ ਦੀ ਦੂਜੀ ਬੰਦਰਗਾਹ ’ਤੇ ਖੁਦ ਨੂੰ ਸਥਾਪਿਤ ਕਰ ਲਿਆ ਹੈ। ਦਰਅਸਲ, ਜਿੱਥੇ ਕਰੂ-9 ਪੁਲਾੜ ਗੱਡੀ ਸੀ, ਉੱਥੇ ਇਕ ਨਵੀਂ ਕਾਰਗੋ ਸਪਲਾਈ ਪੁਲਾੜ ਗੱਡੀ ਆਉਣ ਵਾਲੀ ਹੈ ਅਤੇ ਇਸ ਕਾਰਨ ਕਰੂ-9 ਨੂੰ ਨਵੀਂ ਜਗ੍ਹਾ ’ਤੇ ਜਾਣਾ ਪਿਆ।



# ਪੰਜਾਬ 'ਚ ਚਾਰ ਸੀਟਾਂ ਦੀਆਂ ਜ਼ਿਮਨੀ ਚੋਣਾਂ ਦੇ ਵੋਟਰਾਂ ਨੂੰ ਲੱਗੀਆਂ ਮੌਜਾਂ!

- ਚੋਣ ਖੇਤਰਾਂ 'ਚ ਡੀ.ਏ.ਪੀ. ਦੀ ਘਾਟ ਨਹੀਂ; ਬਾਕੀ ਖੇਤਰਾਂ ਦੇ ਕਿਸਾਨ ਡੀ.ਏ.ਪੀ. ਨੂੰ ਤਰਸੇ
- ਕਿਸਾਨਾਂ ਖ਼ਿਲਾਫ਼ ਨਹੀਂ ਕੀਤੀ ਜਾ ਰਹੀ ਸਖਤੀ




ਡੀ.ਏ.ਪੀ. ਨਾ ਮਿਲਣ ਕਾਰਨ ਪਿੰਡ ਭੈਣੀਬਾਘਾ ਦੀ ਸਹਿਕਾਰੀ ਸੁਸਾਇਟੀ ਵਿਚ ਪਸਰੀ ਸੁੰਨ।

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ 'ਚ ਜਿਨ੍ਹਾਂ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣ ਹੋ ਰਹੀ ਹੈ, ਉਨ੍ਹਾਂ ਦੇ ਵੋਟਰਾਂ ਨੂੰ ਮੌਜਾਂ ਹੀ ਮੌਜਾਂ ਹਨ। ਸਮੁੱਚੇ ਪੰਜਾਬ 'ਚ ਡੀ.ਏ.ਪੀ. ਖਾਦ ਦਾ ਸੰਕਟ ਹੈ ਪ੍ਰੰਤੂ ਜ਼ਿਮਨੀ ਚੋਣਾਂ ਵਾਲੇ ਹਲਕਿਆਂ 'ਚ ਇਹ ਕਮੀ ਘੱਟ ਰੜਕ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਮਾਲੇਰਕੋਟਲਾ ਦੀ ਹੈ, ਜਿੱਥੇ ਕਿਸਾਨਾਂ ਨੇ ਡੀ.ਏ.ਪੀ. ਖਾਦ ਦੇ ਰੇਲ ਰੈਕ ਦਾ ਘਿਰਾਓ ਕਰ ਦਿੱਤਾ। ਇਸ ਦੌਰਾਨ ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਕਾਰਕੁਨਾਂ ਨੇ 34,164 ਬੋਰੀਆਂ ਦੀ ਭਰੀ ਰੇਲ ਗੱਡੀ ਨੂੰ ਮਾਲੇਰਕੋਟਲਾ ਵਿਚ ਰੋਕ ਲਿਆ। ਇਸ ਰੈਕ ਵਿਚ 75 ਫ਼ੀਸਦੀ ਖਾਦ ਮਾਲੇਰਕੋਟਲਾ ਲਈ ਅਤੇ 25 ਫ਼ੀਸਦੀ ਜ਼ਿਲ੍ਹਾ ਬਰਨਾਲਾ ਲਈ ਸੀ। ਕਿਸਾਨਾਂ ਦਾ ਇਲਜ਼ਾਮ ਸੀ ਕਿ ਖਾਦ ਦੀ ਵੰਡ ਵਿਚ ਫੇਰਬਦਲ ਕਰਕੇ ਜ਼ਿਆਦਾ ਖਾਦ ਜ਼ਿਲ੍ਹਾ ਬਰਨਾਲਾ ਵਿਚ ਭੇਜੀ ਜਾ ਰਹੀ ਸੀ ਕਿਉਂਕਿ ਬਰਨਾਲਾ 'ਚ ਜ਼ਿਮਨੀ ਚੋਣ ਹੋ ਰਹੀ ਹੈ। ਬੀ.ਕੇ.ਯੂ. ਉਗਰਾਹਾਂ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਦਾ ਕਹਿਣਾ ਸੀ ਕਿ ਖਾਦ ਦੀ ਵੰਡ 'ਚ ਫੇਰਬਦਲ ਦੇ ਰੋਸ ਵਿਚ ਕਿਸਾਨਾਂ ਨੇ ਤਿੰਨ ਘੰਟੇ ਪ੍ਰਦਰਸ਼ਨ ਕੀਤਾ। ਰੌਲਾ ਪੈਣ ਮਗਰੋਂ ਜ਼ਿਲ੍ਹਾ ਪ੍ਰਸ਼ਾਸਨ ਨੇ ਦਖਲ ਦਿੱਤਾ, ਜਿਸ ਪਿੱਛੋਂ 10,500 ਬੋਰੀਆਂ ਮਾਲੇਰਕੋਟਲਾ ਅਤੇ 10,000 ਬੋਰੀਆਂ ਬਰਨਾਲਾ ਭੇਜਣ ਦਾ ਫ਼ੈਸਲਾ ਹੋਇਆ। ਜਦਕਿ 13,664 ਬੋਰੀਆਂ ਪ੍ਰਾਈਵੇਟ ਬਾਕੀ ਅੱਠ ਹਜ਼ਾਰ ਬੋਰੀ ਪ੍ਰਾਈਵੇਟ ਡੀਲਰਾਂ ਨੂੰ ਦਿੱਤੀ ਗਈ ਹੈ। ਮਾਲੇਰਕੋਟਲਾ ਦੀ ਡਿਪਟੀ ਕਮਿਸ਼ਨਰ ਪੱਲਵੀ ਦਾ ਕਹਿਣਾ ਸੀ ਕਿ ਹਰ ਜ਼ਿਲ੍ਹੇ ਦੀ ਲੋੜ ਦੇ ਆਧਾਰ 'ਤੇ ਖਾਦਾਂ ਦੀ ਵੰਡ ਵਿਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਹਨ। ਮਾਰਕਫੈੱਡ ਦੇ ਐੱਮ.ਡੀ. ਗਿਰੀਸ਼ ਦਿਆਲਨ ਦਾ ਕਹਿਣਾ ਸੀ ਕਿ ਉਹ ਦੇਖਣਗੇ ਕਿ ਇਸ ਮਾਮਲੇ 'ਚ ਕਿੰਨੀ ਖਾਦ ਕਿਸ ਜ਼ਿਲ੍ਹੇ ਨੂੰ ਪਹਿਲਾਂ ਐਲੋਕੇਟ ਕੀਤੀ ਗਈ ਸੀ। ਜਾਣਕਾਰੀ ਅਨੁਸਾਰ ਮਾਨਸਾ ਜ਼ਿਲ੍ਹੇ 'ਚ ਦੀਵਾਲੀ ਤੋਂ ਪਹਿਲਾ ਰੈਕ ਲੱਗਿਆ ਸੀ, ਜਿਸ ਵਿਚੋਂ 14 ਹਜ਼ਾਰ ਬੋਰੀਆਂ ਜ਼ਿਲ੍ਹਾ ਮਾਨਸਾ ਨੂੰ ਅਤੇ 10 ਹਜ਼ਾਰ ਬੋਰੀਆਂ ਜ਼ਿਲ੍ਹਾ ਬਰਨਾਲਾ ਨੂੰ ਭੇਜੀਆਂ ਗਈਆਂ ਸਨ। ਦੱਸਣਯੋਗ ਹੈ ਕਿ ਡੀ.ਏ.ਪੀ. ਭਾਰਤ ਸਰਕਾਰ ਵੱਲੋਂ ਭੇਜੀ ਜਾਂਦੀ ਹੈ ਪਰ ਸੂਬਾ ਸਰਕਾਰ ਵੱਲੋਂ ਇਸ ਦੀ ਜ਼ਿਲ੍ਹਾਵਾਰ ਅਲਾਟਮੈਂਟ ਮਾਰਕਫੈੱਡ ਰਾਹੀਂ ਕੀਤੀ ਜਾਂਦੀ ਹੈ। ਕਿਸਾਨ ਆਗੂ ਕੋਕਰੀ ਕਲਾਂ ਨੇ ਇਲਜ਼ਾਮ ਲਾਇਆ ਕਿ ਸੱਤਾਧਾਰੀ ਧਿਰ ਵੱਲੋਂ ਗੁਪਤ ਤਰੀਕੇ ਨਾਲ ਖਾਦ ਚੋਣਾਂ ਵਾਲੇ ਹਲਕਿਆਂ ਵਿਚ ਭੇਜੀ ਜਾ ਰਹੀ ਸੀ ਤਾਂ ਕਿ ਦਿਹਾਤੀ ਵੋਟਰਾਂ ਨੂੰ ਖ਼ੁਸ਼ ਕੀਤਾ ਜਾ ਸਕੇ। ਦੱਸਣਯੋਗ ਹੈ ਕਿ ਸੂਬਾ ਸਰਕਾਰ ਨੇ ਜ਼ਿਮਨੀ ਚੋਣਾਂ ਦੇ ਐਲਾਨ ਤੋਂ ਪਹਿਲਾਂ ਇਨ੍ਹਾਂ ਹਲਕਿਆਂ ਨੂੰ ਵਿਸ਼ੇਸ਼ ਤੌਰ 'ਤੇ ਵਿਕਾਸ ਕੰਮਾਂ ਲਈ ਫ਼ੰਡ ਜਾਰੀ ਕੀਤੇ ਸਨ। ਪੰਜਾਬ ਵਿਚ ਗਿੱਦੜਬਾਹਾ ਸੀਟ 'ਤੇ ਸਖ਼ਤ ਟੱਕਰ ਬਣੀ ਹੋਈ ਹੈ, ਜਿੱਥੇ ਕੁੱਲ 1.66 ਲੱਖ ਵੋਟਰ ਹਨ, ਜਿਨ੍ਹਾਂ ਵਿਚੋਂ 1.22 ਲੱਖ ਪੇਂਡੂ ਵੋਟਰ ਹਨ। ਇਸ ਤਰ੍ਹਾਂ ਬਰਨਾਲਾ ਹਲਕੇ ਦੇ ਕੁੱਲ 1.80 ਲੱਖ ਵੋਟਰਾਂ ਵਿਚੋਂ 92 ਹਜ਼ਾਰ ਵੋਟਰ ਪੇਂਡੂ ਹਨ। ਡੇਰਾ ਬਾਬਾ ਨਾਨਕ ਹਲਕੇ ਦੇ 1.95 ਲੱਖ ਵੋਟਰਾਂ ਵਿਚੋਂ 1.85 ਲੱਖ ਦਿਹਾਤੀ ਵੋਟਰ ਹਨ। ਇਸ ਹਲਕੇ ਵਿਚ 279 ਪਿੰਡ ਪੈਂਦੇ ਹਨ। ਹਲਕਾ ਚੱਬੇਵਾਲ ਵਿਚ 1.56 ਲੱਖ ਵੋਟਰ ਹਨ, ਜਿਨ੍ਹਾਂ ਵਿਚੋਂ ਜ਼ਿਆਦਾ ਪੇਂਡੂ ਵੋਟਰ ਹਨ।

ਜ਼ਿਮਨੀ ਚੋਣਾਂ ਵਾਲੇ ਜ਼ਿਲ੍ਹਿਆਂ ਵਿਚ ਪਰਾਲੀ ਪ੍ਰਦੂਸ਼ਣ ਵੀ ਘੱਟ ਨਜ਼ਰ ਆ ਰਿਹਾ ਹੈ। ਪੰਜਾਬ ਵਿਚ ਹੁਣ ਤੱਕ ਅੱਗ ਲੱਗਣ ਦੀਆਂ ਘਟਨਾਵਾਂ ਦੀ ਗਿਣਤੀ 4132 ਹੈ। ਦੂਸਰੇ ਜ਼ਿਲ੍ਹਿਆਂ ਦੇ ਕਿਸਾਨਾਂ 'ਤੇ ਜ਼ਿਆਦਾ ਸਖ਼ਤੀ ਹੈ, ਜਦੋਂਕਿ ਜ਼ਿਲ੍ਹਾ ਮੁਕਤਸਰ ਵਿਚ 12 ਪੁਲਿਸ ਕੇਸ ਅਤੇ 9 ਰੈੱਡ ਐਂਟਰੀਆਂ ਪਾਈਆਂ ਗਈਆਂ ਹਨ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਸਿਰਫ਼ ਤਿੰਨ ਪੁਲਿਸ ਕੇਸ ਅਤੇ ਚਾਰ ਐਂਟਰੀਆਂ ਪਾਈਆਂ ਹਨ।

## ਪੰਜਾਬ ਵਿਧਾਨ ਸਭਾ ਜ਼ਿਮਨੀ ਚੋਣਾਂ; 'ਪੁਰਾਣੀ ਦੁਸ਼ਮਣੀ ਭੁੱਲ, ਨਵੀਂ ਦੁਸ਼ਮਣੀ' ਨਿਭਾਉਣ ਲੱਗੇ ਰਵਨੀਤ ਬਿੱਟੂ



**ਲੁਧਿਆਣਾ, (ਪੰਜਾਬ ਮੇਲ)-** ਦੇਸ਼ 'ਚ ਨੇਤਾਵਾਂ ਦੇ ਪਾਰਟੀਆਂ ਬਦਲਣ ਦੀ ਜੋ ਰਿਵਾਇਤ ਚੱਲ ਰਹੀ ਹੈ, ਉਸ ਦੇ ਬਾਅਦ ਤੋਂ ਕਈ ਦਿਲਚਸਪ ਨਜ਼ਾਰੇ ਦੇਖਣ ਨੂੰ ਮਿਲ ਰਹੇ ਹਨ। ਇਸ ਨਾਲ ਜੁੜਿਆ ਮਾਮਲਾ ਪੰਜਾਬ ਦੀਆਂ 4 ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀ ਉਪ-ਚੋਣਾਂ ਦੌਰਾਨ ਵੀ ਸਾਹਮਣੇ ਆਇਆ ਹੈ, ਜਿਥੇ ਕੇਂਦਰੀ ਮੰਤਰੀ ਰਵਨੀਤ ਬਿੱਟੂ 'ਪੁਰਾਣੀ ਭੁੱਲ, ਨਵੀਂ ਦੁਸ਼ਮਣੀ' ਨਿਭਾਉਣ ਲਈ ਲਗਾਤਾਰ ਗਿੱਦੜਬਾਹਾ ਪੁੱਜ ਰਹੇ ਹਨ। ਜ਼ਿਕਰਯੋਗ ਹੈ ਕਿ ਕਾਂਗਰਸ 'ਚ ਰਹਿੰਦਿਆਂ ਬਿੱਟੂ ਲਗਾਤਾਰ ਮਨਪ੍ਰੀਤ ਬਾਦਲ ਨੂੰ ਪਾਰਟੀ 'ਚ ਸ਼ਾਮਲ ਕਰਨ ਤੋਂ ਲੈ ਕੇ ਮੰਤਰੀ ਬਣਾਉਣ ਦਾ ਖੁੱਲ੍ਹੇਆਮ ਵਿਰੋਧ ਕਰਦੇ ਰਹੇ ਹਨ। ਉਨ੍ਹਾਂ ਨੇ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਣ ਦੇ ਬਾਅਦ ਵੀ ਮਨਪ੍ਰੀਤ ਬਾਦਲ ਨੂੰ ਨਿਸ਼ਾਨਾ ਬਣਾਉਣ ਦਾ ਮੌਕਾ ਨਹੀਂ ਗਵਾਇਆ ਸੀ ਪਰ ਹੁਣ ਪੰਜਾਬ 'ਚ ਹੋਣ ਵਾਲੀਆਂ ਵਿਧਾਨ ਸਭਾ ਉੱਪ ਚੋਣਾਂ ਦੌਰਾਨ ਬਿੱਟੂ ਦਾ ਰਵੱਈਆ ਬਿਲਕੁਲ ਬਦਲ ਗਿਆ ਹੈ। ਉਹ ਮਨਪ੍ਰੀਤ ਬਾਦਲ ਦੇ ਨਾਮਜ਼ਦਗੀ ਦਾਖਲ ਕਰਵਾਉਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪ੍ਰਿਤਪਾਲ ਸ਼ਰਮਾ ਨੂੰ ਭਾਜਪਾ 'ਚ ਸ਼ਾਮਲ ਕਰਨ ਤੋਂ ਇਲਾਵਾ ਹੁਣ ਉਨ੍ਹਾਂ ਦੇ ਪ੍ਰਚਾਰ ਲਈ ਗਿੱਦੜਬਾਹਾ ਪੁੱਜ ਗਏ ਹਨ। ਬਿੱਟੂ ਦੇ ਇਸ ਬਦਲੇ ਹੋਏ ਰੂਪ 'ਚ ਕੁਨੈਕਸ਼ਨ ਲੁਧਿਆਣਾ ਨਾਲ ਜੁੜਿਆ ਹੋਇਆ ਹੈ ਕਿਉਂਕਿ ਯੂਥ ਕਾਂਗਰਸ ਦੀ ਚੋਣ ਦੇ ਸਮੇਂ ਤੋਂ ਹੀ ਬਿੱਟੂ ਅਤੇ ਰਾਜਾ ਵੜਿੰਗ ਦੇ ਵਿਚਕਾਰ 36 ਦਾ ਅੰਕੜਾ ਚੱਲ ਰਿਹਾ ਹੈ। ਹੁਣ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਗਿੱਦੜਬਾਹਾ ਤੋਂ ਚੋਣ ਲੜ ਰਹੇ ਹਨ, ਤਾਂ ਬਿੱਟੂ ਲਗਾਤਾਰ ਗਿੱਦੜਬਾਹਾ ਪੁੱਜ ਰਹੇ ਹਨ, ਜਿਸ ਨੂੰ ਲੈ ਕੇ ਸਿਆਸੀ ਗਲਿਆਰਿਆਂ 'ਚ ਖ਼ੂਬ ਚਰਚਾ ਹੋ ਰਹੀ ਹੈ।

# ਅਮਨ ਅਰੋੜਾ ਬਣਨਗੇ 'ਆਪ' ਪੰਜਾਬ ਦੇ ਨਵੇਂ ਪ੍ਰਧਾਨ!



**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਨੇ ਬੀਤੇ ਦਿਨੀਂ ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਦੇ ਅਹੁਦੇ ਨੂੰ ਛੱਡਣ ਦੀ ਇੱਛਾ ਜਤਾਈ ਸੀ। ਇਸ ਦੇ ਨਾਲ ਹੀ ਨਗਰ ਨਿਗਮ ਚੋਣਾਂ ਨੂੰ ਦੇਖਦੇ ਹੋਏ ਪਾਰਟੀ ਨੇ ਨਵੇਂ ਪ੍ਰਧਾਨ ਦੀ ਚੋਣ ਪ੍ਰਕਿਰਿਆ ਨੂੰ ਅੰਤਿਮ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਮੁੱਖ ਮੰਤਰੀ ਮਾਨ ਨੇ ਕਿਹਾ ਸੀ ਕਿ ਪਾਰਟੀ ਨੂੰ ਫੁਲ ਟਾਈਮ ਲਈ ਪ੍ਰਧਾਨ ਚਾਹੀਦਾ ਹੈ। ਪ੍ਰਧਾਨ ਅਜਿਹਾ ਹੋਣਾ ਚਾਹੀਦਾ ਹੈ, ਜੋ ਪਾਰਟੀ ਲਈ ਸਮਰਪਿਤ ਹੋਵੇ, ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰੇ ਅਤੇ ਪਾਰਟੀ ਦੇ ਆਗੂ ਵੀ ਉਸ ਨਾਲ ਸਹਿਮਤੀ ਰੱਖਦੇ ਹੋਣ।

ਦੱਸਿਆ ਜਾ ਰਿਹਾ ਹੈ ਕਿ ਇਨ੍ਹਾਂ ਸਾਰੀਆਂ ਗੱਲਾਂ ਨੂੰ ਮੁੱਖ ਰੱਖਦਿਆਂ ਪਾਰਟੀ ਨੇ ਸੀਨੀਅਰ ਆਗੂ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਪੰਜਾਬ ਦੇ ਪ੍ਰਧਾਨ ਅਹੁਦੇ ਦੀ ਜ਼ਿੰਮੇਵਾਰੀ ਸੌਂਪਣ ਦਾ ਫ਼ੈਸਲਾ ਲਿਆ ਹੈ। ਪਾਰਟੀ ਦਾ ਮੰਨਣਾ ਹੈ ਕਿ ਅਮਨ ਅਰੋੜਾ ਹਿੰਦੂ ਚਿਹਰਾ ਹਨ ਅਤੇ ਲੋਕਾਂ 'ਚ ਉਨ੍ਹਾਂ ਦੀ ਪਹੁੰਚ ਹੈ।

ਇਸ ਤੋਂ ਇਲਾਵਾ ਪਾਰਟੀ ਦੇ ਵਰਕਰਾਂ ਦਾ ਵੀ ਉਨ੍ਹਾਂ ਨੂੰ ਭਰਪੂਰ ਸਮਰਥਨ ਪ੍ਰਾਪਤ ਹੈ ਅਤੇ ਪਾਰਟੀ ਦੇ ਕਿਸੇ ਆਗੂ ਜਾਂ ਵਰਕਰ ਨਾਲ ਉਨ੍ਹਾਂ ਦਾ ਕਿਸੇ ਤਰ੍ਹਾਂ ਦਾ ਕੋਈ ਵਿਵਾਦ ਨਹੀਂ ਹੈ। ਅਮਨ ਅਰੋੜਾ ਵਿਰੋਧੀ ਧਿਰ ਦੇ ਸਵਾਲਾਂ ਦਾ ਵੀ ਮਜ਼ਬੂਤੀ ਨਾਲ ਜਵਾਬ ਦਿੰਦੇ ਹਨ, ਜਿਸ ਕਾਰਨ ਪਾਰਟੀ ਵਲੋਂ ਉਨ੍ਹਾਂ ਨੂੰ ਪੰਜਾਬ ਪ੍ਰਧਾਨ ਦੇ ਅਹੁਦੇ ਲਈ ਚੁਣਿਆ ਜਾ ਸਕਦਾ ਹੈ।

## ਵਿਧਾਨ ਸਭਾ ਸੀਟ ਗਿੱਦੜਬਾਹਾ 'ਤੇ ਪੂਰੇ ਪੰਜਾਬ ਦੀਆਂ ਨਜ਼ਰਾਂ

**ਲੁਧਿਆਣਾ, (ਪੰਜਾਬ ਮੇਲ)-** ਮਾਲਵੇ ਦੀ ਵਿਧਾਨ ਸਭਾ ਸੀਟ ਗਿੱਦੜਬਾਹਾ 'ਤੇ ਅੱਜ ਪੂਰੇ ਪੰਜਾਬ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ, ਕਿਉਂਕਿ ਇਸ ਸੀਟ 'ਤੇ ਕਾਂਗਰਸ ਦੇ ਸੂਬਾ ਪ੍ਰਧਾਨ ਰਾਜਾ ਵੜਿੰਗ ਦੀ ਪਤਨੀ ਬੀਬੀ ਅੰਮ੍ਰਿਤਾ ਵੜਿੰਗ ਮੈਦਾਨ ਵਿਚ ਹੈ ਤੇ ਉਨ੍ਹਾਂ ਦਾ ਮੁਕਾਬਲਾ ਅਕਾਲੀ ਦਲ ਨੂੰ ਛੱਡ ਕੇ 'ਆਪ' ਦੀ ਗੱਡੀ ਚੜ੍ਹੇ ਹਰਦੀਪ ਸਿੰਘ ਡਿੰਪੀ ਢਿੱਲੋਂ ਤੇ ਭਾਜਪਾ ਦੇ ਉਮੀਦਵਾਰ ਸਾਬਕਾ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਨਾਲ ਹੈ।

ਇਸ ਸੀਟ ਤੋਂ ਅਕਾਲੀ ਦਲ ਚੋਣ ਮੈਦਾਨ ਤੋਂ ਐਤਕੀਂ ਬਾਹਰ ਹੈ, ਜਦੋਂ ਕਿ ਇਹੀ ਅਕਾਲੀ ਦਲ ਇੱਥੋਂ 30 ਸਾਲ ਪਹਿਲਾਂ ਕਾਂਗਰਸ ਨਾਲ ਵੱਕਾਰ ਦਾ ਸਵਾਲ ਬਣਾ ਕੇ ਲੜਿਆ ਸੀ ਤੇ ਮਨਪ੍ਰੀਤ ਬਾਦਲ ਵਿਧਾਇਕ ਬਣੇ ਸਨ, ਤਾਂ ਜਾ ਕੇ ਉਥੇ ਅਕਾਲੀ ਦਲ ਦੇ ਪੈਰ ਲੱਗੇ ਸਨ। ਪਰ ਹੁਣ 30 ਸਾਲਾਂ ਬਾਅਦ ਅਕਾਲੀ ਦਲ ਦੇ ਵੋਟਰ ਤੇ ਸਪੋਰਟਰ ਕਿਸ ਦੀ ਮਦਦ ਕਰਨਗੇ ਜਾਂ ਕਰ ਰਹੇ ਹਨ, ਇਹ ਤਾਂ ਉਨ੍ਹਾਂ ਦੇ ਢਿੱਡ ਦੀ ਗੱਲ ਹੈ। ਇਸ ਹਲਕੇ ਤੋਂ ਪਹਿਲਾਂ ਮਨਪ੍ਰੀਤ ਬਾਦਲ ਤੇ ਫਿਰ ਹਰਦੀਪ ਸਿੰਘ ਡਿੰਪੀ ਢਿੱਲੋਂ ਅਕਾਲੀ ਦਲ ਦੀ ਟਿਕਟ 'ਤੇ ਚੋਣ ਲੜਨ ਲਈ ਝੋਲਾ ਚੁੱਕ ਚੁੱਕੇ ਹਨ ਪਰ ਇਸ ਵਾਰ ਇਨ੍ਹਾਂ ਦੋਵਾਂ ਨੇਤਾਵਾਂ ਨੇ ਅਕਾਲੀ ਦਲ ਛੱਡ ਕੇ ਇਕ ਨੇ ਭਾਜਪਾ ਤੇ ਦੂਜੇ ਨੇ 'ਆਪ' 'ਚ ਸ਼ਮੂਲੀਅਤ ਕਰ ਲਈ ਹੈ।




# ਗੁਰਦੁਆਰਾ ਕਰਤਾਰਪੁਰ ਲਾਂਘੇ ਲਈ ਪਹਿਲਾਂ ਵਾਂਗ ਜਾਰੀ ਰਹੇਗੀ 20 ਡਾਲਰ ਦੀ ਫੀਸ

**ਅੰਮ੍ਰਿਤਸਰ, (ਪੰਜਾਬ ਮੇਲ)-** ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਵੱਲੋਂ ਲਾਈ ਗਈ 20 ਅਮਰੀਕੀ ਡਾਲਰ ਦੀ ਫੀਸ ਭਾਰਤੀ ਯਾਤਰੀਆਂ ਲਈ ਪਹਿਲਾਂ ਵਾਂਗ ਹੀ ਜਾਰੀ ਰਹੇਗੀ। ਇਹ ਖੁਲਾਸਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਘੱਟ ਗਿਣਤੀਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕੀਤਾ। ਉਨ੍ਹਾਂ ਇਸ ਸਬੰਧ ਵਿਚ ਵੀਡੀਓ ਸੁਨੇਹਾ ਜਾਰੀ ਕੀਤਾ।

ਸੋਸ਼ਲ ਮੀਡੀਆ 'ਤੇ ਵਾਇਰਲ ਹੋਏ ਵੀਡੀਓ ਸੁਨੇਹੇ ਵਿਚ ਸ਼੍ਰੀ ਅਰੋੜਾ ਦੱਸ ਰਹੇ ਹਨ ਕਿ ਪਿਛਲੇ ਕੁਝ ਦਿਨਾਂ ਤੋਂ ਉਨ੍ਹਾਂ ਨੂੰ ਮੀਡੀਆ, ਭਾਰਤੀ ਸੰਗਤ ਤੇ ਹੋਰ ਦੇਸ਼ਾਂ ਤੋਂ ਸਿੱਖ ਸੰਗਤਾਂ ਦੇ ਫੋਨ ਆ ਰਹੇ ਹਨ। ਸਾਰਿਆਂ ਵੱਲੋਂ



ਗੁਰਦੁਆਰਾ ਕਰਤਾਰਪੁਰ ਲਾਂਘੇ ਦੀ 20 ਅਮਰੀਕੀ ਡਾਲਰ ਦੀ ਫੀਸ ਵਿਚ ਛੋਟ ਦੇਣ ਬਾਰੇ ਪੁੱਛਿਆ ਜਾ ਰਿਹਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਫੀਸ ਪਹਿਲਾਂ ਵਾਂਗ ਹੀ ਜਾਰੀ ਹੈ ਅਤੇ ਇਸ ਵਿੱਚ ਕਈ ਛੋਟ ਨਹੀਂ ਦਿੱਤੀ ਗਈ।

ਇਸ ਸਬੰਧੀ ਖੁਲਾਸਾ ਕਰਦਿਆਂ ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੇ ਗ੍ਰਹਿ ਮੰਤਰੀ ਵੱਲੋਂ ਕੁਝ ਦਿਨ ਪਹਿਲਾਂ

**■ 24 ਅਕਤੂਬਰ ਨੂੰ ਮੁੜ ਦੋਵਾਂ ਦੇਸ਼ਾਂ 'ਚ ਨਵਿਆਇਆ ਗਿਆ ਸਮਝੌਤਾ**

ਇਹ ਐਲਾਨ ਕੀਤਾ ਗਿਆ ਸੀ ਕਿ ਅਮਰੀਕਾ ਵਿਚ ਰਹਿੰਦੇ ਸਿੱਖ ਜਿਨ੍ਹਾਂ ਦਾ ਜਨਮ ਸਥਾਨ ਭਾਵੇਂ ਭਾਰਤ ਹੈ ਪਰ ਪਾਸਪੋਰਟ ਅਮਰੀਕਾ ਦਾ ਹੈ, ਨੂੰ ਪਾਕਿਸਤਾਨ ਵਿਚ ਆਮਦ ਸਮੇਂ 'ਆਨ ਅਰਾਈਵਲ ਵੀਜ਼ਾ' ਮਿਲੇਗਾ। ਸ਼੍ਰੀ ਅਰੋੜਾ ਨੇ ਦੱਸਿਆ ਕਿ ਇਸ ਐਲਾਨ ਮਗਰੋਂ ਚਰਚਾ ਸ਼ੁਰੂ ਹੋ ਗਈ ਸੀ ਕਿ ਗੁਰਦੁਆਰਾ ਕਰਤਾਰਪੁਰ ਲਾਂਘਾ ਲਈ ਲਾਈ ਗਈ 20 ਡਾਲਰ ਦੀ ਫੀਸ ਬੰਦ ਕਰ ਦਿੱਤੀ ਗਈ ਹੈ, ਜਦੋਂਕਿ ਅਜਿਹਾ ਕੁਝ ਨਹੀਂ ਹੈ।

ਉਨ੍ਹਾਂ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ ਵਿਚ ਵਸਦੇ ਸਿੱਖ ਜਿਨ੍ਹਾਂ ਕੋਲ ਉਥੋਂ ਦੇ ਮੁਲਕਾਂ ਦਾ ਪਾਸਪੋਰਟ ਹੈ, ਨੂੰ ਪਾਕਿਸਤਾਨ ਵਿਚ ਆਮਦ ਸਮੇਂ ਮੌਕੇ 'ਤੇ ਵੀਜ਼ਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਭਾਰਤ ਅਤੇ ਪਾਕਿਸਤਾਨ ਵਿਚਾਲੇ ਗੁਰਦੁਆਰਾ ਕਰਤਾਰਪੁਰ ਲਾਂਘੇ ਨੂੰ ਲੈ ਕੇ 24 ਅਕਤੂਬਰ ਨੂੰ ਸਮਝੌਤਾ ਨਵਿਆਇਆ ਗਿਆ ਹੈ ਅਤੇ ਇਸ ਵਿਚ ਪਹਿਲਾਂ ਵਾਲੀਆਂ ਸ਼ਰਤਾਂ ਨੂੰ ਹੀ ਬਰਕਰਾਰ ਰੱਖਿਆ ਗਿਆ ਹੈ।

ਇੱਕ ਵੱਖਰੀ ਵੀਡੀਓ ਰਾਹੀਂ ਰਮੇਸ਼ ਸਿੰਘ ਅਰੋੜਾ ਨੇ ਦੱਸਿਆ ਕਿ ਪਾਕਿਸਤਾਨ ਸਥਿਤ ਗੁੱਜਰਾਂਵਾਲਾ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ਨਾਲ ਸਬੰਧਤ ਹਵੇਲੀ ਦੀ ਸਾਂਭ ਸੰਭਾਲ ਦਾ ਕੰਮ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਇਹ ਕੰਮ ਸਾਲ ਵਿਚ ਮੁਕੰਮਲ ਹੋ ਜਾਵੇਗਾ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਇਸ ਨੂੰ ਖੋਲ੍ਹਿਆ ਜਾਵੇਗਾ।

## NAME CHANGE

To whom it may concern
I Gurjeet singh Bhatti S/o Balbir Singh, Vill. Nawa Purba PO SBS College, Ferozepur Pin-152002, Punjab, India Now R/o 429 POLK ST MANTECA CA 95337, USA have changed my name to Gurjeet singh.
All concerned please note.

# ਪਾਕਿਸਤਾਨ ਨੇ ਭਾਰਤੀ ਸਿੱਖ ਸ਼ਰਧਾਲੂਆਂ ਲਈ ਕਰੰਸੀ ਨੂੰ ਲੈ ਕੇ ਲਗਾਈਆਂ ਨਵੀਆਂ ਸ਼ਰਤਾਂ

**ਇਸਲਾਮਾਬਾਦ, (ਪੰਜਾਬ ਮੇਲ)-**ਪਾਕਿਸਤਾਨ ਨੇ ਆਰਥਿਕ ਹਾਲਾਤ ਖਰਾਬ ਹੋਣ ਦੇ ਬਾਵਜੂਦ ਉੱਥੇ ਭਾਰਤੀ ਸਿੱਖ ਸ਼ਰਧਾਲੂਆਂ ਲਈ ਆਪਣੀ ਕਰੰਸੀ ਦੀ ਵਰਤੋਂ ਨੂੰ ਸੀਮਤ ਕਰਦੇ ਹੋਏ ਨਵੀਆਂ ਸ਼ਰਤਾਂ ਲਗਾਈਆਂ ਹਨ। ਪਾਕਿਸਤਾਨ ਹੁਣ ਭਾਰਤੀ ਰੁਪਏ ਨਹੀਂ ਲੈ ਰਿਹਾ ਅਤੇ ਉਥੇ ਜਾਣ ਵਾਲੇ ਸਿੱਖ ਜੱਥਿਆਂ ਨੂੰ ਡਾਲਰ ਜਾਂ ਪੌਂਡ ਲਿਆਉਣ ਲਈ ਕਿਹਾ ਗਿਆ ਹੈ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਖੀ ਅਤੇ ਪੰਜਾਬ ਸੂਬੇ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕਿਹਾ, "ਹੁਣ ਸੰਗਤ ਤੋਂ ਭਾਰਤੀ ਰੁਪਏ ਨਹੀਂ ਲਏ ਜਾਣਗੇ। ਸ਼ਰਧਾਲੂਆਂ ਨੂੰ ਡਾਲਰ ਜਾਂ ਪੌਂਡ ਲਿਆਉਣੇ ਪੈਣਗੇ।" ਇਹ ਨਵਾਂ ਨਿਯਮ 14 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਜਾਣ ਵਾਲੇ ਤਿੰਨ ਹਜ਼ਾਰ ਭਾਰਤੀ ਸਿੱਖ ਸ਼ਰਧਾਲੂਆਂ ਲਈ ਵੱਡੀ ਸਮੱਸਿਆ ਬਣ ਗਿਆ ਹੈ।

ਇਸ ਤੋਂ ਪਹਿਲਾਂ ਭਾਰਤੀ ਸ਼ਰਧਾਲੂ ਆਪਣੇ ਨਾਲ ਰੁਪਏ ਲੈ ਕੇ ਪਾਕਿਸਤਾਨ ਜਾਂਦੇ ਸਨ, ਜਿੱਥੇ ਉਨ੍ਹਾਂ ਨੂੰ ਆਸਾਨੀ ਨਾਲ ਭਾਰਤੀ ਰੁਪਏ ਨੂੰ ਪਾਕਿਸਤਾਨੀ ਨੋਟਾਂ ਵਿਚ ਬਦਲਣ ਦੀ ਸਹੂਲਤ ਮਿਲਦੀ ਸੀ। ਹਰ ਸਾਲ ਲਗਭਗ 7,200 ਭਾਰਤੀ ਸਿੱਖ ਸ਼ਰਧਾਲੂ ਆਪਣੇ ਧਾਰਮਿਕ ਤੀਰਥ ਸਥਾਨਾਂ ਦੇ ਦਰਸ਼ਨ ਕਰਨ ਲਈ ਪਾਕਿਸਤਾਨ ਜਾਂਦੇ ਹਨ, ਜਿੱਥੇ ਉਹ 10,000 ਤੋਂ 15,000 ਰੁਪਏ ਖਰਚ ਕਰਦੇ ਹਨ। ਹੁਣ, ਜਦੋਂ ਭਾਰਤੀ ਸ਼ਰਧਾਲੂਆਂ ਨੂੰ ਵਿਦੇਸ਼ੀ ਮੁਦਰਾ ਦਾ ਪ੍ਰਬੰਧ ਕਰਨਾ ਪੈ ਰਿਹਾ ਹੈ, ਕਈਆਂ ਨੂੰ ਇਹ ਇੱਕ ਨਵੀਂ ਚੁਣੌਤੀ ਲੱਗਦੀ ਹੈ। ਸ੍ਰੀ ਨਨਕਾਣਾ ਸਾਹਿਬ ਸਿੱਖ ਯਾਤਰੀ ਜਥੇ ਦੇ ਮੁਖੀ ਰੌਬਿਨ ਗਿੱਲ ਨੇ ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਬੇਨਤੀ ਕੀਤੀ ਹੈ ਕਿ 13-14 ਨਵੰਬਰ ਨੂੰ ਅਟਾਰੀ ਬਾਰਡਰ 'ਤੇ ਇਕ ਕਰੰਸੀ ਐਕਸਚੇਂਜ ਦਫ਼ਤਰ ਖੋਲ੍ਹਿਆ ਜਾਵੇ, ਤਾਂ ਜੋ ਸ਼ਰਧਾਲੂ ਬਿਨਾਂ ਕਿਸੇ ਪਰੇਸ਼ਾਨੀ ਦੇ ਡਾਲਰ ਅਤੇ ਪਾਊਂਡ ਖ਼ਰੀਦ ਸਕਣ।

# ਹਾਈਕੋਰਟ ਵੱਲੋਂ ਅੰਮ੍ਰਿਤਪਾਲ ਸਿੰਘ 'ਤੇ ਦੂਜੀ ਵਾਰੀ ਐੱਨ.ਐੱਸ.ਏ. ਲਾਉਣ ਦਾ ਰਿਕਾਰਡ ਪੰਜਾਬ ਸਰਕਾਰ ਤੋਂ ਤਲਬ



**ਚੰਡੀਗੜ੍ਹ, (ਪੰਜਾਬ ਮੇਲ)-** ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ 'ਤੇ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਲਾਉਣ ਅਤੇ ਇਸ ਨੂੰ ਵਧਾ ਕੇ ਨਜ਼ਰਬੰਦੀ ਦੀ ਮਿਆਦ ਵਧਾਉਣ ਲਈ ਦਾਇਰ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਅੰਮ੍ਰਿਤਪਾਲ ਅਤੇ ਉਸ ਦੇ ਸਾਥੀਆਂ 'ਤੇ ਦੂਜੀ ਵਾਰ ਐੱਨ.ਐੱਸ.ਏ. ਲਾਉਣ ਦਾ ਰਿਕਾਰਡ ਪੰਜਾਬ ਸਰਕਾਰ ਤੋਂ ਤਲਬ ਕਰ ਲਿਆ ਹੈ। ਉਕਤ ਹੁਕਮ ਦੀ ਪੁਸ਼ਟੀ ਨਾਲ ਸਬੰਧਤ ਰਿਕਾਰਡ ਵੀ ਕੇਂਦਰ ਨੂੰ ਸੌਂਪਣ ਦਾ ਹੁਕਮ ਦਿੱਤਾ ਗਿਆ ਹੈ।

ਮੰਗਲਵਾਰ ਨੂੰ ਜਦੋਂ ਇਨ੍ਹਾਂ ਸਾਰੇ ਮਾਮਲਿਆਂ 'ਤੇ ਸੁਣਵਾਈ ਸ਼ੁਰੂ ਹੋਈ, ਤਾਂ ਹਾਈ ਕੋਰਟ ਨੇ ਪੰਜਾਬ ਸਰਕਾਰ ਤੋਂ ਪੁੱਛਿਆ ਕਿ ਇਨ੍ਹਾਂ ਸਾਰਿਆਂ 'ਤੇ ਨਵੇਂ ਸਿਰਿਓਂ ਐੱਨ.ਐੱਸ.ਏ. ਕਿਸ ਆਧਾਰ 'ਤੇ ਲਾਇਆ ਗਿਆ ਹੈ। ਸਰਕਾਰੀ ਵਕੀਲ ਨੇ ਕਿਹਾ ਕਿ ਉਕਤ ਰਿਕਾਰਡ ਉਨ੍ਹਾਂ ਕੋਲ ਨਹੀਂ ਹੈ, ਜਿਸ ਕਾਰਨ ਅਦਾਲਤ ਨੇ ਪੰਜਾਬ ਸਰਕਾਰ ਨੂੰ ਇਹ ਰਿਕਾਰਡ ਅਗਲੀ ਸੁਣਵਾਈ ਦੌਰਾਨ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।



# ਚੋਣ ਕਮਿਸ਼ਨ ਵੱਲੋਂ ਪੰਜਾਬ ਜ਼ਿਮਨੀ ਚੋਣਾਂ ਦੀ ਤਾਰੀਖ਼ਾਂ 'ਚ ਬਦਲਾਅ

## ਤਿਉਹਾਰਾਂ ਦੇ ਮੱਦੇਨਜ਼ਰ ਬਦਲੀਆਂ ਤਾਰੀਖ਼ਾਂ




**ਚੰਡੀਗੜ੍ਹ/ਮਾਨਸਾ, (ਪੰਜਾਬ ਮੇਲ)**- ਪੰਜਾਬ ਸਮੇਤ ਹੋਰ ਰਾਜਾਂ ਵਿਚ 13 ਨਵੰਬਰ ਨੂੰ ਹੋਣ ਵਾਲੀਆਂ ਜ਼ਿਮਨੀ ਚੋਣਾਂ ਦੀ ਤਾਰੀਖ ਵਿਚ ਬਦਲਾਅ ਕੀਤੇ ਗਏ ਹਨ। ਭਾਰਤੀ ਚੋਣ ਕਮਿਸ਼ਨ ਨੇ ਸੋਮਵਾਰ ਨੂੰ ਪੰਜਾਬ, ਉੱਤਰ ਪ੍ਰਦੇਸ਼ ਅਤੇ ਕੇਰਲ ਵਿਚ ਤਿਉਹਾਰਾਂ ਦੇ ਮੱਦੇਨਜ਼ਰ 13 ਨਵੰਬਰ ਦੀ ਤਾਰੀਖ਼ ਬਦਲ ਕੇ ਵੋਟਾਂ ਪੈਣ ਦੀ ਮਿਤੀ 20 ਨਵੰਬਰ ਤੈਅ ਕੀਤੀ ਹੈ।

ਦੱਸਣਯੋਗ ਹੈ ਕਿ ਉੱਤਰ ਪ੍ਰਦੇਸ਼ ਵਿਚ 9, ਪੰਜਾਬ ਵਿਚ 4 ਅਤੇ ਕੇਰਲ ਵਿਚ ਇੱਕ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਲਈ ਵੋਟਾਂ ਪੈਣ ਜਾ ਰਹੀਆਂ ਹਨ। ਇਨ੍ਹਾਂ ਵਿਚ ਪੰਜਾਬ ਦੇ ਚਾਰ ਵਿਧਾਨ ਸਭਾ ਹਲਕੇ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਸ਼ਾਮਲ ਹਨ। ਕਾਂਗਰਸ, ਭਾਜਪਾ, ਬਸਪਾ ਅਤੇ ਆਰ.ਐੱਲ.ਡੀ. ਸਮੇਤ ਵੱਖ-ਵੱਖ ਪਾਰਟੀਆਂ ਨੇ ਵੱਖ-ਵੱਖ ਤਿਉਹਾਰਾਂ ਦੇ ਮੱਦੇਨਜ਼ਰ ਚੋਣਾਂ ਦੀ ਤਾਰੀਖ ਮੁੜ ਤੈਅ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਸੀ ਕਿ ਇਸ ਨਾਲ ਵੋਟਰਾਂ ਦੀ ਗਿਣਤੀ ਪ੍ਰਭਾਵਿਤ ਹੋ ਸਕਦੀ ਹੈ।

ਕਾਂਗਰਸ ਪਾਰਟੀ ਨੇ ਕਿਹਾ ਸੀ ਕਿ ਕੇਰਲ ਦੀ ਪਲੱਕੜ ਵਿਧਾਨ ਸਭਾ ਸੀਟ 'ਤੇ ਵੋਟਰਾਂ ਦਾ ਵੱਡਾ ਹਿੱਸਾ 13 ਤੋਂ 15 ਨਵੰਬਰ ਤੱਕ ਕਲਪਥੀ ਰਾਸਤੋਲਸਵਮ ਦਾ ਤਿਉਹਾਰ ਮਨਾਏਗਾ। ਪੰਜਾਬ ਵਿਚ ਪਾਰਟੀ ਨੇ ਕਿਹਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ 15 ਨਵੰਬਰ ਨੂੰ ਮਨਾਇਆ ਜਾਵੇਗਾ ਅਤੇ 13 ਨਵੰਬਰ ਤੋਂ 'ਸ੍ਰੀ ਅਖੰਡ ਪਾਠ' ਆਰੰਭ ਕਰਵਾਏ ਜਾਣਗੇ।

ਭਾਜਪਾ, ਬਸਪਾ ਅਤੇ ਆਰ.ਐੱਲ.ਡੀ. ਨੇ ਕਿਹਾ ਸੀ ਕਿ ਉੱਤਰ ਪ੍ਰਦੇਸ਼ ਵਿਚ ਲੋਕ 15 ਨਵੰਬਰ ਨੂੰ ਮਨਾਈ ਜਾਣ ਵਾਲੀ ਕਾਰਤਿਕ ਪੂਰਨਿਮਾ ਤੋਂ ਤਿੰਨ-ਚਾਰ ਦਿਨ ਪਹਿਲਾਂ ਯਾਤਰਾ ਕਰਦੇ ਹਨ, ਜਿਸ ਕਾਰਨ ਵੋਟਰਾਂ ਦੀ ਗਿਣਤੀ ਪ੍ਰਭਾਵਿਤ ਹੋ ਸਕਦੀ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖਦਿਆਂ ਵੋਟਾਂ ਪੈਣ ਦੀ ਮਿਤੀ ਵਿਚ ਬਦਲਾਅ ਸਾਹਮਣੇ ਆਇਆ ਹੈ।

# ਕੈਨੇਡਾ ਵੱਲੋਂ ਅਮਿਤ ਸ਼ਾਹ ਖ਼ਿਲਾਫ਼ ਲਾਏ ਦੋਸ਼ ਬੇਬੁਨਿਆਦ: ਭਾਰਤ

## ਕੈਨੇਡੀਅਨ ਹਾਈ ਕਮਿਸ਼ਨ ਦੇ ਨੁਮਾਇੰਦੇ ਨੂੰ ਤਲਬ ਕਰਕੇ ਸਖ਼ਤ ਸ਼ਬਦਾਂ 'ਚ ਵਿਰੋਧ ਦਰਜ ਕਰਵਾਇਆ

**ਨਵੀਂ ਦਿੱਲੀ, (ਪੰਜਾਬ ਮੇਲ)**- ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਪਿਛਲੇ ਸਾਲ ਬ੍ਰਿਟਿਸ਼ ਕੋਲੰਬੀਆ 'ਚ ਹੱਤਿਆ ਮਗਰੋਂ ਭਾਰਤ ਅਤੇ ਕੈਨੇਡਾ ਦੇ ਸਬੰਧਾਂ 'ਚ ਲਗਾਤਾਰ ਨਿਘਾਰ ਆ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਬਾਰੇ ਕੈਨੇਡਾ ਦੇ ਮੰਤਰੀ ਵੱਲੋਂ ਕੀਤੀ ਟਿੱਪਣੀ ਕਾਰਨ ਭਾਰਤ ਨੇ ਸਖ਼ਤ ਸ਼ਬਦਾਂ 'ਚ ਵਿਰੋਧ ਦਰਜ ਕਰਵਾਇਆ ਹੈ। ਵਿਦੇਸ਼ ਮੰਤਰਾਲੇ ਨੇ ਸ਼ਾਹ ਖ਼ਿਲਾਫ਼ ਲਾਏ ਦੋਸ਼ਾਂ ਨੂੰ ਬੇਤੁਕਾ ਅਤੇ ਬੇਬੁਨਿਆਦ ਕਰਾਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਕੈਨੇਡੀਅਨ ਹਾਈ ਕਮਿਸ਼ਨ ਦੇ ਨੁਮਾਇੰਦੇ ਨੂੰ ਤਲਬ ਕਰਕੇ ਭਾਰਤ ਵੱਲੋਂ ਸਖ਼ਤ ਸ਼ਬਦਾਂ 'ਚ ਵਿਰੋਧ ਦਰਜ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ, "ਕੈਨੇਡਾ ਸਰਕਾਰ ਦੇ ਅਧਿਕਾਰੀਆਂ ਨੇ ਭਾਰਤ ਨੂੰ ਬਦਨਾਮ ਕਰਨ ਅਤੇ ਹੋਰ ਮੁਲਕਾਂ ਨੂੰ ਪ੍ਰਭਾਵਿਤ ਕਰਨ ਲਈ ਜਾਣਬੁੱਝ ਕੇ ਕੌਮਾਂਤਰੀ ਮੀਡੀਆ ਨੂੰ ਬੇਬੁਨਿਆਦ ਦੋਸ਼ ਲੀਕ ਕੀਤੇ ਹਨ।" ਜੈਸਵਾਲ ਨੇ ਕਿਹਾ ਕਿ ਅਜਿਹੇ ਗ਼ੈਰਜ਼ਿੰਮੇਵਾਰਾਨਾ ਬਿਆਨਾਂ ਨਾਲ ਦੁਵੱਲੇ ਸਬੰਧਾਂ 'ਤੇ ਗੰਭੀਰ ਅਸਰ ਪਵੇਗਾ। ਭਾਰਤੀ ਵਿਦੇਸ਼ ਮੰਤਰਾਲੇ ਦਾ ਇਹ ਬਿਆਨ ਉਸ ਸਮੇਂ ਆਇਆ ਹੈ, ਜਦੋਂ ਕੈਨੇਡਾ ਦੇ ਉਪ ਵਿਦੇਸ਼ ਮੰਤਰੀ ਡੇਵਿਡ ਮੌਰੀਸਨ ਨੇ ਦੋਸ਼ ਲਾਇਆ ਸੀ ਕਿ ਸ਼ਾਹ ਨੇ ਉਨ੍ਹਾਂ ਦੇ ਮੁਲਕ ਅੰਦਰ ਸਿੱਖ ਵੱਖਵਾਦੀਆਂ ਨੂੰ ਨਿਸ਼ਾਨਾ ਬਣਾਉਣ ਲਈ ਹਿੰਸਾ ਤੇ ਧਮਕੀਆਂ ਦੇਣ ਅਤੇ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਦੀ ਮੁਹਿੰਮ ਚਲਾਉਣ ਦੇ ਹੁਕਮ ਦਿੱਤੇ ਹਨ। ਮੌਰੀਸਨ ਨੇ ਕੌਮੀ ਸੁਰੱਖਿਆ ਕਮੇਟੀ ਦੇ ਮੈਂਬਰਾਂ ਨੂੰ ਇਹ ਵੀ ਦੱਸਿਆ ਸੀ ਕਿ ਉਸ ਨੇ 'ਵਾਸ਼ਿੰਗਟਨ ਪੋਸਟ' ਕੋਲ ਸ਼ਾਹ ਦੇ ਨਾਮ ਦੀ ਪੁਸ਼ਟੀ ਕੀਤੀ ਸੀ। ਅਮਰੀਕੀ ਅਖ਼ਬਾਰ 'ਚ ਸ਼ਾਹ 'ਤੇ ਲਾਏ ਗਏ ਦੋਸ਼ਾਂ ਦੀ ਸਭ ਤੋਂ ਪਹਿਲਾਂ ਖ਼ਬਰ ਨਸ਼ਰ ਹੋਈ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦੋਸ਼ ਲਾਇਆ ਹੈ ਕਿ ਨਿੱਝਰ ਦੀ ਹੱਤਿਆ 'ਚ ਭਾਰਤ ਸਰਕਾਰ ਦੇ ਏਜੰਟਾਂ ਦੀ ਸ਼ਮੂਲੀਅਤ ਦੇ ਉਨ੍ਹਾਂ ਕੋਲ ਪੁਖ਼ਤਾ ਸਬੂਤ ਹਨ। ਜੈਸਵਾਲ ਨੇ ਕੈਨੇਡਾ 'ਤੇ ਦੋਸ਼ ਲਾਇਆ ਕਿ ਉਹ ਭਾਰਤੀ ਕੌਂਸਲਰ ਅਮਲੇ 'ਤੇ ਆਡੀਓ ਤੇ ਵੀਡੀਓ ਨਿਗਰਾਨੀ ਕਰਕੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਦੇ ਨਾਲ ਨਾਲ ਧਮਕਾ ਵੀ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਕੂਟਨੀਤਕ ਰਵਾਇਤਾਂ ਦੀ ਘੋਰ ਉਲੰਘਣਾ ਹੈ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਭਾਰਤ ਨੇ ਇਸ ਮਾਮਲੇ 'ਚ ਕੈਨੇਡਾ ਸਰਕਾਰ ਕੋਲ ਰਸਮੀ ਤੌਰ 'ਤੇ ਵਿਰੋਧ ਜਤਾਇਆ ਹੈ।

# ਪੰਜਾਬ ਜ਼ਿਮਨੀ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ

## ਹਲਕਾ ਚੱਬੇਵਾਲ 'ਚ ਸੀਨੀਅਰ ਆਗੂ ਕੁਲਵਿੰਦਰ ਰਸੂਲਪੁਰੀ 'ਆਪ' 'ਚ ਹੋਏ ਸ਼ਾਮਲ



**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਵਿਚ ਹੋਣ ਵਾਲੀਆਂ ਜ਼ਿਮਨੀ ਚੋਣਾਂ ਤੋਂ ਪਹਿਲਾਂ ਕਾਂਗਰਸ ਨੂੰ ਵੱਡਾ ਝਟਕਾ ਲੱਗਾ ਹੈ। ਹਲਕਾ ਚੱਬੇਵਾਲ ਵਿਚ ਕਾਂਗਰਸ ਦੇ ਸੀਨੀਅਰ ਆਗੂ ਕੁਲਵਿੰਦਰ ਸਿੰਘ ਰਸੂਲਪੁਰੀ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੁਲਵਿੰਦਰ ਸਿੰਘ ਰਸੂਲਪੁਰੀ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਵਾਇਆ ਹੈ। ਰਸੂਲਪੁਰੀ ਚੱਬੇਵਾਲ ਹਲਕੇ ਤੋਂ ਕਾਂਗਰਸ ਦੇ ਇੰਚਾਰਜ ਵੀ ਸਨ। ਕੁਲਵਿੰਦਰ ਸਿੰਘ 35 ਸਾਲ ਤੋਂ ਕਾਂਗਰਸ ਨਾਲ ਜੁੜੇ ਹੋਏ ਸਨ ਅਤੇ ਇਲਾਕੇ ਵਿਚ ਚੰਗਾ ਰਸੂਖ ਰੱਖਦੇ ਹਨ। ਯਾਦ ਰਹੇ ਕਿ ਪੰਜਾਬ ਦੇ ਚਾਰ ਹਲਕਿਆਂ 'ਚ 13 ਨਵੰਬਰ ਨੂੰ ਜ਼ਿਮਨੀ ਚੋਣ ਹੋਣ ਜਾ ਰਹੀ ਹੈ। ਇਨ੍ਹਾਂ ਚਾਰ ਹਲਕਿਆਂ ਵਿਚ ਚੱਬੇਵਾਲ ਹਲਕਾ ਵੀ ਸ਼ਾਮਲ ਹੈ, ਜਿਥੋਂ ਆਮ ਆਦਮੀ ਪਾਟੀ ਵਲੋਂ ਡਾ. ਰਾਜ ਕੁਮਾਰ ਚੱਬੇਵਾਲ ਦੇ ਪੁੱਤਰ ਇਸ਼ਾਂਕ ਚੋਣ ਮੈਦਾਨ ਵਿਚ ਹਨ, ਜਦਕਿ ਕਾਂਗਰਸ ਵਲੋਂ ਰਣਜੀਤ ਕੁਮਾਰ ਅਤੇ ਭਾਜਪਾ ਵਲੋਂ ਸੋਹਨ ਸਿੰਘ ਠੰਡਲ ਮੈਦਾਨ ਵਿਚ ਹਨ। ਇਸ ਸਭ ਦਰਮਿਆਨ ਕੁਲਵਿੰਦਰ ਸਿੰਘ ਰਸੂਲਪੁਰੀ ਦਾ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣਾ ਕਾਂਗਰਸ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ।

# ਕਾਗਜ਼ੀ ਕਾਰਵਾਈ ਪੂਰੀ ਨਾ ਹੋਣ ਕਾਰਨ 'ਆਪ' ਵਿਧਾਇਕ ਗੱਜਣਮਾਜਰਾ ਨਹੀਂ ਹੋ ਸਕੇ ਰਿਹਾਅ

**ਪਟਿਆਲਾ, (ਪੰਜਾਬ ਮੇਲ)**- ਮਨੀ ਲਾਂਡਰਿੰਗ ਮਾਮਲੇ 'ਚ ਗ੍ਰਿਫ਼ਤਾਰ ਆਮ ਆਦਮੀ ਪਾਰਟੀ ਦੇ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਨੂੰ ਕਾਗਜ਼ੀ ਕਾਰਵਾਈ ਪੂਰੀ ਨਾ ਹੋਣ ਕਾਰਨ ਕੇਂਦਰੀ ਜੇਲ੍ਹ ਪਟਿਆਲਾ ਤੋਂ ਰਿਹਾਅ ਨਹੀਂ ਕੀਤਾ ਜਾ ਸਕਿਆ। ਇਸ ਦੀ ਪੁਸ਼ਟੀ ਉਨ੍ਹਾਂ ਦੇ ਸਪੁੱਤਰ ਰੂਬਲ ਗੱਜਣਮਾਜਰਾ ਨੇ ਜੇਲ੍ਹ ਦੇ ਬਾਹਰ ਕੀਤੀ।

ਉਨ੍ਹਾਂ ਨਾਲ ਵੱਡੀ ਗਿਣਤੀ 'ਚ ਹਲਕੇ ਤੋਂ ਸਮਰਥਕ ਵੀ ਆਏ ਹੋਏ ਸਨ। ਰੂਬਲ ਗੱਜਣਮਾਜਰਾ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਉਨ੍ਹਾਂ ਕੇਸ ਨੂੰ ਕੇਂਦਰ ਸਰਕਾਰ ਦੀ ਸਾਜ਼ਿਸ਼ ਦੱਸਦਿਆਂ ਕਿਹਾ ਕਿ ਰਾਜਸੀ ਬਦਲਾਖ਼ੋਰੀ ਕਾਰਨ ਇਸ ਤਰ੍ਹਾਂ ਦੇ ਕੇਸ ਦਰਜ ਨਹੀਂ ਕਰਨੇ ਚਾਹੀਦੇ।

ਦੱਸ ਦੇਈਏ ਕਿ ਅਮਰਗੜ੍ਹ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਜਸਵੰਤ ਸਿੰਘ ਗੱਜਣ ਮਾਜਰਾ ਨੂੰ ਪਿਛਲੇ ਸਾਲ ਈ.ਡੀ. ਨੇ ਗ੍ਰਿਫ਼ਤਾਰ ਕੀਤਾ ਸੀ। ਗੱਜਣਮਾਜਰਾ 'ਤੇ ਆਪਣੀ ਕੰਪਨੀ ਤਾਰਾ ਕਾਰਪੋਰੇਸ਼ਨ ਲਿਮਟਿਡ ਰਾਹੀਂ ਬੈਂਕ ਨਾਲ 41 ਕਰੋੜ ਰੁਪਏ ਦੀ ਧੋਖਾਧੜੀ ਕਰਨ ਦਾ ਦੋਸ਼ ਹੈ। ਇਸੇ ਮਾਮਲੇ ਵਿਚ ਈ.ਡੀ. ਨੇ ਗੱਜਣਮਾਜਰਾ ਖ਼ਿਲਾਫ਼ ਮਨੀ ਲਾਂਡਰਿੰਗ ਮਾਮਲੇ ਵਿਚ ਸ਼ਿਕਾਇਤ ਦਰਜ ਕਰਵਾਈ ਸੀ ਅਤੇ ਬਾਅਦ ਵਿਚ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।



# ਕੈਨੇਡਾ ਨੇ ਪਹਿਲੀ ਵਾਰ ਭਾਰਤ ਨੂੰ ਸਾਈਬਰ ਧਮਕੀ ਵਿਰੋਧੀਆਂ ਦੀ ਸੂਚੀ 'ਚ ਕੀਤਾ ਸ਼ਾਮਲ

**■ ਨੈਸ਼ਨਲ ਸਾਈਬਰ ਥਰੈੱਟ ਅਸੈੱਸਮੈਂਟ 2025-2026 ਰਿਪੋਰਟ ਵਿਚ ਚੀਨ, ਰੂਸ, ਈਰਾਨ ਅਤੇ ਉੱਤਰੀ ਕੋਰੀਆ ਤੋਂ ਬਾਅਦ ਭਾਰਤ ਦਾ ਪੰਜਵਾਂ ਨਾਮ**

**ਓਟਵਾ, (ਪੰਜਾਬ ਮੇਲ)-** ਭਾਰਤ ਤੇ ਕੈਨੇਡਾ ਦਰਮਿਆਨ ਚੱਲ ਰਹੇ ਵਿਵਾਦ ਦੇ ਦਰਮਿਆਨ ਕੈਨੇਡਾ ਨੇ ਪਹਿਲੀ ਵਾਰ ਭਾਰਤ ਨੂੰ ਸਾਈਬਰ ਧਮਕੀ ਵਿਰੋਧੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੈ। ਕੈਨੇਡਾ ਨੇ ਨਾਲ ਹੀ ਸੁਝਾਅ ਵੀ ਦਿੱਤਾ ਹੈ ਕਿ ਭਾਰਤ ਦੀ ਪੁਸ਼ਤਪਨਾਹੀ ਵਾਲੇ ਸਮਾਗਮਾਂ ਵਿਚ ਕੈਨੇਡਾ ਖ਼ਿਲਾਫ਼ ਜਾਸੂਸੀ ਕੀਤੀ ਜਾ ਰਹੀ ਹੈ। ਨੈਸ਼ਨਲ ਸਾਈਬਰ ਥਰੈੱਟ ਅਸੈਸਮੈਂਟ 2025-2026 (ਐੱਨ.ਸੀ.ਟੀ.ਏ. 2025-2026) ਰਿਪੋਰਟ ਵਿਚ ਚੀਨ, ਰੂਸ, ਈਰਾਨ ਅਤੇ ਉੱਤਰੀ ਕੋਰੀਆ ਤੋਂ ਬਾਅਦ ਭਾਰਤ ਦਾ ਨਾਮ ਪੰਜਵੇਂ ਨੰਬਰ 'ਤੇ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦੀ ਪੁਸ਼ਤਪਨਾਹੀ ਨਾਲ ਕਰਵਾਏ ਜਾਣ ਵਾਲੇ ਸਮਾਗਮਾਂ ਵਿਚ ਸੰਭਵ ਤੌਰ 'ਤੇ ਕੈਨੇਡਾ ਸਰਕਾਰ ਦੀ ਜਾਸੂਸੀ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦੇ ਦੇਸ਼ ਖ਼ਿਲਾਫ਼ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

ਐੱਨ.ਸੀ.ਟੀ.ਏ. 2025-2026 ਰਿਪੋਰਟ ਕੈਨੇਡਾ ਵਿਚ ਸਾਈਬਰ ਖਤਰਿਆਂ ਦਾ ਮੁਲਾਂਕਣ ਕਰਦੀ ਹੈ ਤੇ ਇਸ ਰਿਪੋਰਟ ਨੂੰ 30 ਅਕਤੂਬਰ ਨੂੰ ਕੈਨੇਡੀਅਨ ਸੈਂਟਰ ਫਾਰ ਸਾਈਬਰ ਸਕਿਓਰਿਟੀ (ਸਾਈਬਰ ਸੈਂਟਰ) ਵੱਲੋਂ ਜਾਰੀ ਕੀਤਾ ਗਿਆ ਸੀ। ਇਹ ਮੁਲਾਂਕਣ ਰਿਪੋਰਟ ਹਰ ਦੋ ਸਾਲ ਬਾਅਦ ਜਾਰੀ ਕੀਤੀ ਜਾਂਦੀ ਹੈ।

# ਕੈਨੇਡਾ ਵਿਚ ਝੀਲ 'ਚ ਡੁੱਬਣ ਕਾਰਨ ਪੰਜਾਬੀ ਨੌਜਵਾਨ ਦੀ ਮੌਤ

**ਕਲਾਨੌਰ, (ਪੰਜਾਬ ਮੇਲ)-** ਕੈਨੇਡਾ 'ਚ ਪੰਜਾਬੀ ਨੌਜਵਾਨ ਜੋਰਾਵਰ ਸਿੰਘ ਦੀ ਝੀਲ 'ਚ ਡੁੱਬਣ ਕਾਰਨ ਮੌਤ ਹੋਣ ਦਾ ਦਰਦਨਾਕ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਦੁਖਦਾਈ ਘਟਨਾ ਦੀ ਸੂਚਨਾ ਮਿਲਦੇ ਹੀ ਸਰਹੱਦੀ ਕਸਬਾ ਕਲਾਨੌਰ ਦੇ ਰਹਿਣ ਵਾਲੇ ਇਸ ਮ੍ਰਿਤਕ ਨੌਜਵਾਨ ਦੇ ਪਰਿਵਾਰਿਕ ਮੈਂਬਰਾਂ ਅਤੇ ਇਲਾਕੇ ਦੇ ਲੋਕਾਂ 'ਚ ਭਾਰੀ ਸ਼ੋਕ ਦੀ ਲਹਿਰ ਪਾਈ ਜਾ ਰਹੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਜੋਰਾਵਰ ਸਿੰਘ (23) ਪੁੱਤਰ ਮਨੋਹਰ ਲਾਲ ਨਿਵਾਸੀ ਕਲਾਨੌਰ ਦੇ ਰਿਸ਼ਤੇਦਾਰ ਜਥੇਦਾਰ ਰਣਜੀਤ ਸਿੰਘ ਨੇ ਦੱਸਿਆ ਕਿ ਕਰੀਬ ਤਿੰਨ ਸਾਲ ਪਹਿਲਾਂ ਜੋਰਾਵਰ ਸਿੰਘ ਕੈਨੇਡਾ ਗਿਆ ਸੀ ਪ੍ਰੰਤੂ ਪਿਛਲੇ ਕੁਝ ਦਿਨਾਂ ਤੋਂ ਮਾਨਸਿਕ ਪ੍ਰੇਸ਼ਾਨ ਰਹਿੰਦਾ ਸੀ। ਸਾਨੂੰ ਕੈਨੇਡਾ ਤੋਂ ਸੂਚਨਾ ਮਿਲੀ ਸੀ ਕਿ ਜੋਰਾਵਰ ਸਿੰਘ ਦੀ ਝੀਲ 'ਚ ਡੁੱਬਣ ਨਾਲ ਮੌਤ ਹੋ ਗਈ ਹੈ। ਇਲਾਕੇ ਦੇ ਰਾਜਨੀਤਕ, ਧਾਰਮਿਕ, ਸਮਾਜਿਕ, ਮੋਹਤਬਰ ਅਤੇ ਆਮ ਲੋਕਾਂ ਵਲੋਂ ਮ੍ਰਿਤਕ ਜੋਰਾਵਰ ਸਿੰਘ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਜਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਕੈਨੇਡਾ 'ਚ ਹਿੰਦੂ ਮੰਦਰ ਦੇ ਬਾਹਰ ਹੋਈ ਹਿੰਸਕ ਝੜਪ

**■ ਖਾਲਿਸਤਾਨੀ ਤੇ ਭਾਰਤ ਸਮਰਥਕ ਹੋਏ ਆਹਮੋ-ਸਾਹਮਣੇ**

**ਬਰੈਂਪਟਨ, (ਪੰਜਾਬ ਮੇਲ)-** ਬੀਤੇ ਸਾਲ ਕੈਨੇਡਾ 'ਚ ਹੋਏ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚਕਾਰ ਦੀ ਕੜਵਾਹਟ ਲਗਾਤਾਰ ਵਧਦੀ ਜਾ ਰਹੀ ਹੈ। ਕੈਨੇਡਾ ਸਰਕਾਰ ਵੱਲੋਂ ਲਗਾਤਾਰ ਨਿੱਝਰ ਦੇ ਕਤਲ ਪਿੱਛੇ ਭਾਰਤ ਸਰਕਾਰ ਤੇ ਏਜੰਸੀਆਂ ਦਾ ਹੱਥ ਹੋਣ ਦਾ ਦਾਅਵਾ ਕੀਤਾ ਗਿਆ ਹੈ, ਉੱਥੇ ਹੀ ਭਾਰਤ ਸਰਕਾਰ ਸ਼ੁਰੂ ਤੋਂ ਹੀ ਇਨ੍ਹਾਂ ਇਲਜ਼ਾਮਾਂ ਨੂੰ ਨਕਾਰਦੀ ਆ ਰਹੀ ਹੈ। ਇਸੇ ਦੌਰਾਨ ਕੈਨੇਡਾ ਦੇ ਬਰੈਂਪਟਨ ਸਥਿਤ ਹਿੰਦੂ ਸਭਾ ਮੰਦਰ ਦੇ ਬਾਹਰ ਖਾਲਿਸਤਾਨੀ ਸਮਰਥਕਾਂ ਤੇ ਭਾਰਤ ਸਮਰਥਕਾਂ ਵਿਚਾਲੇ ਹਿੰਸਕ ਝੜਪ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੀਆਂ ਵੀਡੀਓਜ਼ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ। ਇਨ੍ਹਾਂ ਵੀਡੀਓਜ਼ 'ਚ ਦਿਖਾਈ ਦੇ ਰਿਹਾ ਹੈ ਕਿ ਖਾਲਿਸਤਾਨੀ ਸਮਰਥਕ ਹੱਥਾਂ 'ਚ ਖਾਲਿਸਤਾਨੀ ਝੰਡੇ ਫੜੀ ਵੱਡੀ ਗਿਣਤੀ 'ਚ ਮੰਦਰ ਦੇ ਬਾਹਰ ਇਕੱਠੇ ਹੋ ਕੇ ਭਾਰਤ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰ ਰਹੇ ਹਨ ਤੇ ਨਿੱਝਰ ਦੇ ਕਤਲ ਲਈ ਭਾਰਤ ਸਰਕਾਰ ਨੂੰ ਜ਼ਿੰਮੇਵਾਰ ਠਹਿਰਾ ਰਹੇ ਹਨ। ਇਸ ਦੇ ਜਵਾਬ 'ਚ ਭਾਰਤੀ ਸਮਰਥਕਾਂ ਨੇ ਵੀ 'ਖਾਲਿਸਤਾਨ ਮੁਰਦਾਬਾਦ' ਦੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ, ਜਿਸ ਮਗਰੋਂ ਭੜਕੇ ਖਾਲਿਸਤਾਨ ਸਮਰਥਕਾਂ ਨੇ ਉਨ੍ਹਾਂ 'ਤੇ ਲਾਠੀਆਂ ਨਾਲ ਹਮਲਾ ਕਰ ਦਿੱਤਾ ਤੇ ਇਸ ਦੌਰਾਨ ਉਹ ਮੰਦਰ ਦੇ ਅੰਦਰ ਤੱਕ ਆ ਗਏ।

ਜੇਕਰ ਇਸ ਮਸਲੇ ਨੂੰ ਛੇਤੀ ਹੀ ਨਾ ਸੁਲਝਾਇਆ ਗਿਆ, ਤਾਂ ਇਹ ਅੱਗੇ ਜਾ ਕੇ ਹੋਰ ਵੀ ਭਿਆਨਕ ਰੂਪ ਧਾਰਨ ਕਰ ਸਕਦਾ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬਰੈਂਪਟਨ ਦੇ ਹਿੰਦੂ ਸਭਾ ਮੰਦਰ 'ਤੇ ਖਾਲਿਸਤਾਨੀ ਕੱਟੜਪੰਥੀਆਂ ਵੱਲੋਂ ਕੀਤੇ ਗਏ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਧਾਰਮਿਕ ਆਜ਼ਾਦੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਟਰੂਡੋ ਨੇ ਕਿਹਾ ਕਿ ਹਰੇਕ ਕੈਨੇਡੀਅਨ ਨੂੰ ਸੁਰੱਖਿਅਤ ਤਰੀਕੇ ਨਾਲ ਆਪਣੇ ਧਰਮ ਦਾ ਪਾਲਣ ਕਰਨ ਦਾ ਅਧਿਕਾਰ ਹੈ। ਐਕਸ 'ਤੇ ਇਕ ਪੋਸਟ ਸ਼ੇਅਰ ਕਰਦੇ ਹੋਏ ਟਰੂਡੋ ਨੇ ਲਿਖਿਆ, "ਬਰੈਂਪਟਨ 'ਚ ਹਿੰਦੂ ਸਭਾ ਮੰਦਰ ਵਿਚ ਹੋਈ ਹਿੰਸਾ ਅਸਵੀਕਾਰਨਯੋਗ ਹੈ। ਹਰ ਕੈਨੇਡੀਅਨ ਨੂੰ ਆਜ਼ਾਦੀ ਅਤੇ ਸੁਰੱਖਿਅਤ ਢੰਗ ਨਾਲ ਆਪਣੇ ਧਰਮ ਦਾ ਪਾਲਣ ਕਰਨ ਦਾ ਅਧਿਕਾਰ ਹੈ। ਕਮਿਊਨਿਟੀ ਦੀ ਸੁਰੱਖਿਆ ਅਤੇ ਇਸ ਘਟਨਾ ਦੀ ਜਾਂਚ ਲਈ ਤੇਜ਼ੀ ਨਾਲ ਪ੍ਰਤੀਕਿਰਿਆ ਦੇਣ ਲਈ ਪੀਲ ਖੇਤਰੀ ਪੁਲਿਸ ਦਾ ਧੰਨਵਾਦ।"

# ਬਰੈਂਪਟਨ ਤੇ ਮਿਸੀਸਾਗਾ 'ਚ ਵਿਰੋਧ ਪ੍ਰਦਰਸ਼ਨਾਂ ਨਾਲ ਸਬੰਧਤ ਮਾਮਲੇ 'ਚ ਪੀਲ ਪੁਲਿਸ ਵੱਲੋਂ ਗ੍ਰਿਫ਼ਤਾਰੀਆਂ

**ਬਰੈਂਪਟਨ, (ਪੰਜਾਬ ਮੇਲ)-** ਪੀਲ ਰੀਜਨਲ ਪੁਲਿਸ ਨੇ ਜਾਂਚਕਰਤਾਵਾਂ ਨੇ ਬਰੈਂਪਟਨ ਅਤੇ ਮਿਸੀਸਾਗਾ ਵਿਚ ਵਿਰੋਧ ਪ੍ਰਦਰਸ਼ਨਾਂ ਨਾਲ ਸਬੰਧਤ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਨ੍ਹਾਂ ਵਿਚ 43 ਸਾਲਾ ਦਿਲਪ੍ਰੀਤ ਸਿੰਘ ਬਾਊਂਸ, 23 ਸਾਲਾ ਵਿਕਾਸ ਅਤੇ 31 ਸਾਲਾ ਅੰਮ੍ਰਿਤਪਾਲ ਸਿੰਘ ਹਨ।

ਇੱਕ ਚੌਥੇ ਵਿਅਕਤੀ ਨੂੰ ਬਕਾਇਆ ਗੈਰ-ਸੰਬੰਧਿਤ ਵਾਰੰਟ 'ਤੇ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਬਾਅਦ ਵਿਚ ਛੱਡ ਦਿੱਤਾ ਗਿਆ ਸੀ। ਪੁਲਿਸ ਨੇ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਬਾਰੇ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਚਾਰਜ ਕੀਤਾ ਗਿਆ। ਮਿਸੀਸਾਗਾ ਦੇ 43 ਸਾਲਾ ਦਿਲਪ੍ਰੀਤ ਸਿੰਘ ਬਾਊਂਸ 'ਤੇ ਗੜਬੜ ਕਰਨ ਅਤੇ ਪੀਸ ਅਫ਼ਸਰ 'ਤੇ ਹਮਲਾ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਬਰੈਂਪਟਨ ਦੇ ਰਹਿਣ ਵਾਲੇ 23 ਸਾਲਾ ਵਿਕਾਸ 'ਤੇ ਹਥਿਆਰਾਂ ਨਾਲ ਹਮਲਾ ਕਰਨ ਦਾ ਦੋਸ਼ ਲਗਾਇਆ ਗਿਆ ਅਤੇ ਮਿਸੀਸਾਗਾ ਦੇ ਰਹਿਣ ਵਾਲੇ 31 ਸਾਲਾ ਅੰਮ੍ਰਿਤਪਾਲ ਸਿੰਘ 'ਤੇ 5000 ਡਾਲਰ ਤੋਂ ਵੱਧ ਦੀ ਭੰਨ-ਤੋੜ ਦਾ ਦੋਸ਼ ਲਗਾਇਆ ਗਿਆ ਹੈ। ਤਿੰਨੋਂ ਵਿਅਕਤੀ ਬਾਅਦ ਵਿਚ ਬਰੈਂਪਟਨ ਵਿਚ ਓਨਟਾਰੀਓ ਕੋਰਟ ਆਫ਼ ਜਸਟਿਸ ਵਿਚ ਪੇਸ਼ ਕੀਤੇ ਜਾਣਗੇ।

ਇਸ ਤੋਂ ਪਹਿਲਾਂ ਐਤਵਾਰ ਨੂੰ ਇੱਥੇ ਇੱਕ ਭਾਰਤੀ ਕੌਂਸਲਰ ਕੈਂਪ ਕੈਨੇਡਾ ਦੇ ਬਰੈਂਪਟਨ ਵਿਚ ਹਿੰਦੂ ਸਭਾ ਮੰਦਿਰ ਵਿਚ ਟੋਰਾਂਟੋ ਦੇ ਨੇੜੇ ਬਰੈਂਪਟਨ ਵਿਚ ਹਿੰਸਕ ਵਾਰਦਾਤ ਹੋਈ। ਹਮਲੇ ਤੋਂ ਬਾਅਦ ਕੈਨੇਡਾ ਵਿਚ ਹਿੰਦੂ ਭਾਈਚਾਰੇ ਲਈ ਕੰਮ ਕਰਨ ਵਾਲੀ ਇੱਕ ਗੈਰ-ਲਾਭਕਾਰੀ ਸੰਸਥਾ ਹਿੰਦੂ ਕੈਨੇਡੀਅਨ ਫਾਊਂਡੇਸ਼ਨ ਨੇ ਮੰਦਰ 'ਤੇ ਹਮਲੇ ਦੀ ਇੱਕ ਵੀਡੀਓ ਸਾਂਝੀ ਕੀਤੀ ਹੈ।




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੋਰਸ ਪੂਰਾ ਹੋਣ ਉਪਰੰਤ ਦਿੱਤੇ ਸਰਟੀਫਿਕੇਟ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਪਿੰਡਾਂ ਅਤੇ ਸ਼ਹਿਰਾਂ ਵਿਚ ਨੌਜਵਾਨ ਲੜਕੇ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਮੁਫ਼ਤ ਸਿਖਲਾਈ ਸੈਂਟਰ (ਸਿਲਾਈ, ਬਿਊਟੀ ਪਾਰਲਰ, ਕੰਪਿਊਟਰ) ਖੋਲ੍ਹੇ ਜਾ ਰਹੇ ਹਨ, ਤਾਂ ਜੋ ਇਹ ਨੌਜਵਾਨ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਇਸ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼੍ਰੀਮਤੀ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਸ੍ਰੀ ਮੁਕਤਸਰ ਸਾਹਿਬ ਵਿਖੇ ਬਿਊਟੀ ਪਾਰਲਰ ਸੈਂਟਰ ਦਾ 6 ਮਹੀਨੇ ਦਾ ਕੋਰਸ ਪੂਰਾ ਹੋਣ ਉਪਰੰਤ ਪ੍ਰੀਖਿਆ ਲੈਣ ਤੋਂ ਬਾਅਦ ਆਈ.ਐੱਸ.ਓ. ਸਰਟੀਫਿਕੇਟ ਜਾਰੀ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਅਜਿਹੇ 8 ਮੁਫ਼ਤ ਸਿਖਲਾਈ ਸੈਂਟਰ ਚੱਲ ਰਹੇ ਹਨ ਅਤੇ ਇਸ ਤੋਂ ਪਹਿਲਾਂ ਸੈਂਕੜਿਆਂ ਦੀ ਗਿਣਤੀ





ਡਾ. ਐੱਸ.ਪੀ. ਸਿੰਘ ਓਬਰਾਏ।

ਵਿਚ ਨੌਜਵਾਨ ਮੁਫ਼ਤ ਕੋਰਸ ਕਰਕੇ ਆਪਣੇ ਪਰਿਵਾਰਾਂ ਦਾ ਵਧੀਆ ਪਾਲਣ-ਪੋਸ਼ਣ ਕਰ ਰਹੇ ਹਨ। ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ ਅਤੇ ਬਲਜੀਤ ਸਿੰਘ ਮਾਨ ਰਿਟਾਇਰਡ ਪ੍ਰਿੰਸੀਪਲ ਸਿੱਖਿਆ ਸਲਾਹਕਾਰ ਨੇ ਕਿਹਾ ਕਿ ਅਜਿਹੇ ਉਪਰਾਲੇ ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣ ਲਈ ਸਹਾਈ ਹੋ ਰਹੇ ਹਨ ਅਤੇ ਉਨ੍ਹਾਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਇਸ ਦਾ ਲਾਹਾ ਲੈਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰਚਰਨ ਸਿੰਘ ਭੋਣ (ਸਰਕਾਰੀ ਅਧਿਆਪਕ), ਸੋਮਨਾਥ, ਮੈਡਮ ਮਨਿੰਦਰ ਕੌਰ ਸੈਂਟਰ ਕੰਟਰੋਲਰ, ਪ੍ਰਿੰਸੀਪਲ ਬਿੰਦਰ ਪਾਲ ਕੌਰ ਸਿੱਖਿਆ ਸਲਾਹਕਾਰ, ਮੈਡਮ ਅਨੀਤਾ ਰਾਣੀ ਬਿਊਟੀ ਪਾਰਲਰ ਸੈਂਟਰ ਦੀ ਅਧਿਆਪਕ ਆਦਿ ਹਾਜ਼ਰ ਸਨ।

# ਸੁਪਰੀਮ ਕੋਰਟ ਤੋਂ ਰਾਜੋਆਣਾ ਨੂੰ ਨਹੀਂ ਮਿਲੀ ਰਾਹਤ

**ਨਵੀਂ ਦਿੱਲੀ, (ਪੰਜਾਬ ਮੇਲ)**- ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ ਸੁਪਰੀਮ ਕੋਰਟ ਵੱਲੋਂ ਕੋਈ ਅੰਤਰਿਮ ਰਾਹਤ ਨਹੀਂ ਮਿਲ ਸਕੀ, ਕਿਉਂਕਿ ਸੁਪਰੀਮ ਕੋਰਟ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਣਵਾਈ 18 ਨਵੰਬਰ ਤੱਕ ਟਾਲ ਦਿੱਤੀ ਹੈ।

ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਰਾਜੋਆਣਾ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੂੰ ਕਿਹਾ, "ਕੇਂਦਰ ਅਤੇ ਪੰਜਾਬ ਸਰਕਾਰ ਨੂੰ ਸੁਣੇ ਬਿਨਾਂ ਕੋਈ ਅੰਤਰਿਮ ਰਾਹਤ ਨਹੀਂ ਦਿੱਤੀ ਜਾ ਸਕਦੀ।

ਵਕੀਲ ਮੁਕੁਲ ਰੋਹਤਗੀ ਨੇ ਦੱਸਿਆ ਕਿ 29 ਸਾਲਾਂ 'ਚੋਂ 17 ਸਾਲ ਉਹ ਫਾਂਸੀ ਦੀ ਸਜ਼ਾ 'ਤੇ ਰਿਹਾ ਹੈ ਅਤੇ ਇਸ ਦੇ ਬਾਵਜੂਦ ਸਰਕਾਰ ਨੇ ਉਸ ਦੀ ਰਹਿਮ ਦੀ ਅਪੀਲ ਦਾ ਨਿਪਟਾਰਾ ਨਹੀਂ ਕੀਤਾ ਹੈ, ਜਦਕਿ ਬਾਕੀਆਂ ਦੀ ਮੌਤ ਦੀ ਸਜ਼ਾ ਨੂੰ ਸੁਪਰੀਮ ਕੋਰਟ ਨੇ ਉਮਰ ਕੈਦ 'ਚ ਬਦਲ ਦਿੱਤਾ ਹੈ।

ਬੈਂਚ, ਜਿਸ ਵਿਚ ਜਸਟਿਸ ਪੀ.ਕੇ. ਮਿਸ਼ਰਾ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਵੀ ਸ਼ਾਮਲ ਸਨ, ਨੇ ਪੰਜਾਬ ਸਰਕਾਰ ਵੱਲੋਂ ਰਾਜੋਆਣਾ ਦੀ ਪਟੀਸ਼ਨ 'ਤੇ ਜਵਾਬ ਦੇਣ ਲਈ ਸਮਾਂ ਮੰਗਣ ਤੋਂ ਬਾਅਦ ਸੁਣਵਾਈ ਦੋ ਹ਼ਫਤਿਆਂ ਲਈ ਟਾਲ ਦਿੱਤੀ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਵੀ ਕਿਹਾ ਕਿ ਉਨ੍ਹਾਂ ਨੂੰ

■ **ਸੁਣਵਾਈ 18 ਨਵੰਬਰ ਤੱਕ ਟਾਲੀ**



ਬਲਵੰਤ ਸਿੰਘ ਰਾਜੋਆਣਾ।

ਪਟੀਸ਼ਨ 'ਤੇ ਨਿਰਦੇਸ਼ ਪ੍ਰਾਪਤ ਕਰਨ ਦੀ ਲੋੜ ਹੈ।

ਗ਼ੌਰਤਲਬ ਹੈ ਕਿ 1995 ਵਿਚ ਹੋਈ ਬੇਅੰਤ ਸਿੰਘ ਦੀ ਹੱਤਿਆ ਦਾ ਦੋਸ਼ੀ ਰਾਜੋਆਣਾ ਇੱਕ ਸਾਬਕਾ ਪੰਜਾਬ ਪੁਲਿਸ ਕਾਂਸਟੇਬਲ ਹੈ ਅਤੇ ਉਹ ਆਪਣੀ ਫਾਂਸੀ ਦੀ ਉਡੀਕ ਵਿਚ 28 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਬੰਦ ਹੈ।

ਜ਼ਿਕਰਯੋਗ ਹੈ ਕਿ 31 ਅਗਸਤ, 1995 ਨੂੰ ਚੰਡੀਗੜ੍ਹ ਵਿਚ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਇੱਕ ਧਮਾਕੇ ਵਿਚ ਪੰਜਾਬ ਦੇ ਮੌਕੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰਾਂ ਦੀ ਮੌਤ ਹੋ ਗਈ ਸੀ। ਰਾਜੋਆਣਾ ਨੂੰ ਇੱਕ ਵਿਸ਼ੇਸ਼ ਅਦਾਲਤ ਨੇ 2007 ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਉਸ ਦੀ ਰਹਿਮ ਦੀ ਅਪੀਲ 12 ਸਾਲਾਂ ਤੋਂ ਵੱਧ ਸਮੇਂ ਤੋਂ ਲਟਕ ਰਹੀ ਹੈ।

3 ਮਈ 2023 ਨੂੰ ਸਿਖਰਲੀ ਅਦਾਲਤ ਨੇ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕੇਂਦਰ ਨੂੰ ਉਸਦੀ ਰਹਿਮ ਦੀ ਅਪੀਲ 'ਤੇ 'ਜਿਵੇਂ ਅਤੇ ਜਦੋਂ ਜ਼ਰੂਰੀ ਸਮਝਿਆ ਜਾਵੇ' ਫੈਸਲਾ ਲੈਣ ਲਈ ਕਿਹਾ ਸੀ। ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਘਟਾਉਣ ਤੋਂ ਇਨਕਾਰ ਕਰਨ ਤੋਂ 16 ਮਹੀਨਿਆਂ ਤੋਂ ਵੱਧ ਸਮੇਂ ਬਾਅਦ ਸੁਪਰੀਮ ਕੋਰਟ ਨੇ 25 ਸਤੰਬਰ ਨੂੰ ਇਸ ਮੁੱਦੇ 'ਤੇ ਮੁੜ ਵਿਚਾਰ ਕਰਨ ਲਈ ਸਹਿਮਤੀ ਦਿੱਤੀ ਸੀ। ਇਸ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਉਸ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਬਾਰੇ ਉਸ ਦੀ ਤਾਜ਼ਾ ਪਟੀਸ਼ਨ 'ਤੇ ਇਸ ਆਧਾਰ 'ਤੇ ਜਵਾਬ ਦੇਣ ਲਈ ਕਿਹਾ ਸੀ ਕਿ ਕੇਂਦਰ ਉਸ ਦੀ 25 ਮਾਰਚ, 2012 ਦੀ ਰਹਿਮ ਦੀ ਅਪੀਲ 'ਤੇ ਅੱਜ ਤੱਕ ਕੋਈ ਫੈਸਲਾ ਲੈਣ ਵਿਚ ਅਸਫਲ ਰਿਹਾ ਹੈ।

ਰਾਜੋਆਣਾ 28 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਹੈ ਅਤੇ 17 ਸਾਲਾਂ ਤੋਂ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਦੋਸ਼ੀ ਦੀ ਤਰਫੋਂ ਦਲੀਲ ਦਿੱਤੀ ਸੀ ਕਿ ਰਾਸ਼ਟਰੀ ਸੁਰੱਖਿਆ ਦੇ ਆਧਾਰ 'ਤੇ ਅਣਮਿੱਥੇ ਸਮੇਂ ਲਈ ਉਡੀਕ ਨਹੀਂ ਕੀਤੀ ਜਾ ਸਕਦੀ।

ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਦਾ ਹਵਾਲਾ ਦਿੰਦੇ ਹੋਏ ਪਟੀਸ਼ਨਰ ਨੇ ਦਾਅਵਾ ਕੀਤਾ ਸੀ ਕਿ ਕੈਦੀਆਂ ਦੇ ਨਿਯੰਤਰਣ ਤੋਂ ਬਾਹਰ ਦੇ ਹਾਲਾਤ ਕਾਰਨ ਹੋਈ ਦੇਰੀ ਮੌਤ ਦੀ ਸਜ਼ਾ ਨੂੰ ਘਟਾ ਦਿੰਦੀ ਹੈ ਕਿਉਂਕਿ ਬੇਮਿਸਾਲ ਦੇਰੀ ਨੇ ਪੀੜਾ ਪੈਦਾ ਕੀਤੀ ਅਤੇ ਉਸਦੀ ਸਰੀਰਕ ਅਤੇ ਮਾਨਸਿਕ ਸਿਹਤ 'ਤੇ ਮਾੜਾ ਅਸਰ ਪਾਇਆ ਹੈ।



# ਨਵਜੋਤ ਕੌਰ ਸਿੱਧੂ ਦੀ ਤਰਨਜੀਤ ਸੰਧੂ ਨਾਲ ਮੁਲਾਕਾਤ ਨੇ ਸਿਆਸੀ ਗਲਿਆਰਿਆਂ 'ਚ ਛੇੜੀ ਨਵੀਂ ਚਰਚਾ!

**ਅੰਮ੍ਰਿਤਸਰ**, (ਪੰਜਾਬ ਮੇਲ)- ਸੀਨੀਅਰ ਸਿਆਸਤਦਾਨ ਨਵਜੋਤ ਸਿੰਘ ਸਿੱਧੂ ਲੰਬੇ ਸਮੇਂ ਤੋਂ ਸਿਆਸਤ ਤੋਂ ਦੂਰ ਹਨ। ਇਸ ਦਾ ਇਕ ਕਾਰਨ ਉਨ੍ਹਾਂ ਦੀ ਪਤਨੀ ਦਾ ਕੈਂਸਰ ਵੀ ਰਿਹਾ, ਜਿਨ੍ਹਾਂ ਦਾ ਹੁਣ ਇਲਾਜ ਹੋ ਚੁੱਕਾ ਹੈ ਤੇ ਪੂਰੀ ਤਰ੍ਹਾਂ ਠੀਕ ਹਨ।



ਠੀਕ ਹੋਣ ਮਗਰੋਂ ਨਵਜੋਤ ਕੌਰ ਸਿੱਧੂ ਨੇ ਆਪਣੀ ਧੀ ਰਾਬੀਆ ਸਿੱਧੂ ਸਣੇ ਅੰਮ੍ਰਿਤਸਰ ਵਿਖੇ ਭਾਜਪਾ ਆਗੂ ਤਰਨਜੀਤ ਸਿੰਘ ਸੰਧੂ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੀ ਜਾਣਕਾਰੀ ਤਰਨਜੀਤ ਸਿੰਘ ਸੰਧੂ ਨੇ ਆਪਣੇ 'ਐਕਸ' ਅਕਾਊਂਟ 'ਤੇ ਪੋਸਟ ਕਰ ਕੇ ਦਿੱਤੀ।

ਉਨ੍ਹਾਂ ਨੇ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕਰਕੇ ਲਿਖਿਆ ਕਿ ਉਨ੍ਹਾਂ ਨੂੰ ਆਪਣੇ ਗ੍ਰਹਿ ਵਿਖੇ ਨਵਜੋਤ ਕੌਰ ਸਿੱਧੂ ਨਾਲ ਮੁਲਾਕਾਤ ਕਰ ਕੇ ਬਹੁਤ ਖੁਸ਼ੀ ਹੋਈ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਦੋਵਾਂ ਵਿਚਕਾਰ ਅੰਮ੍ਰਿਤਸਰ ਦੇ ਵਿਕਾਸ ਕਾਰਜਾਂ ਤੇ ਸਮੱਸਿਆਵਾਂ 'ਤੇ ਵਿਚਾਰ-ਚਰਚਾ ਹੋਈ।



ਹਾਲਾਂਕਿ ਇਸ ਮੁਲਾਕਾਤ ਮਗਰੋਂ ਨਵਜੋਤ ਕੌਰ ਸਿੱਧੂ ਜਾਂ ਤਰਨਜੀਤ ਸੰਧੂ ਨੇ ਕੋਈ ਬਿਆਨ ਤਾਂ ਨਹੀਂ ਦਿੱਤਾ, ਪਰ ਇਸ ਮੁਲਾਕਾਤ ਮਗਰੋਂ ਸਿਆਸੀ ਗਲਿਆਰਿਆਂ 'ਚ ਇਕ ਨਵੀਂ ਤਰ੍ਹਾਂ ਦੀ ਚਰਚਾ ਛਿੜ ਗਈ ਹੈ। ਕੁਝ ਸਿਆਸੀ ਮਾਹਿਰ ਇਸ ਮੁਲਾਕਾਤ ਨੂੰ ਸਿੱਧੂ ਪਰਿਵਾਰ ਦੀ ਸਿਆਸਤ 'ਚ ਵਾਪਸੀ ਵਜੋਂ ਦੇਖ ਰਹੇ ਹਨ। ਸਿੱਧੂ ਪਰਿਵਾਰ, ਜੋ ਕਿ ਕਾਂਗਰਸ ਪਾਰਟੀ ਤੋਂ ਲਗਾਤਾਰ ਦੂਰੀ 'ਤੇ ਬਣਿਆ ਹੋਇਆ ਹੈ, ਦੀ ਸੰਧੂ ਨਾਲ ਮੁਲਾਕਾਤ ਮਗਰੋਂ ਭਾਜਪਾ 'ਚ ਸ਼ਾਮਲ ਹੋਣ ਦੀਆਂ ਕਿਆਸਰਾਈਆਂ ਨੂੰ ਖ਼ੂਬ ਹਵਾ ਮਿਲੀ ਹੈ।

ਜ਼ਿਕਰਯੋਗ ਹੈ ਕਿ ਤਰਨਜੀਤ ਸਿੰਘ ਸੰਧੂ ਭਾਜਪਾ ਦੇ ਸੀਨੀਅਰ ਆਗੂ ਹਨ ਤੇ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਉਹ ਅੰਮ੍ਰਿਤਸਰ ਤੋਂ ਮੈਦਾਨ 'ਚ ਉਤਰੇ ਸਨ, ਜਿੱਥੇ ਉਨ੍ਹਾਂ ਨੂੰ ਕਾਂਗਰਸ ਦੇ ਗੁਰਜੀਤ ਔਜਲਾ ਤੇ 'ਆਪ' ਦੇ ਕੁਲਦੀਪ ਸਿੰਘ ਧਾਲੀਵਾਲ ਤੋਂ ਬਾਅਦ ਤੀਜਾ ਸਥਾਨ ਹਾਸਲ ਹੋਇਆ ਸੀ।

ਉੱਥੇ ਹੀ ਦੂਜੇ ਪਾਸੇ ਕਾਂਗਰਸ 'ਚ ਪਾਰਟੀ ਆਗੂਆਂ ਨਾਲ ਛਿੜੇ ਕਾਟੋ-ਕਲੇਸ਼ ਮਗਰੋਂ ਨਵਜੋਤ ਸਿੰਘ ਸਿੱਧੂ ਨੇ ਲਗਾਤਾਰ ਪਾਰਟੀ ਤੋਂ ਦੂਰੀ ਬਣਾਈ ਹੋਈ ਹੈ। ਉਨ੍ਹਾਂ ਨੂੰ ਲੋਕ ਸਭਾ ਚੋਣਾਂ ਦੌਰਾਨ ਵੀ ਪਾਰਟੀ ਵੱਲੋਂ ਕੋਈ ਜ਼ਿੰਮੇਵਾਰੀ ਨਹੀਂ ਸੌਂਪੀ ਗਈ, ਜਿਸ ਤੋਂ ਨਾਰਾਜ਼ ਹੋ ਕੇ ਉਨ੍ਹਾਂ ਨੇ ਪਾਰਟੀ ਤੋਂ ਫਾਸਲਾ ਬਣਾ ਲਿਆ ਸੀ। ਹੁਣ ਉਨ੍ਹਾਂ ਦੇ ਪਰਿਵਾਰ ਦੀ ਇਸ ਤਰ੍ਹਾਂ ਭਾਜਪਾ ਆਗੂ ਨਾਲ ਮੁਲਾਕਾਤ ਮਗਰੋਂ ਨਵੀਆਂ ਚਰਚਾਂ ਛਿੜ ਗਈਆਂ ਹਨ। ਹੁਣ ਇਨ੍ਹਾਂ ਚਰਚਾਵਾਂ ਦਾ ਅਸਲ ਸੱਚ ਤਾਂ ਆਉਣ ਵਾਲੇ ਦਿਨਾਂ 'ਚ ਹੀ ਸਾਹਮਣੇ ਆਵੇਗਾ।

## ਪੰਜਾਬ ਸਰਕਾਰ ਵੱਲੋਂ ਜਲਦ ਕਰਵਾਈਆਂ ਜਾਣਗੀਆਂ ਨਗਰ ਨਿਗਮ ਚੋਣਾਂ

ਜਲੰਧਰ, (ਪੰਜਾਬ ਮੇਲ)- ਆਮ ਆਦਮੀ ਪਾਰਟੀ ਲਈ ਉਪ-ਚੋਣਾਂ ਕਾਫ਼ੀ ਅਹਿਮ ਹਨ, ਕਿਉਂਕਿ ਇਸ ਤੋਂ ਬਾਅਦ ਆਉਣ ਵਾਲੇ ਸਮੇਂ 'ਚ ਨਗਰ ਨਿਗਮਾਂ ਦੀਆਂ ਚੋਣਾਂ ਕਰਵਾਈਆਂ ਜਾਣੀਆਂ ਹਨ। ਜੇ ਆਮ ਆਦਮੀ ਪਾਰਟੀ ਸਾਰੀਆਂ ਚਾਰ ਸੀਟਾਂ ਨੂੰ ਜਿੱਤਦੀ ਹੈ, ਤਾਂ ਉਸ ਸਥਿਤੀ 'ਚ ਨਗਰ ਨਿਗਮਾਂ ਦੀਆਂ ਚੋਣਾਂ ਸਰਕਾਰ ਵੱਲੋਂ ਛੇਤੀ ਕਰਵਾ ਦਿੱਤੀਆਂ ਜਾਣਗੀਆਂ।

ਜੇ ਚੋਣ ਨਤੀਜਿਆਂ 'ਚ ਕੁਝ ਫਰਕ ਰਹਿੰਦਾ ਹੈ, ਤਾਂ ਉਸ ਸਥਿਤੀ 'ਚ ਨਗਰ ਨਿਗਮ ਚੋਣਾਂ ਕਰਵਾਉਣ ਬਾਰੇ ਸਰਕਾਰ ਵੱਲੋਂ ਮੁੜ ਵਿਚਾਰ ਕੀਤਾ ਜਾ ਸਕਦਾ ਹੈ। ਪਿਛਲੇ 2 ਸਾਲਾਂ ਤੋਂ ਨਗਰ ਨਿਗਮਾਂ ਦੀਆਂ ਚੋਣਾਂ ਕਿਸੇ ਨਾ ਕਿਸੇ ਕਾਰਨ ਟਲਦੀਆਂ ਆ ਰਹੀਆਂ ਹਨ। ਹੁਣ ਹਾਈ ਕੋਰਟ ਨੇ ਤਾਂ ਦਸੰਬਰ ਮਹੀਨੇ ਦੇ ਅੰਤ ਤੱਕ ਨਗਰ ਨਿਗਮਾਂ ਦੀਆਂ ਚੋਣਾਂ ਕਰਵਾਉਣ ਦੇ ਹੁਕਮ ਦਿੱਤੇ ਹੋਏ ਹਨ। ਆਮ ਆਦਮੀ ਪਾਰਟੀ ਦੇ ਨੇਤਾਵਾਂ ਦਾ ਮੰਨਣਾ ਹੈ ਕਿ ਉਪ-ਚੋਣਾਂ ਦੇ ਨਤੀਜੇ ਹੀ ਨਗਰ-ਨਿਗਮਾਂ ਦੀਆਂ ਚੋਣਾਂ ਦੀ ਦਿਸ਼ਾ ਤੈਅ ਕਰਨਗੇ। ਪੰਚਾਇਤੀ ਚੋਣਾਂ ਤਾਂ ਸਰਕਾਰ ਪਹਿਲਾਂ ਹੀ ਕਰਵਾ ਚੁੱਕੀ ਹੈ। ਅਜੇ ਤੱਕ ਨਗਰ ਨਿਗਮਾਂ 'ਚ ਹੇਠਲੇ ਪੱਧਰ ਤੱਕ ਲੋਕ ਨੁਮਾਇੰਦਿਆਂ ਨੂੰ ਸ਼ਕਤੀਆਂ ਦਾ ਤਬਾਦਲਾ ਨਹੀਂ ਹੋਇਆ ਹੈ।

# ਪੰਜਾਬ ਦੀ ਸਿਆਸਤ ਲਈ ਆਉਣ ਵਾਲਾ ਦਿਨ ਬੇਹੱਦ ਅਹਿਮ



**ਚੰਡੀਗੜ੍ਹ**, (ਪੰਜਾਬ ਮੇਲ)- ਪੰਜਾਬ 'ਚ 4 ਵਿਧਾਨ ਸਭਾ ਸੀਟਾਂ ਗਿੱਦੜਬਾਹਾ, ਚੱਬੇਵਾਲ, ਡੇਰਾ ਬਾਬਾ ਨਾਨਕ ਅਤੇ ਬਰਨਾਲਾ ਨੂੰ ਲੈ ਕੇ ਹੁਣ ਆਉਣ ਵਾਲੇ ਦਿਨ ਬੇਹੱਦ ਅਹਿਮ ਰਹਿਣ ਵਾਲੇ ਹਨ। ਕੇਂਦਰੀ ਚੋਣ ਕਮਿਸ਼ਨ ਨੇ 4 ਸੀਟਾਂ ਲਈ ਉਪ-ਚੋਣਾਂ 13 ਨਵੰਬਰ ਨੂੰ ਕਰਵਾਉਣ ਦਾ ਐਲਾਨ ਕੀਤਾ ਹੋਇਆ ਹੈ ਅਤੇ ਉਪ-ਚੋਣਾਂ ਦੇ ਨਤੀਜੇ 23 ਨਵੰਬਰ ਨੂੰ ਐਲਾਨੇ ਜਾਣਗੇ। ਹੁਣ ਉਪ-ਚੋਣਾਂ 'ਚ ਬਹੁਤ ਹੀ ਘੱਟ ਸਮਾਂ ਬਚਿਆ ਹੈ ਅਤੇ ਅਜਿਹੀ ਸਥਿਤੀ 'ਚ ਸੱਤਾਧਾਰੀ ਆਮ ਆਦਮੀ ਪਾਰਟੀ ਸਮੇਤ ਸਾਰੀਆਂ ਸਿਆਸੀ ਪਾਰਟੀਆਂ ਨੂੰ ਬਹੁਤ ਜ਼ੋਰ ਲਾਉਣਾ ਪਵੇਗਾ।

ਚਾਰਾਂ ਵਿਧਾਨ ਸਭਾ ਸੀਟਾਂ 'ਚ ਕੁੱਲ ਵੋਟਰਾਂ ਦੀ ਗਿਣਤੀ 6,96316 ਹੈ। ਸੂਬੇ 'ਚ ਚੋਣ ਕਮਿਸ਼ਨ ਨੇ ਚਾਰਾਂ ਸੀਟਾਂ 'ਤੇ 831 ਪੋਲਿੰਗ ਕੇਂਦਰ ਸਥਾਪਤ ਕੀਤੇ ਹਨ।

ਇਹ ਉਪ-ਚੋਣਾਂ ਸਬੰਧਤ ਵਿਧਾਨ ਸਭਾ ਸੀਟਾਂ ਦੀ ਅਗਵਾਈ ਕਰਨ ਵਾਲੇ ਵਿਧਾਇਕਾਂ ਦੇ ਸੰਸਦ ਮੈਂਬਰ ਚੁਣੇ ਜਾਣ ਕਾਰਨ ਕਰਵਾਈਆਂ ਜਾ ਰਹੀਆਂ ਹਨ। ਡੇਰਾ ਬਾਬਾ ਨਾਨਕ ਤੋਂ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਗੁਰਦਾਸਪੁਰ ਲੋਕ ਸਭਾ ਸੀਟ ਤੋਂ, ਗਿੱਦੜਬਾਹਾ ਤੋਂ ਵਿਧਾਇਕ ਰਾਜਾ ਅਮਰਿੰਦਰ ਸਿੰਘ ਵੜਿੰਗ ਲੁਧਿਆਣਾ ਲੋਕ ਸਭਾ ਸੀਟ ਤੋਂ, ਬਰਨਾਲਾ ਤੋਂ ਵਿਧਾਇਕ ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਲੋਕ ਸਭਾ ਸੀਟ ਤੋਂ ਅਤੇ ਚੱਬੇਵਾਲ ਤੋਂ ਵਿਧਾਇਕ ਡਾ. ਰਾਜ ਕੁਮਾਰ ਹੁਸ਼ਿਆਰਪੁਰ ਲੋਕ ਸਭਾ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ।

ਆਮ ਆਦਮੀ ਪਾਰਟੀ ਤੋਂ ਬਾਅਦ ਹੁਣ ਕਾਂਗਰਸ ਅਤੇ ਭਾਜਪਾ ਨੂੰ ਇਨ੍ਹਾਂ ਸੀਟਾਂ 'ਤੇ ਚੋਣ ਮੁਹਿੰਮ ਤੇਜ਼ ਕਰਨੀ ਹੈ। ਸ਼੍ਰੋਮਣੀ ਅਕਾਲੀ ਦਲ ਤਾਂ ਪਹਿਲਾਂ ਹੀ ਉਪ-ਚੋਣਾਂ ਨਾ ਲੜਣ ਦਾ ਐਲਾਨ ਕਰ ਚੁੱਕਿਆ ਹੈ। ਉਪ-ਚੋਣਾਂ ਦੇ ਨਤੀਜੇ ਸੂਬੇ ਦੇ ਸਿਆਸੀ ਪਰਿਦ੍ਰਿਸ਼ ਨੂੰ ਪ੍ਰਭਾਵਿਤ ਕਰਨਗੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**






# ਉੱਘੇ ਵਾਰਤਾਕਾਰ ਚਰਨਜੀਤ ਸਿੰਘ ਪੰਨੂ ਦੀ ਪੁਸਤਕ 'ਚੀਸ ਚੁਰਾਸੀ' ਅਤੇ 'ਨਾਰਥ ਪੋਲ' ਲੋਕ ਅਰਪਨ



ਪ੍ਰਸਿੱਧ ਵਾਰਤਾਕਾਰ ਚਰਨਜੀਤ ਸਿੰਘ ਪੰਨੂ ਦੀ ਪੁਸਤਕ 'ਚੀਸ ਚੁਰਾਸੀ' ਲੋਕ ਅਰਪਨ ਕਰਦੇ ਹੋਏ ਮੋਤਾ ਸਿੰਘ ਸਰਾਏ ਅਤੇ ਨਾਲ ਖੜ੍ਹੇ ਹਨ, ਉਸਤਾਦ ਸ਼ਾਇਰ ਗੁਰਦਿਆਲ ਰੋਸ਼ਨ, ਹਰਜਿੰਦਰ ਕੰਗ, ਸੰਤ ਸੰਧੂ, ਪ੍ਰਿੰ. ਗੁਰਮੀਤ ਸਿੰਘ ਪਲਾਹੀ, ਬਲਦੇਵ ਰਾਜ ਕੋਮਲ, ਮਨੋਜ ਫਗਵਾੜਵੀ, ਰਵਿੰਦਰ ਚੋਟ, ਕਮਲੇਸ਼ ਸੰਧੂ, ਪਰਵਿੰਦਰ ਜੀਤ ਸਿੰਘ।



ਪ੍ਰਸਿੱਧ ਵਾਰਤਾਕਾਰ ਚਰਨਜੀਤ ਸਿੰਘ ਪੰਨੂ ਦਾ ਸਫ਼ਰਨਾਮਾ 'ਨਾਰਥ ਪੋਲ' ਲੋਕ ਅਰਪਨ ਕਰਦੇ ਹੋਏ ਮੋਤਾ ਸਿੰਘ ਸਰਾਏ ਅਤੇ ਨਾਲ ਖੜ੍ਹੇ ਹਨ ਉਸਤਾਦ ਸ਼ਾਇਰ ਗੁਰਦਿਆਲ ਰੋਸ਼ਨ, ਹਰਜਿੰਦਰ ਕੰਗ, ਸੰਤ ਸੰਧੂ, ਪ੍ਰਿੰ. ਗੁਰਮੀਤ ਸਿੰਘ ਪਲਾਹੀ, ਬਲਦੇਵ ਰਾਜ ਕੋਮਲ, ਮਨੋਜ ਫਗਵਾੜਵੀ, ਰਵਿੰਦਰ ਚੋਟ, ਕਮਲੇਸ਼ ਸੰਧੂ, ਪਰਵਿੰਦਰ ਜੀਤ ਸਿੰਘ।

**ਫਗਵਾੜਾ, (ਪੰਜਾਬ ਮੇਲ)-** ਪੰਜਾਬੀ ਦੇ ਉੱਘੇ ਵਾਰਤਾਕਾਰ ਚਰਨਜੀਤ ਸਿੰਘ ਪੰਨੂ ਦੀਆਂ ਦੋ ਪੁਸਤਕਾਂ 'ਚੀਸ ਚੁਰਾਸੀ' ਅਤੇ 'ਨਾਰਥ ਪੋਲ' ਫਗਵਾੜਾ ਵਿਖੇ ਸਕੇਪ ਸਾਹਿਤਕ ਸੰਸਥਾ ਦੇ ਸਾਲਾਨਾ ਸਮਾਗਮ ਵਿਚ ਵੱਡੀ ਗਿਣਤੀ ਵਿਚ ਹਾਜ਼ਰ ਲੇਖਕਾਂ, ਪਾਠਕਾਂ ਦੀ ਹਾਜ਼ਰੀ ਵਿਚ ਯੂਰਪੀਅਨ ਪੰਜਾਬੀ ਸੱਥ (ਯੂ.ਕੇ.) ਦੇ ਸੰਚਾਲਕ ਮੋਤਾ ਸਿੰਘ ਸਰਾਏ ਵਲੋਂ ਲੋਕ ਅਰਪਨ ਕੀਤੀਆਂ ਗਈਆਂ। ਇਸ ਸਮੇਂ ਉਸਤਾਦ ਗ਼ਜ਼ਲਗੋ ਗੁਰਦਿਆਲ ਰੌਸ਼ਨ, ਉੱਘੇ ਗੀਤਕਾਰ ਹਰਜਿੰਦਰ ਕੰਗ, ਜੁਝਾਰਵਾਦੀ ਕਵੀ ਸੰਤ ਸੰਧੂ, ਉੱਘੇ ਕਾਲਮਨਵੀਸ, ਲੇਖਕ ਅਤੇ ਸੰਸਥਾ ਦੇ ਸਰਪ੍ਰਸਤ ਗੁਰਮੀਤ ਸਿੰਘ ਪਲਾਹੀ, ਸੰਸਥਾ ਪ੍ਰਧਾਨ ਕਮਲੇਸ਼ ਸੰਧੂ ਹਾਜ਼ਰ ਸਨ।

ਪੁਸਤਕਾਂ ਬਾਰੇ ਜਾਣਕਾਰੀ ਦਿੰਦਿਆਂ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਚਰਨਜੀਤ ਸਿੰਘ ਪੰਨੂ ਨੇ 'ਚੀਸ ਚੁਰਾਸੀ' ਨਿਰਭੈ ਹੋ ਕਿ ਲਿਖੀ ਹੈ। ਉਸਦੀ ਪੁਸਤਕ ਦੇ ਸ਼ਬਦ ਲੋਕ ਮੰਚ ਗਹਿਰੇ ਉਤਰਨ ਦੀ ਸਮਰੱਥਾ ਰੱਖਦੇ ਹਨ। 'ਚੀਸ ਚੁਰਾਸੀ' ਪੁਸਤਕ ਦਾ ਅੰਦਾਜ਼ੇ ਬਿਆਨ ਸਾਦਗੀ ਸੱਪਸ਼ਟਤਾ ਭਰਪੂਰ ਹੈ। ਉਨ੍ਹਾਂ ਦੀ ਦੂਸਰੀ ਪੁਸਤਕ 'ਨਾਰਥ ਪੋਲ' ਇੱਕ ਇਹੋ ਜਿਹਾ ਰੋਚਕ ਸਫ਼ਰਨਾਮਾ ਹੈ, ਜੋ ਪਾਠਕਾਂ ਲਈ ਭਰਪੂਰ ਜਾਣਕਾਰੀ ਉਪਲੱਬਧ ਕਰਵਾਉਂਦਾ

# ਲਾਰੈਂਸ ਬਿਸ਼ਨੋਈ ਦਾ ਭਰਾ ਅਨਮੋਲ ਬਿਸ਼ਨੋਈ ਅਮਰੀਕਾ 'ਚ!

**ਮੁੰਬਈ ਪੁਲਿਸ ਵੱਲੋਂ ਉਸ ਦੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ**

**ਮੁੰਬਈ, (ਪੰਜਾਬ ਮੇਲ)-** ਭਾਰਤ ਸਰਕਾਰ ਲਾਰੈਂਸ ਬਿਸ਼ਨੋਈ ਗੈਂਗ ਦੀਆਂ ਗਤੀਵਿਧੀਆਂ 'ਤੇ ਰੋਕ ਲਗਾਉਣ 'ਚ ਲੱਗੀ ਹੋਈ ਹੈ। ਇਸ ਦੌਰਾਨ ਅਮਰੀਕੀ ਅਧਿਕਾਰੀਆਂ ਨੇ ਮੁੰਬਈ ਪੁਲਿਸ ਨੂੰ ਲਾਰੇਂਸ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਦੀ ਉਨ੍ਹਾਂ ਦੇ ਦੇਸ਼ 'ਚ ਮੌਜੂਦਗੀ ਬਾਰੇ ਚੌਕਸ ਕਰ ਦਿੱਤਾ ਹੈ। ਇਸ ਤੋਂ ਬਾਅਦ ਮੁੰਬਈ ਪੁਲਿਸ ਨੇ ਉਸ ਦੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਅਪਰਾਧ ਸ਼ਾਖਾ ਨੇ ਇਸ ਸਬੰਧ ਵਿਚ ਪਿਛਲੇ ਮਹੀਨੇ ਵਿਸ਼ੇਸ਼ ਅਦਾਲਤ ਵਿਚ ਪਹੁੰਚ ਕੀਤੀ ਸੀ। ਇਕ ਸੀਨੀਅਰ ਅਧਿਕਾਰੀ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ। 16 ਅਕਤੂਬਰ ਨੂੰ ਮੁੰਬਈ ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਉਹ ਸਲਮਾਨ ਖਾਨ ਦੇ ਘਰ ਗੋਲੀਬਾਰੀ ਮਾਮਲੇ ਵਿਚ ਅਨਮੋਲ ਦੀ ਹਵਾਲਗੀ ਸ਼ੁਰੂ ਕਰਨਾ ਚਾਹੁੰਦੀ ਹੈ।

ਲਾਰੇਂਸ ਬਿਸ਼ਨੋਈ ਦੇ ਜੇਲ੍ਹ ਵਿਚ ਹੋਣ ਕਾਰਨ, ਅਪ੍ਰੈਲ ਵਿਚ ਸਲਮਾਨ ਖਾਨ ਦੇ ਘਰ ਦੇ ਬਾਹਰ ਗੋਲੀਬਾਰੀ ਸਮੇਤ ਵੱਡੀਆਂ ਕਾਰਵਾਈਆਂ ਨੂੰ ਅਨਮੋਲ ਦੁਆਰਾ ਅੰਜਾਮ ਦੇਣ ਦਾ ਦੋਸ਼ ਹੈ। ਹਾਲ ਹੀ 'ਚ ਐੱਨ.ਸੀ.ਪੀ. ਨੇਤਾ ਅਤੇ ਸਾਬਕਾ ਵਿਧਾਇਕ ਬਾਬਾ ਸਿੱਦੀਕੀ ਦੇ ਕਤਲ 'ਚ ਵੀ ਅਨਮੋਲ ਦਾ ਨਾਂ ਸਾਹਮਣੇ ਆਇਆ ਸੀ।

ਦੋਸ਼ ਸੀ ਕਿ ਅਨਮੋਲ ਨੇ ਗੋਲੀ ਚਲਾਉਣ ਵਾਲੇ ਮੁਲਜ਼ਮਾਂ ਨਾਲ ਗੱਲ ਕੀਤੀ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਅਨਮੋਲ ਦੀ ਪਛਾਣ ਸਲਮਾਨ ਖਾਨ ਦੀ ਚਾਰਜਸ਼ੀਟ 'ਚ ਲੋੜੀਂਦੇ ਦੋਸ਼ੀ ਵਜੋਂ ਕੀਤੀ ਗਈ ਸੀ, ਜਿਸ ਤੋਂ ਬਾਅਦ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ। ਅਧਿਕਾਰੀਆਂ ਨੇ ਕਿਹਾ ਕਿ ਇਸ ਬਾਰੇ ਕੋਈ ਸਪੱਸ਼ਟਤਾ ਨਹੀਂ ਹੈ ਕਿ ਅਨਮੋਲ ਬਿਸ਼ਨੋਈ ਨੂੰ ਫਿਲਹਾਲ ਅਮਰੀਕੀ ਅਧਿਕਾਰੀਆਂ ਦੁਆਰਾ ਹਿਰਾਸਤ ਵਿਚ ਲਿਆ ਗਿਆ ਹੈ, ਪਰ ਦੇਸ਼ ਵਿਚ ਉਸ ਦੇ ਸੰਭਾਵਿਤ ਟਿਕਾਣੇ ਦਾ ਪਤਾ ਲਗਾਇਆ ਜਾ ਸਕਦਾ ਹੈ। ਅਦਾਲਤ ਨੇ ਪੁਲਿਸ ਨੂੰ ਜ਼ਰੂਰੀ ਦਸਤਾਵੇਜ਼ ਤਿਆਰ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਦਸਤਾਵੇਜ਼ ਗ੍ਰਹਿ ਮੰਤਰਾਲੇ ਨੂੰ ਮੁਹੱਈਆ ਕਰਵਾਏ ਗਏ ਹਨ, ਜਿਸ ਤੋਂ ਬਾਅਦ ਵਿਦੇਸ਼ ਮੰਤਰਾਲਾ ਅਮਰੀਕੀ ਅਧਿਕਾਰੀਆਂ ਨਾਲ ਗੱਲ ਕਰੇਗਾ। ਜੇਕਰ ਹਵਾਲਗੀ ਪ੍ਰਕਿਰਿਆ ਨੂੰ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਮੁੰਬਈ ਪੁਲਿਸ ਦੀ ਕ੍ਰਾਈਮ ਬ੍ਰਾਂਚ ਉਸ ਦੀ ਹਿਰਾਸਤ ਹਾਸਲ ਕਰ ਲਵੇਗੀ।

# ਪਾਕਿਸਤਾਨ ਸਥਿਤ ਸਿੱਖ ਗੁਰੂ ਧਾਮਾਂ ਦੇ ਦਰਸ਼ਨਾਂ ਲਈ ਨਹੀਂ ਲੱਗੇਗੀ ਵੀਜ਼ਾ ਫੀਸ

**ਬਿਨਾਂ ਕਿਸੇ ਫੀਸ ਦੇ 30 ਮਿੰਟ ਦੇ ਅੰਦਰ ਪ੍ਰਾਪਤ ਕਰ ਸਕਦੇ ਨੇ ਆਪਣਾ ਵੀਜ਼ਾ**

**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਕਿਹਾ ਹੈ ਕਿ ਅਮਰੀਕਾ, ਬ੍ਰਿਟੇਨ ਅਤੇ ਕੈਨੇਡਾ ਤੋਂ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ 30 ਮਿੰਟ ਦੇ ਅੰਦਰ ਮੁਫਤ ਆਨਲਾਈਨ ਵੀਜ਼ਾ ਦਿੱਤਾ ਜਾਵੇਗਾ। ਨਕਵੀ ਦੀ ਇਹ ਟਿੱਪਣੀ ਵੀਰਵਾਰ ਨੂੰ ਲਾਹੌਰ ਵਿੱਚ ਸਿੱਖ ਸ਼ਰਧਾਲੂਆਂ ਦੇ 44 ਮੈਂਬਰੀ ਵਿਦੇਸ਼ੀ ਵਫ਼ਦ ਨੂੰ ਮਿਲਣ ਤੋਂ ਬਾਅਦ ਆਈ ਹੈ। ਗ੍ਰਹਿ ਮੰਤਰਾਲਾ ਵੱਲੋਂ ਜਾਰੀ ਬਿਆਨ ਅਨੁਸਾਰ ਮੰਤਰੀ ਨੇ ਸਿੱਖ ਸ਼ਰਧਾਲੂਆਂ ਦਾ ਨਿੱਘਾ ਸਵਾਗਤ ਕੀਤਾ।

ਉਨ੍ਹਾਂ ਮੰਨਿਆ ਕਿ ਪਿਛਲੇ ਸਮੇਂ ਵਿੱਚ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਸਮੇਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਨਕਵੀ ਨੇ ਕਿਹਾ ਕਿ ਸਰਕਾਰ ਨੇ ਸਿੱਖਾਂ ਲਈ ਵੀਜ਼ਾ ਪ੍ਰਕਿਰਿਆ ਨੂੰ ਆਨਲਾਈਨ ਕਰਕੇ ਆਸਾਨ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ ਦੇ ਪਾਸਪੋਰਟ ਧਾਰਕ ਆਨਲਾਈਨ ਅਪਲਾਈ ਕਰ ਸਕਦੇ ਹਨ ਅਤੇ ਬਿਨਾਂ ਕਿਸੇ ਫੀਸ ਦੇ 30 ਮਿੰਟ ਦੇ ਅੰਦਰ ਆਪਣਾ ਵੀਜ਼ਾ ਪ੍ਰਾਪਤ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਇਹ ਸਹੂਲਤ ਇਨ੍ਹਾਂ ਦੇਸ਼ਾਂ ਵਿਚ ਵਸਦੇ ਭਾਰਤੀ ਮੂਲ ਦੇ ਸਿੱਖਾਂ ਨੂੰ ਵੀ ਮਿਲੇਗੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕਰਨਾ ਉਨ੍ਹਾਂ ਦੀ ਸਰਕਾਰ ਦੀ ਤਰਜੀਹ ਹੈ। ਉਨ੍ਹਾਂ ਐਲਾਨ ਕੀਤਾ ਕਿ ਪਾਕਿਸਤਾਨ ਵਿਚ ਬਹੁਤ ਸਾਰੀਆਂ ਸਿੱਖ ਵਿਰਾਸਤੀ ਥਾਵਾਂ ਨੂੰ ਦਰਸ਼ਨਾਂ ਲਈ ਖੋਲ੍ਹਿਆ ਜਾਵੇਗਾ ਅਤੇ ਇਸ ਲਈ ਕਿਸੇ ਪਰਮਿਟ ਦੀ ਲੋੜ ਨਹੀਂ ਹੋਵੇਗੀ।

ਨਕਵੀ ਨੇ ਨੌਜਵਾਨ ਪੀੜ੍ਹੀ ਨੂੰ ਆਕਰਸ਼ਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਪਾਕਿਸਤਾਨ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਗਿਣਤੀ ਸਾਲਾਨਾ ਇਕ ਲੱਖ ਤੋਂ ਵਧਾ ਕੇ 10 ਲੱਖ ਕਰਨ ਦੀ ਇੱਛਾ ਪ੍ਰਗਟਾਈ। ਨਕਵੀ ਨੇ ਇਹ ਵੀ ਦੱਸਿਆ ਕਿ ਪਾਕਿਸਤਾਨ ਸਰਕਾਰ ਨੇ 124 ਦੇਸ਼ਾਂ ਦੇ ਨਾਗਰਿਕਾਂ ਲਈ ਮੁਫਤ ਵੀਜ਼ਾ ਸਹੂਲਤ ਸ਼ੁਰੂ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਪਾਕਿਸਤਾਨ ਦੇ ਹਵਾਈ ਅੱਡਿਆਂ 'ਤੇ ਬਾਇਓਮੈਟ੍ਰਿਕ ਵੈਰੀਫਿਕੇਸ਼ਨ ਹੋਈ ਲਾਜ਼ਮੀ



**ਇਸਲਾਮਾਬਾਦ, (ਪੰਜਾਬ ਮੇਲ)-** ਪਾਕਿਸਤਾਨ ਸਰਕਾਰ ਨੇ ਸਰਹੱਦੀ ਸੁਰੱਖਿਆ ਵਧਾਉਣ ਲਈ ਦੇਸ਼ ਭਰ ਦੇ ਹਵਾਈ ਅੱਡਿਆਂ 'ਤੇ ਬਾਇਓਮੈਟ੍ਰਿਕ ਵੈਰੀਫਿਕੇਸ਼ਨ ਨੂੰ ਲਾਜ਼ਮੀ ਕਰ ਦਿੱਤਾ ਹੈ। ਗ੍ਰਹਿ ਮੰਤਰਾਲਾ ਨੇ ਇਕ ਬਿਆਨ 'ਚ ਕਿਹਾ ਕਿ ਸ਼ੁੱਕਰਵਾਰ ਨੂੰ ਦੇਸ਼ ਦੀ ਸੰਘੀ ਜਾਂਚ ਏਜੰਸੀ ਨੂੰ ਬਾਇਓਮੀਟ੍ਰਿਕ ਮਸ਼ੀਨਾਂ ਲਗਾਉਣ ਦੇ ਸਬੰਧ 'ਚ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਇਹ ਮਸ਼ੀਨਾਂ ਹਵਾਈ ਅੱਡਿਆਂ 'ਤੇ ਅੰਤਰਰਾਸ਼ਟਰੀ ਇਮੀਗ੍ਰੇਸ਼ਨ ਕਾਊਂਟਰਾਂ 'ਤੇ ਲਗਾਈਆਂ ਜਾਣਗੀਆਂ, ਤਾਂ ਜੋ ਯਾਤਰੀਆਂ ਦੀ ਪ੍ਰਭਾਵੀ ਜਾਂਚ ਨੂੰ ਯਕੀਨੀ ਬਣਾਇਆ ਜਾ ਸਕੇ। ਬਿਆਨ ਵਿਚ ਕਿਹਾ ਗਿਆ ਹੈ ਕਿ ਮਸ਼ੀਨਾਂ ਲੱਗਣ ਦੇ ਬਾਅਦ, ਅੰਤਰਰਾਸ਼ਟਰੀ ਯਾਤਰੀਆਂ ਲਈ ਬਾਇਓਮੈਟ੍ਰਿਕ ਵੈਰੀਫਿਕੇਸ਼ਨ ਲਾਜ਼ਮੀ ਹੋ ਜਾਵੇਗੀ। ਇਸ ਕਦਮ ਨਾਲ ਭਗੌੜਿਆਂ ਅਤੇ ਲੋੜੀਂਦੇ ਅਪਰਾਧੀਆਂ ਲਈ ਘਰੇਲੂ ਜਾਂ ਅੰਤਰਰਾਸ਼ਟਰੀ ਯਾਤਰਾ ਕਰਨਾ ਲਗਭਗ ਅਸੰਭਵ ਹੋ ਜਾਵੇਗਾ।



# ਕੈਨੇਡਾ ’ਚ ਅਰਬਾਂ ਦੇ ਰਸਾਇਣਕ ਨਸ਼ੇ ਤੇ ਹਥਿਆਰਾਂ ਸਮੇਤ ਪੰਜਾਬੀ ਗ੍ਰਿਫ਼ਤਾਰ

■ **ਰਸਾਇਣਕ ਨਸ਼ਿਆਂ ਤੇ ਅਸਲੇ ਦੀ ਰਿਕਾਰਡ ਖੇਪ ਬਰਾਮਦ**



ਰਸਾਇਣਕ ਨਸ਼ਿਆਂ ਦੀ ਮੁੱਖ ਸੁਪਰ ਲੈਬ ਦੀ ਪੁਲੀਸ ਵਲੋਂ ਜਾਰੀ ਕੀਤੀ ਗਈ ਫੋਟੋ।

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੀ ਫੈਡਰਲ ਪੁਲਿਸ ਦੇ ਪੱਛਮ ਸਾਹਿਲੀ ਸੰਗਠਨ ਨੇ ਕੈਨੇਡਾ ਵਿਚ ਉਤਪਾਦਿਤ ਰਸਾਇਣਕ ਨਸ਼ਿਆਂ ਦੀ ਸੁਪਰ ਲੈਬੋਰਟਰੀ ਦਾ ਪਤਾ ਲਗਾ ਕੇ ਉੱਥੋਂ ਉੱਚ ਦਰਜੇ ਦੇ ਰਸਾਇਣਕ ਨਸ਼ੇ ਜਿਵੇਂ ਫੈਂਟਾਨਾਇਲ ਅਤੇ ਮੇਥਾਮਫੇਟਾਮਾਈਨ ਡਰੱਗ ਦੀ ਵੱਡੀ ਤੇ ਰਿਕਾਰਡ ਖੇਪ ਸਮੇਤ ਵੱਡੀ ਗਿਣਤੀ ਵਿਚ ਮਾਰੂ ਹਥਿਆਰ ਬਰਾਮਦ ਕਰਕੇ ਲੈਬ ਦੇ ਸੰਚਾਲਕ ਗੁਰਪ੍ਰੀਤ ਰੰਧਾਵਾ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਦਾ ਦਾਅਵਾ ਹੈ ਕਿ ਇਸ ਕਾਰਵਾਈ ਸਦਕਾ ਕਰੋੜਾਂ ਲੋਕਾਂ ਦਾ ਜਾਨੀ ਬਚਾਅ ਹੋਇਆ ਹੈ ਅਤੇ ਅੰਤਰ-ਰਾਸ਼ਟਰੀ ਸੰਗਠਿਤ ਅਪਰਾਧ ਸਮੂਹ ਨੂੰ ਵੱਡਾ ਝਟਕਾ ਦਿੱਤਾ ਗਿਆ ਹੈ।

ਪੁਲਿਸ ਅਨੁਸਾਰ ਫੜੇ ਗਏ ਨਸ਼ੇ ਦੀ ਮਾਤਰਾ ਨੂੰ ਸਾਢੇ 9 ਕਰੋੜ ਨਸ਼ੇੜੀਆਂ ਤੱਕ ਪਹੁੰਚਣ ਤੋਂ ਪਹਿਲਾਂ ਬੰਨ੍ਹ ਲਾਇਆ ਗਿਆ ਹੈ। ਖੇਤਰੀ ਪੁਲਿਸ ਸਹਾਇਕ ਕਮਿਸ਼ਨਰ ਡੇਵਿਡ ਟੇਬੌਲ ਅਨੁਸਾਰ ਨਸ਼ੇ ਦੀਆਂ ਘਾਤਕ ਖੁਰਾਕਾਂ ਨੂੰ ਕੈਨੇਡਾ ਵਿਚ ਵੇਚਿਆ ਅਤੇ ਕਈ ਹੋਰ ਦੇਸ਼ਾਂ ਵਿਚ ਬਰਾਮਦ ਕੀਤਾ ਜਾਣਾ ਸੀ ਤੇ ਸ਼ਾਇਦ ਇਹ ਕੰਮ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਸੀ। ਪੁਲਿਸ ਅਧਿਕਾਰੀ ਅਨੁਸਾਰ ਮਾਰੂ ਨਸ਼ਿਆਂ ਅਤੇ ਅਸਲੇ ਦੀ ਇਹ ਵੱਡੀ ਖੇਪ ਹੁਣ ਤੱਕ ਮਾਤਰਾ ਪੱਖੋਂ ਇੱਕ ਰਿਕਾਰਡ ਹੈ। ਵੈਨਕੂਵਰ ਖੇਤਰ ਵਿਚਲੀ ਮੁੱਖ ਲੈਬ ਦੀਆਂ ਕੁਝ ਇਕਾਈਆਂ ਸਰੀ ਅਤੇ ਦੂਰ ਦੁਰਾਡੇ ਦੇ ਹੋਰ ਖੇਤਰਾਂ ਵਿਚ ਸਨ। ਫੜੇ ਗਏ ਸਮਾਨ ਦੀ ਬਾਜ਼ਾਰੀ ਕੀਮਤ ਕਰੋੜਾਂ ਡਾਲਰਾਂ ਵਿਚ ਆਂਕੀ ਗਈ ਹੈ ਅਤੇ ਭਾਰਤੀ ਰੁਪਏ ਵਿਚ ਇਹ ਅਰਬਾਂ ਰੁਪਏ ਤੱਕ ਪੁੱਜਦੀ ਹੈ।

ਫੜੇ ਗਏ ਨਸ਼ੇ ਤੇ ਹੋਰ ਸਮਾਨ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਅਫਸਰ ਨੇ ਦੱਸਿਆ ਕਿ ਡਰੱਗ ਸੁਪਰਲੈਬ ’ਚੋਂ ਕਈ ਕਿਸਮਾਂ ਦੀਆਂ ਗੈਰ-ਕਾਨੂੰਨੀ ਨਸ਼ੀਲੀਆਂ ਦਵਾਈਆਂ ਜਿਵੇਂ 54 ਕਿਲੋਗ੍ਰਾਮ ਫੈਂਟਾਨਿਲ, 390 ਕਿਲੋਗ੍ਰਾਮ ਮੈਥਾਫੇਟਾਮਾਈਨ, 35 ਕਿਲੋ ਕੋਕੀਨ, 15 ਕਿਲੋ ਐੱਮ.ਡੀ.ਐੱਮ.ਏ. ਅਤੇ 6 ਕਿਲੋ ਭੰਗ ਦੇ ਨਾਲ ਕੁੱਲ 89 ਹਥਿਆਰ ਜ਼ਬਤ ਕੀਤੇ ਹਨ। ਫੜੇ ਗਏ ਹਥਿਆਰਾਂ ਵਿਚ 45 ਹੈਂਡਗਨ, 21 ਏਅਰ ਸਟਾਇਲ ਰਾਈਫਲਾਂ ਅਤੇ ਸਬ-ਮਸ਼ੀਨ-ਗੰਨਾਂ ਸ਼ਾਮਲ ਹਨ। ਮੌਕੇ ਤੋਂ 5 ਲੱਖ ਡਾਲਰ ਦੀ ਕਰੰਸੀ ਵੀ ਫੜੀ ਗਈ ਹੈ। ਉਨ੍ਹਾਂ ਦੱਸਿਆ ਕਿ ਸੈਂਕੜਿਆਂ ਦੀ ਗਿਣਤੀ ਆਧੁਨਿਕ ਗੋਲੀ-ਸਿੱਕੇ ਸਮੇਤ ਦਰਜਨਾਂ ਬੁਲੇਟ ਪਰੂਫ ਜੈਕਟਾਂ ਤੇ ਹੋਰ ਬਚਾਅ ਉਪਕਰਣ ਵੀ ਬਰਾਮਦ ਕੀਤੇ ਗਏ ਹਨ।

ਜਾਂਚ ਟੀਮ ਦੇ ਇੰਚਾਰਜ ਇੰਸਪੈਕਟਰ ਜਿਲੀਅਨ ਵੈਲਰਡ ਅਨੁਸਾਰ ਫੜੀ ਗਈ ਖੇਪ ਕਾਫੀ ਅਧੁਨਿਕ ਢੰਗ ਨਾਲ ਤਿਆਰ ਕੀਤੀ ਜਾਂਦੀ ਸੀ, ਜੋ ਮਨੁੱਖੀ ਸਰੀਰ ਉੱਤੇ ਘਾਤਕ ਅਸਰ ਪਾਉਂਦੀ ਹੈ। ਇਹ ਪੁੱਛੇ ਜਾਣ ’ਤੇ ਕਿ ਪਿਛਲੇ ਸਾਲ ਤੋਂ ਨੌਜੁਆਨਾਂ ਦੀ ਮੌਤਾਂ ਦੀ ਗਿਣਤੀ ਵਿਚ ਵਾਧੇ ਦਾ ਕਾਰਨ ਇਹ ਨਸ਼ੇ ਤਾਂ ਨਹੀਂ ਸੀ, ਤਾਂ ਉਨ੍ਹਾਂ ਜਵਾਬ ਦੇਣ ਦੀ ਥਾਂ ਸਿਰ ਹਿਲਾਇਆ। ਐਡਾ ਵੱਡਾ ਨੈਂਟਵਰਕ ਇੱਕ ਵਿਅਕਤੀ ਦਾ ਕੰਮ ਨਾ ਹੋ ਕੇ ਸੰਗਠਿਤ ਟੀਮ ਹੋਣ ਬਾਰੇ ਪੁੱਛੇ ਜਾਣ ’ਤੇ ਪੁਲਿਸ ਅਧਿਕਾਰੀ ਨੇ ‘ਹੋਰ ਜਾਂਚ ਜਾਰੀ ਹੈ ਅਤੇ ਅੱਗੇ ਵੇਖੋ’ ਕਹਿ ਕੇ ਗੱਲ ਖ਼ਤਮ ਕਰ ਦਿੱਤੀ।

# ਪੰਜਾਬ ਪੁਲਿਸ ਨੇ ਐਨਕਾਊਂਟਰ ’ਚ ਖਤਰਨਾਕ ਮੁਲਜ਼ਮ ਐਨਕਾਊਂਟਰ ’ਚ ਮਾਰਿਆ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਪੁਲਿਸ ਨੇ ਖਤਰਨਾਕ ਗੈਂਗਸਟਰ ਲੰਡਾ ਹਰੀਕੇ ਦੇ ਸ਼ੂਟਰ ਨੂੰ ਐਨਕਾਊਂਟਰ ’ਚ ਮਾਰ ਦਿੱਤਾ ਹੈ। ਡੀ.ਆਈ.ਜੀ. ਹਾਲ ਹੀ ਵਿਚ ਬਾਰਡਰ ਰੇਂਜ ਵਿੱਚ ਬਿਆਸ ਨੇੜੇ ਸਠਿਆਲਾ ਮੰਡੀ ਵਿਚ ਇੱਕ ਏਜੰਟ ਅਤੇ ਸਾਬਕਾ ਸਰਪੰਚ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੁਲਿਸ ਨੇ ਇਸ ਕਤਲੇਆਮ ਵਿਚ ਤਿੰਨ ਸ਼ੂਟਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਡੀ.ਆਈ.ਜੀ. ਬਾਰਡਰ ਰੇਂਜ ਸਤਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਅੱਤਵਾਦੀ ਲੰਡਾ ਹਰੀਕੇ ਦੇ ਤਿੰਨ ਸ਼ੂਟਰਾਂ ਗੁਰਸ਼ਰਨ, ਪਰਵੀਨ ਅਤੇ ਪਾਰਸ ਨੂੰ ਗ੍ਰਿਫਤਾਰ ਕੀਤਾ ਹੈ।

ਇਸੇ ਦੌਰਾਨ ਜਦੋਂ ਪੁਲਿਸ ਗੁਰਸ਼ਰਨ ਅਤੇ ਪਾਰਸ ਨੂੰ ਵਾਰਦਾਤ ’ਚ ਵਰਤੇ ਹਥਿਆਰ ਬਰਾਮਦ ਕਰਨ ਲਈ ਲੈ ਕੇ ਆਈ, ਤਾਂ ਉਨ੍ਹਾਂ ਨੇ ਪੁਲਿਸ ’ਤੇ ਲੁਕਵੇਂ ਹਥਿਆਰਾਂ ਨਾਲ ਫਾਇਰ ਕਰ ਦਿੱਤਾ। ਪੁਲਿਸ ਦੀ ਜਵਾਬੀ ਕਾਰਵਾਈ ਵਿਚ ਗੈਂਗਸਟਰ ਗੁਰਸ਼ਰਨ ਮਾਰਿਆ ਗਿਆ, ਜਦਕਿ ਦੂਜਾ ਗੈਂਗਸਟਰ ਪਾਰਸ ਨਦੀ ਵਿਚ ਛਾਲ ਮਾਰ ਕੇ ਭੱਜਣ ਵਿਚ ਕਾਮਯਾਬ ਹੋ ਗਿਆ।

ਡੀ.ਆਈ.ਜੀ. ਉਨ੍ਹਾਂ ਦੱਸਿਆ ਕਿ ਮੌਕੇ ’ਤੇ ਭਾਰੀ ਪੁਲਿਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ ਅਤੇ ਫਰਾਰ ਮੁਲਜ਼ਮ ਪਾਰਸ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕ ਗੁਰਸ਼ਰਨ ਨੂੰ 9 ਐੱਮ.ਐੱਮ. ਗਲੋਕ ਪਿਸਤੌਲ ਬਰਾਮਦ ਕੀਤਾ ਗਿਆ ਹੈ, ਜਿਸ ਨਾਲ ਉਸ ਨੇ ਪੁਲਿਸ ’ਤੇ ਫਾਇਰਿੰਗ ਕੀਤੀ ਸੀ, ਜਦਕਿ ਫਰਾਰ ਗੈਂਗਸਟਰ ਪਾਰਸ ਕੋਲ ਵੀ ਇਕ ਗਲੋਕ ਹੈ।

# ਬੰਗਲਾਦੇਸ਼ ’ਚ ਹਿੰਦੂਆਂ ਵੱਲੋਂ ਸੁਰੱਖਿਆ ਦੀ ਮੰਗ ਲਈ ਰੈਲੀ



**ਢਾਕਾ, (ਪੰਜਾਬ ਮੇਲ)-** ਇੱਥੋਂ ਦੇ ਹਿੰਦੂਆਂ ਨੇ ਮੁਸਲਿਮ ਬਹੁਗਿਣਤੀ ਵਾਲੇ ਦੇਸ਼ ਵਿਚ ਉਨ੍ਹਾਂ ’ਤੇ ਹਮਲੇ ਵਧਣ ਤੇ ਅੰਤਰਿਮ ਸਰਕਾਰ ਵੱਲੋਂ ਘੱਟ ਗਿਣਤੀਆਂ ’ਤੇ ਹਮਲੇ ਕਰਵਾਉਣ ਵਾਲੇ ਮੁਸਲਮਾਨਾਂ ਦੀ ਪੁਸ਼ਤਪਨਾਹੀ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਹਿੰਦੂ ਆਗੂਆਂ ’ਤੇ ਹਮਲੇ ਕਰਨ ਵਾਲਿਆਂ ਨੂੰ ਬਚਾਇਆ ਜਾ ਰਿਹਾ ਹੈ। ਇਸ ਵਰਤਾਰੇ ਖ਼ਿਲਾਫ਼ ਵੱਡੀ ਗਿਣਤੀ ਹਿੰਦੂਆਂ ਨੇ ਰੈਲੀ ਕੱਢੀ ਤੇ ਸਰਕਾਰ ਖ਼ਿਲਾਫ਼ ਰੋਸ ਪ੍ਰਗਟਾਇਆ।

ਜਾਣਕਾਰੀ ਅਨੁਸਾਰ ਤੀਹ ਹਜ਼ਾਰ ਦੇ ਕਰੀਬ ਹਿੰਦੂਆਂ ਨੇ ਦੱਖਣ-ਪੂਰਬੀ ਸ਼ਹਿਰ ਚਟੋਗ੍ਰਾਮ ਦੇ ਚੌਕ ’ਤੇ ਪ੍ਰਦਰਸ਼ਨ ਕਰਦਿਆਂ ਆਪਣੇ ਹੱਕਾਂ ਦੀ ਮੰਗ ਕਰਦੇ ਹੋਏ ਨਾਅਰੇ ਲਾਏ। ਇਸ ਮੌਕੇ ਹਾਲਾਤ ਨੂੰ ਕਾਬੂ ਵਿਚ ਰੱਖਣ ਲਈ ਪੁਲਿਸ ਤੇ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਗਿਆ ਸੀ।

ਹਿੰਦੂ ਧਿਰਾਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਸਰਕਾਰ ਦਾ ਤਖਤਾ ਪਲਟਣ ਤੇ ਦੇਸ਼ ਛੱਡ ਜਾਣ ਤੋਂ ਬਾਅਦ ਹਿੰਦੂਆਂ ਖ਼ਿਲਾਫ਼ ਹਜ਼ਾਰਾਂ ਹਮਲੇ ਹੋ ਚੁੱਕੇ ਹਨ। ਦੱਸਣਾ ਬਣਦਾ ਹੈ ਕਿ ਬੰਗਲਾਦੇਸ਼ ਵਿਚ ਹਿੰਦੂਆਂ ਦੀ ਗਿਣਤੀ ਅੱਠ ਫੀਸਦੀ ਹੈ, ਜਦਕਿ ਮੁਸਲਮਾਨਾਂ ਦੀ ਆਬਾਦੀ ਲਗਭਗ 91 ਫੀਸਦੀ ਹੈ। ਹਿੰਦੂਆਂ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਦਾ ਕਹਿਣਾ ਹੈ ਕਿ ਅੰਤਰਿਮ ਸਰਕਾਰ ਨੇ ਉਨ੍ਹਾਂ ਨੂੰ ਢੁਕਵੀਂ ਸੁਰੱਖਿਆ ਮੁਹੱਈਆ ਕਰਵਾਉਣ ਲਈ ਯਤਨ ਨਹੀਂ ਕੀਤੇ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV ’ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port ’ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ ’ਚ ਵੇਖੋ ਅਤੇ ਰੇਡੀਓ ’ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV ’ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਜ਼ਿਮਨੀ ਚੋਣਾਂ: ਚੋਣ ਕਮਿਸ਼ਨ ਵੱਲੋਂ ਹਫ਼ਤੇ ਭਰ ਲਈ ਚੋਣ ਪ੍ਰਚਾਰ ਦੇ ਸਮੇਂ 'ਚ ਵਾਧਾ

**■ ਕੇਜਰੀਵਾਲ 9 ਤੋਂ ਕਰਨਗੇ ਪ੍ਰਚਾਰ; ਭਾਜਪਾ ਦੇ ਪ੍ਰਧਾਨ ਗ਼ਾਇਬ; ਕਾਂਗਰਸ ਸਥਾਨਕ ਆਗੂਆਂ 'ਤੇ ਨਿਰਭਰ**

**ਚੰਡੀਗੜ੍ਹ, (ਪੰਜਾਬ ਮੇਲ)-** ਮੁੱਖ ਮੰਤਰੀ ਭਗਵੰਤ ਮਾਨ ਦੇ ਜ਼ਿਮਨੀ ਚੋਣਾਂ ਦੇ ਪ੍ਰਚਾਰ 'ਚ ਕੁੱਦਣ ਨਾਲ ਸਿਆਸੀ ਮਾਹੌਲ ਭਖ ਗਿਆ ਹੈ। ਦੋ ਦਿਨਾਂ ਦੇ ਰੋਡ ਸ਼ੋਅ ਹੋਣ ਮਗਰੋਂ ਜ਼ਿਮਨੀ ਚੋਣਾਂ ਵਿਚ ਜੁਟੇ 'ਆਪ' ਆਗੂਆਂ ਅਤੇ ਵਾਲੰਟੀਅਰਾਂ ਨੇ ਵੀ ਫੁਰਤੀ ਫੜ ਲਈ ਹੈ। ਆਮ ਆਦਮੀ ਪਾਰਟੀ ਵੱਲੋਂ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਰਾਖਵਾਂ ਹਲਕਾ ਚੱਬੇਵਾਲ 'ਚ ਵਿਧਾਇਕਾਂ ਅਤੇ ਵਜ਼ੀਰਾਂ ਨੂੰ ਤਾਇਨਾਤ ਕੀਤਾ ਗਿਆ ਹੈ। ਉਧਰ, ਚੋਣ ਕਮਿਸ਼ਨ ਵੱਲੋਂ ਹਫ਼ਤੇ ਭਰ ਲਈ ਚੋਣ ਪ੍ਰਚਾਰ ਦਾ ਸਮਾਂ ਵੀ ਵਧਾ ਦਿੱਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਤਿੰਨ ਨਵੰਬਰ ਨੂੰ ਹਲਕਾ ਡੇਰਾ ਬਾਬਾ ਨਾਨਕ ਤੋਂ ਚੋਣ ਪ੍ਰਚਾਰ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਕਲਾਨੌਰ ਵਿਚ ਚੋਣ ਰੈਲੀ ਕੀਤੀ ਅਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੂੰ




ਨਿਸ਼ਾਨੇ 'ਤੇ ਲਿਆ। ਬੀਤੇ ਦਿਨੀਂ ਬਰਨਾਲਾ ਵਿਚ ਮੁੱਖ ਮੰਤਰੀ ਨੇ ਰੋਡ ਸ਼ੋਅ ਕੀਤਾ। ਹਾਲੇ ਤੱਕ ਦੂਸਰੀਆਂ ਧਿਰਾਂ ਦਾ ਕੋਈ ਵੱਡਾ ਨੇਤਾ ਜ਼ਿਮਨੀ ਚੋਣਾਂ ਵਿਚ ਨਹੀਂ ਕੁੱਦਿਆ। ਮੁੱਖ ਮੰਤਰੀ ਦੀਆਂ ਰੈਲੀਆਂ ਨੇ ਇਨ੍ਹਾਂ ਹਲਕਿਆਂ ਦੇ ਮਾਹੌਲ 'ਚ ਗਰਮੀ ਭਰ ਦਿੱਤੀ ਹੈ। ਮੁੱਖ ਮੰਤਰੀ ਦੇ ਭਾਸ਼ਨਾਂ ਵਿਚ ਤਿੱਖੇਪਣ ਨੂੰ ਸੰਜਮੀ ਪਾਣ ਚੜ੍ਹਿਆ ਨਜ਼ਰ ਆਇਆ। 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ 8 ਨਵੰਬਰ ਨੂੰ ਪੰਜਾਬ ਆਉਣਗੇ ਅਤੇ ਮੁੱਖ ਮਹਿਮਾਨ ਵਜੋਂ ਲੁਧਿਆਣਾ ਵਿਚ ਹੋ ਰਹੇ ਸਰਪੰਚਾਂ ਦੇ ਸਹੁੰ ਚੁੱਕ ਸਮਾਗਮ 'ਚ ਸ਼ਾਮਲ ਹੋਣਗੇ। ਕੇਜਰੀਵਾਲ ਅਤੇ ਭਗਵੰਤ ਮਾਨ ਸਾਂਝੇ ਤੌਰ 'ਤੇ 9 ਨਵੰਬਰ ਨੂੰ ਚੱਬੇਵਾਲ ਅਤੇ ਡੇਰਾ ਬਾਬਾ ਨਾਨਕ ਵਿਚ ਚੋਣ ਰੈਲੀਆਂ ਕਰਨਗੇ। ਇਸੇ ਤਰ੍ਹਾਂ 10 ਨਵੰਬਰ ਨੂੰ ਕੇਜਰੀਵਾਲ ਤੇ ਭਗਵੰਤ ਮਾਨ ਗਿੱਦੜਬਾਹਾ ਅਤੇ ਬਰਨਾਲਾ ਵਿਚ ਪ੍ਰਚਾਰ ਕਰਨਗੇ। ਹਲਕਾ ਗਿੱਦੜਬਾਹਾ ਵਿਚ 1.66 ਲੱਖ ਵੋਟਰ ਹਨ, ਜਿਨ੍ਹਾਂ ਵਿਚੋਂ 44 ਹਜ਼ਾਰ ਵੋਟਰ ਇਕੱਲੇ ਗਿੱਦੜਬਾਹਾ ਸ਼ਹਿਰ ਦੇ ਹਨ। ਮੁੱਖ ਮੰਤਰੀ ਨੇ ਗਿੱਦੜਬਾਹਾ ਦਾ ਚੋਣ ਮਾਹੌਲ ਦਿਲਚਸਪ ਬਣਾ ਦਿੱਤਾ ਹੈ। ਗਿੱਦੜਬਾਹਾ ਦੇ ਸਥਾਨਕ 'ਆਪ' ਆਗੂਆਂ ਵੱਲੋਂ ਮੁੱਖ ਮੰਤਰੀ ਦੀ ਹਲਕੇ ਵਿਚ ਚੋਣ ਪ੍ਰਚਾਰ ਲਈ ਮੰਗ ਕੀਤੀ ਜਾ ਰਹੀ ਸੀ। ਹਲਕਾ ਬਰਨਾਲਾ 'ਚ ਰੋਡ ਸ਼ੋਅ ਮੌਕੇ ਮੁੱਖ ਮੰਤਰੀ ਨੇ ਭਾਜਪਾ ਆਗੂ ਕੇਵਲ ਸਿੰਘ ਢਿੱਲੋਂ ਨੂੰ ਨਿਸ਼ਾਨੇ 'ਤੇ ਲਿਆ, ਜਦੋਂਕਿ ਗਿੱਦੜਬਾਹਾ ਹਲਕੇ ਵਿਚ ਮਨਪ੍ਰੀਤ ਬਾਦਲ ਅਤੇ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਸਿਆਸੀ ਨਿਸ਼ਾਨੇ ਲਾਏ। ਕਾਂਗਰਸ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਸੁਖਜਿੰਦਰ ਸਿੰਘ ਰੰਧਾਵਾ ਡੇਰਾ ਬਾਬਾ ਨਾਨਕ ਦੇ ਚੋਣ ਪ੍ਰਚਾਰ ਵਿਚ ਜੁਟੇ ਹੋਏ ਹਨ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਹਾਲੇ ਤੱਕ ਗਿੱਦੜਬਾਹਾ ਹਲਕੇ ਵਿਚੋਂ ਬਾਹਰ ਨਹੀਂ ਨਿਕਲ ਸਕੇ। ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਵੀ ਚੋਣ ਪਿੜ ਵਿਚ ਹਾਲੇ ਤੱਕ ਕਿਧਰੇ ਨਹੀਂ ਦਿਖੇ। ਕਾਂਗਰਸ ਦੇ ਸੀਨੀਅਰ ਆਗੂ ਸੰਦੀਪ ਸੰਧੂ ਦਾ ਕਹਿਣਾ ਸੀ ਕਿ ਜ਼ਿਮਨੀ ਚੋਣਾਂ ਵਿਚ ਸਥਾਨਕ ਆਗੂ ਹੀ ਪ੍ਰਚਾਰ ਕਰਨਗੇ ਅਤੇ ਕੋਈ ਕੌਮੀ ਨੇਤਾ ਨਹੀਂ ਆ ਰਿਹਾ। ਜ਼ਿਮਨੀ ਚੋਣਾਂ ਵਾਲੇ ਚਾਰ ਹਲਕਿਆਂ ਵਿਚ ਕੁੱਲ 6.96 ਲੱਖ ਵੋਟਰ ਹਨ। ਇਨ੍ਹਾਂ ਚਾਰ ਹਲਕਿਆਂ ਵਿਚੋਂ ਗਿੱਦੜਬਾਹਾ, ਚੱਬੇਵਾਲ ਅਤੇ ਡੇਰਾ ਬਾਬਾ ਨਾਨਕ ਦੀ ਸੀਟ 'ਤੇ ਪਹਿਲਾਂ ਕਾਂਗਰਸ ਕਾਬਜ਼ ਸੀ, ਜਦੋਂਕਿ ਬਰਨਾਲਾ ਸੀਟ ਪਹਿਲਾਂ 'ਆਪ' ਕੋਲ ਸੀ।

## ਝਾਰਖੰਡ ਵਿਧਾਨ ਚੋਣਾਂ: 70 ਸੀਟਾਂ 'ਤੇ ਰਲ ਕੇ ਲੜਨਗੇ ਕਾਂਗਰਸ ਤੇ ਜੇ.ਐੱਮ.ਐੱਮ.

**ਰਾਂਚੀ, (ਪੰਜਾਬ ਮੇਲ)-** ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਕਿਹਾ ਕਿ ਇੰਡੀਆ ਗਠਜੋੜ ਦੇ ਭਾਈਵਾਲ ਮਿਲ ਕੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲੜਨਗੇ ਅਤੇ ਕਾਂਗਰਸ ਅਤੇ ਜੇ.ਐੱਮ.ਐੱਮ. ਮਿਲ ਕੇ 81 ਵਿੱਚੋਂ 70 ਸੀਟਾਂ 'ਤੇ ਉਮੀਦਵਾਰ ਖੜ੍ਹੇ ਕਰਨਗੇ। ਉਨ੍ਹਾਂ ਕਿਹਾ ਕਿ ਬਾਕੀ ਰਹਿੰਦੀਆਂ 11 ਸੀਟਾਂ ਲਈ ਗਠਜੋੜ ਦੇ ਭਾਈਵਾਲਾਂ ਰਾਸ਼ਟਰੀ ਜਨਤਾ ਦਲ ਅਤੇ ਖੱਬੀਆਂ ਪਾਰਟੀਆਂ ਨਾਲ ਸੀਟਾਂ ਦੀ ਵੰਡ ਬਾਰੇ ਗੱਲਬਾਤ ਚੱਲ ਰਹੀ ਹੈ। ਵਿਧਾਨ ਸਭਾ ਦੀਆਂ 81 ਸੀਟਾਂ ਲਈ 13 ਅਤੇ 20 ਨਵੰਬਰ ਨੂੰ ਦੋ ਪੜਾਵਾਂ ਵਿਚ ਵੋਟਾਂ ਪੈਣਗੀਆਂ ਅਤੇ 23 ਨਵੰਬਰ ਨੂੰ ਗਿਣਤੀ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਹ ਫੈਸਲਾ ਸਹਿਯੋਗੀ ਪਾਰਟੀਆਂ ਨਾਲ ਸਲਾਹ ਮਸ਼ਵਰੇ ਤੋਂ ਬਾਅਦ ਲਿਆ ਗਿਆ ਹੈ ਅਤੇ ਉਮੀਦਵਾਰਾਂ ਦਾ ਐਲਾਨ ਜਲਦੀ ਹੀ ਕਰ ਦਿੱਤਾ ਜਾਵੇਗਾ।

## ਹਵਾਈ ਅੱਡਿਆਂ 'ਤੇ ਸਿੱਖ ਮੁਲਾਜ਼ਮਾਂ ਨੂੰ ਕਿਰਪਾਨ ਪਾਉਣ 'ਤੇ ਪਾਬੰਦੀ ਹਟਾਉਣ ਦੀ ਮੰਗ

**ਅੰਮ੍ਰਿਤਸਰ, (ਪੰਜਾਬ ਮੇਲ)-** ਅੰਮ੍ਰਿਤਸਰ ਵਿਕਾਸ ਮੰਚ ਅਤੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਵਿਕਾਸ ਲਈ ਯਤਨਸ਼ੀਲ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਪਰਸਨ ਇਕਬਾਲ ਸਿੰਘ ਲਾਲਪੁਰਾ ਅਤੇ ਭਾਰਤ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮਮੋਹਨ ਨਾਇਡੂ ਨੂੰ ਪੱਤਰ ਭੇਜ ਕੇ ਸਿੱਖ ਯਾਤਰੀਆਂ ਅਤੇ ਕਰਮਚਾਰੀਆਂ 'ਤੇ ਸ੍ਰੀਸਾਹਿਬ ਪਾਉਣ 'ਤੇ ਪਾਬੰਦੀ ਲਾਉਣ ਦਾ ਮਾਮਲਾ ਤੁਰੰਤ ਹੱਲ ਕਰਨ ਦੀ ਮੰਗ ਕੀਤੀ ਹੈ। ਮੰਚ ਦੇ ਸਰਪ੍ਰਸਤ ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਅਤੇ ਓਵਰਸੀਜ਼ ਸਕੱਤਰ ਤੇ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਕਿਹਾ ਕਿ ਬਿਊਰੋ ਵਲੋਂ ਜਾਰੀ 30 ਅਕਤੂਬਰ ਦੇ ਆਦੇਸ਼ ਅਨੁਸਾਰ ਸਿੱਖ ਯਾਤਰੀਆਂ ਨੂੰ ਛੇ ਇੰਚ ਤੱਕ ਦੇ ਬਲੇਡ ਵਾਲੀ ਕਿਰਪਾਨ ਨਾਲ ਘਰੇਲੂ ਉਡਾਣਾਂ 'ਤੇ ਜਾਣ ਦੀ ਆਗਿਆ ਹੈ। ਉਨ੍ਹਾਂ ਕਿਹਾ ਕਿ ਨੋਟੀਫੀਕੇਸ਼ਨ 'ਚ ਇਹ ਵੀ ਲਿਖ ਦਿੱਤਾ ਗਿਆ ਹੈ ਕਿ ਸਿੱਖ ਕਰਮਚਾਰੀਆਂ ਨੂੰ ਡਿਊਟੀ ਦੌਰਾਨ ਕਿਰਪਾਨ ਪਹਿਨਣ ਤੋਂ ਸਪੱਸ਼ਟ ਤੌਰ 'ਤੇ ਰੋਕ ਹੈ। ਇਸ ਪਾਬੰਦੀ ਨਾਲ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ 'ਤੇ ਅੰਮ੍ਰਿਤਧਾਰੀ ਸਿੱਖ ਕਰਮਚਾਰੀਆਂ ਨੂੰ ਸੁਰੱਖਿਆ ਜਾਂਚ ਤੋਂ ਬਾਅਦ ਟਰਮੀਨਲ ਖੇਤਰ 'ਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਮੰਚ ਨੇ ਪਾਬੰਦੀ ਵਾਲੀ ਲਾਈਨ ਨੂੰ ਹਟਾਉਣ ਅਤੇ ਸਿੱਖ ਕਰਮਚਾਰੀਆਂ ਨੂੰ ਡਿਊਟੀ ਦੌਰਾਨ ਕਿਰਪਾਨ ਪਹਿਨਣ ਦੀ ਆਗਿਆ ਦੇਣ ਲਈ ਜ਼ੋਰ ਦਿੱਤਾ ਹੈ। ਆਗੂਆਂ ਨੇ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਕਿ ਉਹ ਸਿੱਖ ਯਾਤਰੀਆਂ ਅਤੇ ਕਰਮਚਾਰੀਆਂ ਦੇ ਧਾਰਮਿਕ ਅਧਿਕਾਰਾਂ ਦੀ ਰੱਖਿਆ ਕਰਨ ਲਈ ਸਹਿਯੋਗ ਦੇਣ ਤੇ ਭਾਰਤ ਸਰਕਾਰ ਅੱਗੇ ਇਹ ਮੁੱਦਾ ਚੁੱਕਣ।

## ਅਵਤਾਰ ਕਰੀਮਪੁਰੀ ਬਸਪਾ ਦੇ ਮੁੜ ਬਣੇ ਸੂਬਾ ਪ੍ਰਧਾਨ

**■ ਜਸਬੀਰ ਸਿੰਘ ਗੜ੍ਹੀ ਨੂੰ ਅਨੁਸ਼ਾਸਨਹੀਣਤਾ ਕਾਰਨ ਪਾਰਟੀ 'ਚੋਂ ਕੱਢਿਆ**

**ਜਲੰਧਰ, (ਪੰਜਾਬ ਮੇਲ)-** ਬਸਪਾ ਨੇ ਪਾਰਟੀ ਵਿਚ ਅਨੁਸ਼ਾਸਨਹੀਣਤਾ



ਕਾਰਨ ਪੰਜਾਬ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੂੰ ਪਾਰਟੀ 'ਚੋਂ ਕੱਢ ਕੇ ਉਨ੍ਹਾਂ ਦੀ ਥਾਂ ਅਵਤਾਰ ਸਿੰਘ ਕਰੀਮਪੁਰੀ ਨੂੰ ਮੁੜ ਸੂਬਾ ਪ੍ਰਧਾਨ ਬਣਾਇਆ ਹੈ। ਪੰਜਾਬ ਮਾਮਲਿਆਂ ਦੇ ਇੰਚਾਰਜ ਰਣਧੀਰ ਸਿੰਘ ਬੈਨੀਪਾਲ ਨੇ ਇਸ ਦੀ ਪੁਸ਼ਟੀ ਕੀਤੀ ਹੈ। ਸੂਤਰਾਂ ਅਨੁਸਾਰ ਬੀਤੇ ਦਿਨੀਂ ਹੋਈ ਪਾਰਟੀ ਮੀਟਿੰਗ ਵਿਚ ਜਸਵੀਰ ਸਿੰਘ ਗੜ੍ਹੀ ਨੇ ਜਨਤਕ ਤੌਰ 'ਤੇ ਮੁੱਦਾ ਉਠਾਇਆ ਸੀ ਕਿ ਪਾਰਟੀ ਮਾਮਲਿਆਂ ਦੇ ਇੰਚਾਰਜ ਉਤਰ ਪ੍ਰਦੇਸ਼ ਤੋਂ ਹੀ ਕਿਉਂ ਲੱਗਦੇ ਹਨ। ਬਸਪਾ ਸੂਤਰਾਂ ਦਾ ਕਹਿਣਾ ਸੀ ਕਿ ਪਾਰਟੀ ਸੁਪਰੀਮੋ ਕੁਮਾਰੀ ਮਾਇਆਵਤੀ ਉੱਤਰ ਪ੍ਰਦੇਸ਼ ਵਿਚ ਪੰਜ ਵਾਰ ਮੁੱਖ ਮੰਤਰੀ ਬਣੀ ਹੈ। ਬਸਪਾ ਦੇ ਬਾਨੀ ਬਾਬੂ ਕਾਂਸ਼ੀ ਰਾਮ ਨੇ ਵੀ ਉੱਤਰ ਪ੍ਰਦੇਸ਼ ਨੂੰ ਹੀ ਸਭ ਤੋਂ ਵੱਧ ਸਮਾਂ ਦਿੱਤਾ ਸੀ। ਪੰਜਾਬ ਦੇ ਆਗੂ ਅਵਤਾਰ ਸਿੰਘ ਕਰੀਮਪੁਰੀ ਨੂੰ ਵੀ ਉੱਤਰ ਪ੍ਰਦੇਸ਼ ਦੇ ਬਸਪਾ ਵਿਧਾਇਕਾਂ ਨੇ ਹੀ ਰਾਜ ਸਭਾ ਵਿਚ ਭੇਜਿਆ ਸੀ। ਪਾਰਟੀ ਨੇ ਗੜ੍ਹੀ ਦੇ ਬਿਆਨ ਨੂੰ ਅਨੁਸ਼ਾਸਨਹੀਣਤਾ ਮੰਨਦਿਆਂ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

## ਦੇਸ਼ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ 'ਚ ਪਹੁੰਚਿਆ ਪੰਜਾਬ ਦਾ ਅੰਮ੍ਰਿਤਸਰ ਜ਼ਿਲ੍ਹਾ

**ਅੰਮ੍ਰਿਤਸਰ/ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦਾ ਅੰਮ੍ਰਿਤਸਰ ਦੇਸ਼ ਦੇ ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਦੀ ਸੂਚੀ 'ਚ ਪਹੁੰਚ ਗਿਆ ਹੈ। ਸ਼ਨੀਵਾਰ ਸਵੇਰੇ ਆਤਿਸ਼ਬਾਜ਼ੀ ਤੋਂ ਬਾਅਦ ਅੰਮ੍ਰਿਤਸਰ ਦਾ ਏ.ਕਿਊ.ਆਈ. ਗ੍ਰਾਫ ਕੈਟਾਗਰੀ 3 ਵਿਚ ਆ ਗਿਆ ਹੈ। ਇਹ ਦਿੱਲੀ ਦੇ ਪ੍ਰਦੂਸ਼ਣ ਪੱਧਰ ਦੇ ਬਰਾਬਰ ਹੈ। ਚੰਡੀਗੜ੍ਹ ਦਾ ਸਵੇਰੇ ਔਸਤ ਏ.ਕਿਊ.ਆਈ. 297 ਦਰਜ ਕੀਤਾ ਗਿਆ, ਜਦੋਂ ਕਿ ਅੰਮ੍ਰਿਤਸਰ ਦਾ ਏ.ਕਿਊ.ਆਈ. 339 ਸੀ। ਇਹ ਲਗਾਤਾਰ ਦੂਜਾ ਦਿਨ ਹੈ, ਜਦੋਂ ਅੰਮ੍ਰਿਤਸਰ ਦਾ ਏ.ਕਿਊ.ਆਈ. ਖਤਰਨਾਕ ਪੱਧਰ 'ਤੇ ਪਹੁੰਚ ਗਿਆ ਹੈ। ਪਿਛਲੇ ਦਿਨ ਸ਼ਾਮ 4 ਵਜੇ ਵੀ ਔਸਤ ਏ.ਕਿਊ.ਆਈ. 350 ਦਰਜ ਕੀਤਾ ਗਿਆ ਸੀ। ਜੇਕਰ ਇਹ ਜਲਦੀ ਘੱਟ ਨਾ ਹੋਇਆ, ਤਾਂ ਸਰਕਾਰ ਨੂੰ ਅੰਮ੍ਰਿਤਸਰ ਵਿਚ ਗ੍ਰਾਫ਼ 3 ਪਾਬੰਦੀਆਂ ਲਾਉਣ ਬਾਰੇ ਵਿਚਾਰ ਕਰਨਾ ਪਵੇਗਾ। ਇਸ ਦੇ ਨਾਲ ਹੀ ਚੰਡੀਗੜ੍ਹ 'ਚ ਬੀਤੀ ਸ਼ਾਮ ਪ੍ਰਦੂਸ਼ਣ ਦਾ ਪੱਧਰ 302 ਏ.ਕਿਊ.ਆਈ. ਸੀ ਪਰ ਜਿਵੇਂ-ਜਿਵੇਂ ਦਿਨ ਚੜ੍ਹਦਾ ਹੈ, ਕੁਝ ਰਾਹਤ ਮਿਲੀ ਹੈ, ਪਰ ਇਹ ਅਸਥਾਈ ਹੈ। ਇਸ ਦੇ ਨਾਲ ਹੀ ਪੰਜਾਬ ਦੇ ਬਠਿੰਡਾ ਵਿਚ ਸਵੇਰੇ 7 ਵਜੇ ਏ.ਕਿਊ.ਆਈ. 131, ਜਲੰਧਰ ਵਿਚ 225, ਖੰਨਾ ਵਿਚ 220, ਲੁਧਿਆਣਾ ਵਿਚ 266, ਮੰਡੀ ਗੋਬਿੰਦਗੜ੍ਹ ਵਿਚ 236 ਅਤੇ



ਪਟਿਆਲਾ ਵਿਚ 231 ਸੀ। ਪ੍ਰਦੂਸ਼ਣ ਕੰਟਰੋਲ ਬੋਰਡ ਅਨੁਸਾਰ ਅੰਮ੍ਰਿਤਸਰ ਲਾਲ ਸ਼੍ਰੇਣੀ ਵਿਚ ਆਇਆ ਹੈ ਅਤੇ ਪੰਜਾਬ ਦੇ ਜ਼ਿਆਦਾਤਰ ਸ਼ਹਿਰ ਸੰਤਰੀ ਸ਼੍ਰੇਣੀ ਵਿਚ ਆਏ ਹਨ।

ਹਵਾ ਨਾਲ ਫੈਲਣ ਵਾਲੇ ਪ੍ਰਦੂਸ਼ਕ ਜਿਵੇਂ ਕਿ ਪੀ.ਐੱਮ.2.5 ਅਤੇ ਪੀ.ਐੱਮ.10 ਸਿੱਧੇ ਫੇਫੜਿਆਂ ਵਿਚ ਜਾ ਸਕਦੇ ਹਨ ਅਤੇ ਸਾਹ ਲੈਣ ਵਿਚ ਮੁਸ਼ਕਲ, ਦਮਾ ਅਤੇ ਫੇਫੜਿਆਂ ਦੀ ਲਾਗ ਵਰਗੀਆਂ ਸਮੱਸਿਆਵਾਂ ਪੈਦਾ ਕਰ ਸਕਦੇ ਹਨ। ਜਿਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਸਾਹ ਦੀ ਸਮੱਸਿਆ ਹੈ, ਉਨ੍ਹਾਂ ਲਈ ਇਹ ਸਥਿਤੀ ਹੋਰ ਵੀ ਘਾਤਕ ਸਾਬਤ ਹੋ ਸਕਦੀ ਹੈ। ਹਵਾ ਦੇ ਪ੍ਰਦੂਸ਼ਣ ਵਿਚ ਜ਼ਹਿਰੀਲੇ ਕਣ ਖ਼ੂਨ ਦੇ ਪ੍ਰਵਾਹ ਵਿਚ ਦਾਖਲ ਹੋ ਸਕਦੇ ਹਨ, ਜਿਸ ਨਾਲ ਦਿਲ ਦੀਆਂ ਬਿਮਾਰੀਆਂ ਅਤੇ ਹਾਈ ਬਲੱਡ ਪ੍ਰੈਸ਼ਰ ਦਾ ਖ਼ਤਰਾ ਵਧ ਸਕਦਾ ਹੈ। ਪ੍ਰਦੂਸ਼ਣ ਬੱਚਿਆਂ, ਬਜ਼ੁਰਗਾਂ ਅਤੇ ਗਰਭਵਤੀ ਔਰਤਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ। ਬੱਚਿਆਂ ਦਾ ਵਿਕਾਸ ਪ੍ਰਭਾਵਿਤ ਹੋ ਸਕਦਾ ਹੈ ਅਤੇ ਬਜ਼ੁਰਗਾਂ ਵਿਚ ਦਿਲ ਅਤੇ ਫੇਫੜਿਆਂ ਦੀਆਂ ਸਮੱਸਿਆਵਾਂ ਦਾ ਖਤਰਾ ਵੱਧ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com

## ਤਿਹਾੜ ਜੇਲ੍ਹ ਦੇ ਬਾਹਰ ਬੰਦੀ ਸਿੰਘਾਂ ਦੀ ਰਿਹਾਈ ਲਈ ਹੋਈ ਅਰਦਾਸ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੀਆਂ ਸਮੂਹ ਪੰਥਕ ਜਥੇਬੰਦੀਆਂ ਵੱਲੋਂ ਬੰਦੀ ਛੋੜ ਦਿਵਸ ਦੇ ਮੌਕੇ ਤਿਹਾੜ ਜੇਲ੍ਹ ਦੇ ਬਾਹਰ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਗਤੀ ਅਰਦਾਸ ਕੀਤੀ ਗਈ। ਸੰਗਤਾਂ ਵੱਲੋਂ ਗੁਰੂ ਜਸ ਗਾਇਨ ਕਰਨ ਉਪਰੰਤ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਚਰਨਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ ਲਈ ਤਰਲਾ ਮਾਰਿਆ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ, ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਬੰਦੀ ਸਿੰਘਾਂ ਦੀ ਰਿਹਾਈ 'ਚ ਹੋ ਰਹੀ ਦੇਰੀ ਲਈ ਦਿੱਲੀ ਕਮੇਟੀ ਆਗੂਆਂ ਦੀ ਕਾਰਜਸ਼ੈਲੀ ਉਤੇ ਸਵਾਲ ਚੁੱਕੇ। ਡਾਕਟਰ ਪਰਮਿੰਦਰ ਪਾਲ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਹੋਏ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਬਾਰੇ ਫੈਸਲਾ ਲੈਣ ਲਈ ਮਿਤੀ 21 ਦਸੰਬਰ 2023 ਨੂੰ ਦਿੱਲੀ ਸਰਕਾਰ ਦੀ ਸਜ਼ਾ ਸਮੀਖਿਆ ਬੋਰਡ ਦੀ ਹੋਈ ਮੀਟਿੰਗ ਦੀ ਕਾਰਵਾਈ ਜਨਤਕ ਕੀਤੀ। ਡਾਕਟਰ ਪਰਮਿੰਦਰ ਪਾਲ ਸਿੰਘ ਨੇ ਦਾਅਵਾ ਕੀਤਾ ਕਿ ਦਿੱਲੀ ਸਰਕਾਰ ਦੇ ਜੇਲ੍ਹ ਮੰਤਰੀ ਕੈਲਾਸ਼ ਗਹਿਲੋਤ ਵੱਲੋਂ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਦਾ





ਸਮਰਥਨ ਕਰਨ ਦੇ ਬਾਵਜੂਦ ਬੋਰਡ ਦੇ ਬਾਕੀ ਛੇ ਮੈਂਬਰਾਂ ਦੇ ਵਿਰੋਧ ਕਾਰਨ ਰਿਹਾਈ ਮਤਾ 6:1 ਨਾਲ ਰੱਦ ਹੋ ਗਿਆ। ਇਸ ਤੋਂ ਪਹਿਲਾਂ ਵੀ ਇਹ ਬੋਰਡ ਭਾਈ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਮਤੇ ਨੂੰ 4-5 ਵਾਰ ਠੁਕਰਾ ਤੇ 1 ਵਾਰ ਲਟਕਾ ਚੁੱਕਿਆ ਹੈ। ਇਹ ਸਿੱਖਾਂ ਨਾਲ ਸਿੱਧਾ ਵਿਤਕਰਾ ਹੈ।

# ਬਰੈਂਪਟਨ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸ਼ੋਸ਼ਣ ਨੂੰ ਰੋਕਣ ਲਈ ਸੰਘੀ ਅਤੇ ਸੂਬਾਈ ਸਰਕਾਰਾਂ ਤੋਂ ਤੁਰੰਤ ਕਾਰਵਾਈ ਦੀ ਮੰਗ

**ਬਰੈਂਪਟਨ, (ਪੰਜਾਬ ਮੇਲ)**- ਸਿਟੀ ਆਫ ਬਰੈਂਪਟਨ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਮਰਥਨ ਵਿਚ ਇੱਕ ਵਿਸ਼ੇਸ਼ ਕਦਮ ਚੁੱਕ ਰਿਹਾ ਹੈ, ਫੈਡਰਲ ਅਤੇ ਸੂਬਾਈ ਸਰਕਾਰਾਂ ਨੂੰ ਉਹਨਾਂ ਦੇ ਸ਼ੋਸ਼ਣ ਨੂੰ ਖਤਮ ਕਰਨ ਲਈ ਤੁਰੰਤ ਕਾਰਵਾਈ ਕਰਨ ਦੀ ਅਪੀਲ ਕਰ ਰਿਹਾ ਹੈ।

ਮੇਅਰ ਪੈਟਰਿਕ ਬ੍ਰਾਊਨ, ਖੇਤਰੀ ਕੌਂਸਲਰ ਰੋਵੇਨਾ ਸੈਂਟੋਸ ਅਤੇ ਇੰਡਸ ਕਮਿਊਨਿਟੀ ਸਰਵਿਸਿਜ਼ ਦੇ ਸੀ.ਈ.ਓ. ਗੁਰਪ੍ਰੀਤ ਮਲਹੋਤਰਾ ਨੇ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ, ਓਨਟਾਰੀਓ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਮੰਤਰੀ ਨੌਲਨ ਕੁਇਨ ਅਤੇ ਲੇਬਰ, ਇਮੀਗ੍ਰੇਸ਼ਨ, ਸਿਖਲਾਈ ਅਤੇ ਹੁਨਰ ਵਿਕਾਸ ਮੰਤਰੀ ਡੇਵਿਡ ਪਿਚਿਨੀ ਨੂੰ ਪੱਤਰ ਲਿਖ ਕੇ ਉਨ੍ਹਾਂ ਨੂੰ ਕਮਜ਼ੋਰ ਸਥਿਤੀਆਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ।

ਬ੍ਰਾਊਨ, ਸੈਂਟੋਸ ਅਤੇ ਮਲਹੋਤਰਾ ਨੇ ਕਿਹਾ ਕਿ ਉਹ ਇਹ ਜਾਣ ਕੇ ਖੁਸ਼ ਹੋਏ ਕਿ ਕੈਨੇਡਾ ਅੰਤਰਰਾਸ਼ਟਰੀ ਵਿਦਿਆਰਥੀਆਂ ਸਮੇਤ ਅਸਥਾਈ ਨਿਵਾਸੀਆਂ ਦੀ ਗਿਣਤੀ ਨੂੰ ਘਟਾਉਣ ਦੀ ਯੋਜਨਾ ਬਣਾ ਰਿਹਾ ਹੈ, ਪਰ ਇਹ ਹੱਲ ਦਾ ਸਿਰਫ ਇੱਕ ਹਿੱਸਾ ਹੈ। ਉਨ੍ਹਾਂ ਨੇ ਬਰੈਂਪਟਨ ਕਾਉਂਸਲ ਵੱਲੋਂ ਇੱਕ ਤਾਜ਼ਾ ਪ੍ਰਸਤਾਵ ਵੀ ਸ਼ਾਮਲ ਕੀਤਾ, ਜਿਸ ਵਿਚ ਮਾਹਿਰਾਂ ਵੱਲੋਂ ਪੇਸ਼ਕਾਰੀਆਂ ਦਿੱਤੀਆਂ ਗਈਆਂ ਅਤੇ ਮੁੱਦੇ 'ਤੇ ਡੂੰਘਾਈ ਨਾਲ ਚਰਚਾ ਕੀਤੀ ਗਈ।



ਬਰੈਂਪਟਨ ਦੇ 70% ਤੋਂ ਵੱਧ ਅੰਤਰਰਾਸ਼ਟਰੀ ਵਿਦਿਆਰਥੀ ਭਾਰਤੀ ਮੂਲ ਦੇ ਹਨ। ਕੌਂਸਲ ਦੇ ਅੰਕੜਿਆਂ ਅਨੁਸਾਰ, ਬਰੈਂਪਟਨ ਵਿਚ ਹਜ਼ਾਰਾਂ ਆਰਥਿਕ ਤੌਰ 'ਤੇ ਕਮਜ਼ੋਰ ਅੰਤਰਰਾਸ਼ਟਰੀ ਵਿਦਿਆਰਥੀ ਹਨ, ਜੋ ਬਰੈਂਪਟਨ ਜਾਂ ਹੋਰ ਸ਼ਹਿਰਾਂ ਵਿਚ ਪੜ੍ਹ ਰਹੇ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਵਿਦਿਆਰਥੀ "ਝੂਠੀ ਉਮੀਦ" ਦੇ ਸ਼ਿਕਾਰ ਹੋ ਗਏ ਹਨ, ਜਿਸ ਵਿਚ ਵਿਦਿਆਰਥੀ ਵੀਜ਼ਾ ਅਤੇ ਕਾਲਜ ਦਾਖਲੇ ਨਾਲ ਜੁੜੇ ਘੁਟਾਲੇ ਸ਼ਾਮਲ ਹਨ। ਕੈਨੇਡਾ ਆਉਣ ਤੋਂ ਬਾਅਦ ਉਹ ਦੇਖਦੇ ਹਨ ਕਿ ਰਹਿਣ-ਸਹਿਣ ਦੀ ਸਥਾਨਕ ਲਾਗਤ ਉਨ੍ਹਾਂ ਦੀ ਵਿੱਤੀ ਸੀਮਾ ਤੋਂ ਵੱਧ ਗਈ ਹੈ, ਅਤੇ ਬਹੁਤ ਸਾਰੀਆਂ ਵਿਦਿਅਕ ਸੰਸਥਾਵਾਂ ਉਨ੍ਹਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਨਹੀਂ ਕਰਦੀਆਂ, ਖਾਸ ਕਰਕੇ ਰਿਹਾਇਸ਼ ਦੇ ਮਾਮਲੇ ਵਿਚ, ਉਨ੍ਹਾਂ ਨੂੰ ਸ਼ੋਸ਼ਣ ਦਾ ਸ਼ਿਕਾਰ ਬਣਾਉਂਦੀਆਂ ਹਨ।

ਅੰਤਰਰਾਸ਼ਟਰੀ ਵਿਦਿਆਰਥਣਾਂ ਦੇ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਕਾਰਨ ਅਣਚਾਹੇ ਗਰਭਪਾਤ, ਗਰਭਪਾਤ, ਮਾਨਸਿਕ ਸਿਹਤ ਸਮੱਸਿਆਵਾਂ ਅਤੇ ਖੁਦਕੁਸ਼ੀ ਵਰਗੀਆਂ ਗੰਭੀਰ ਸਮੱਸਿਆਵਾਂ ਪੈਦਾ ਹੋਈਆਂ ਹਨ। ਸਿਟੀ ਆਫ਼ ਬਰੈਂਪਟਨ ਅਤੇ ਪੀਲ ਰੀਜਨ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸ਼ੋਸ਼ਣ ਨੂੰ ਰੋਕਣ ਲਈ ਇੱਕ ਚਾਰਟਰ, ਰਿਹਾਇਸ਼ੀ ਰੈਂਟਲ ਲਾਇਸੈਂਸਿੰਗ ਪਾਇਲਟ (ਆਰ.ਆਰ.ਐੱਲ.), ਅੰਤਰਰਾਸ਼ਟਰੀ ਵਿਦਿਆਰਥੀ ਸਹਿਯੋਗ ਅਤੇ ਮਨੁੱਖੀ ਤਸਕਰੀ ਵਿਰੋਧੀ ਰਣਨੀਤੀਆਂ ਤਿਆਰ ਕੀਤੀਆਂ ਹਨ।

ਇਸ ਤੋਂ ਇਲਾਵਾ, ਪੀਲ ਰੀਜਨਲ ਪੁਲਿਸ ਦੀ ਮਨੁੱਖੀ ਤਸਕਰੀ ਟੀਮ, ਜਿਸ ਵਿਚ 20 ਮੈਂਬਰ ਹੁੰਦੇ ਹਨ, ਮਨੁੱਖੀ ਤਸਕਰਾਂ ਦੀ ਪਛਾਣ ਕਰਨ, ਮੁਕੱਦਮਾ ਚਲਾਉਣ ਅਤੇ ਚਾਰਜ ਕਰਨ ਲਈ ਸੇਵਾ ਪ੍ਰਦਾਤਾਵਾਂ ਅਤੇ ਵਕੀਲਾਂ ਨਾਲ ਕੰਮ ਕਰਦੀ ਹੈ। ਇਸ ਵਿਚ ਵਿਸ਼ੇਸ਼ ਤੌਰ 'ਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਦਖਲਅੰਦਾਜ਼ੀ ਸਿਖਲਾਈ ਅਤੇ ਜਾਗਰੂਕਤਾ ਪ੍ਰੋਗਰਾਮ ਸ਼ਾਮਲ ਹਨ।

ਕੌਂਸਲ ਨੇ ਕਈ ਪੇਸ਼ਕਾਰੀਆਂ ਸੁਣੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਸੰਘੀ ਅਤੇ ਸੂਬਾਈ ਸਰਕਾਰਾਂ ਤੋਂ ਸਮਰਥਨ ਦੀ ਮੰਗ ਕਰਦੇ ਹੋਏ ਇੱਕ ਮਤਾ ਪਾਸ ਕੀਤਾ। ਸਮਾਜਿਕ ਕਾਰਕੁਨ ਡਾ. ਸੁਖਜੀਵਨ ਸਿੰਘ ਚੱਠਾ ਨੇ ਆਪਣੀ ਪੇਸ਼ਕਾਰੀ "ਲੁਕਿਆ ਹੋਇਆ ਪਰ ਸੰਪੰਨ" ਵਿਚ ਵਿਦਿਆਰਥਣਾਂ 'ਤੇ ਸ਼ੋਸ਼ਣ ਅਤੇ ਮਨੁੱਖੀ ਤਸਕਰੀ ਦੇ ਪ੍ਰਭਾਵ, ਵੀਜ਼ਾ ਅਤੇ ਕਾਲਜ ਦੇ ਦਾਖਲੇ ਨਾਲ ਸਬੰਧਤ ਮੁੱਦਿਆਂ ਅਤੇ ਵਿਦਿਆਰਥਣਾਂ ਦੀ ਦੁਰਦਸ਼ਾ ਬਾਰੇ ਦੱਸਿਆ।

ਇੰਡਸ ਕਮਿਊਨਿਟੀ ਸਰਵਿਸਿਜ਼ ਦੇ ਸੀ.ਈ.ਓ. ਗੁਰਪ੍ਰੀਤ ਮਲਹੋਤਰਾ ਨੇ "ਪੀਲ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸ਼ੋਸ਼ਣ" 'ਤੇ ਧਿਆਨ ਕੇਂਦਰਿਤ ਕੀਤਾ ਅਤੇ ਨੋਟ ਕੀਤਾ ਕਿ ਸਮਾਜਿਕ ਏਜੰਸੀਆਂ ਕਾਨੂੰਨੀ ਪਾਬੰਦੀਆਂ ਕਾਰਨ ਵਿਦਿਆਰਥੀਆਂ ਦੀ ਮਦਦ ਕਰਨ ਵਿਚ ਅਸਮਰੱਥ ਹਨ, ਜਿਸ ਨੂੰ ਫਿਲਮ "ਆਈ ਐਮ ਨੋ ਕਵੀਨ" ਵਿਚ ਵੀ ਦਰਸਾਇਆ ਗਿਆ ਹੈ।

ਸ਼ਹਿਰ ਦੇ ਪੱਤਰ ਵਿਚ ਕਿਹਾ ਗਿਆ ਹੈ ਕਿ ਬਰੈਂਪਟਨ, ਜੋ ਕਿ ਕੈਨੇਡਾ ਦਾ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਵੱਡਾ ਸ਼ਹਿਰ ਹੈ, ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਇਸ ਲਈ ਸੂਬਾਈ ਅਤੇ ਸੰਘੀ ਸਰਕਾਰਾਂ ਤੋਂ ਠੋਸ ਕਦਮ ਚੁੱਕਣ ਦੀ ਲੋੜ ਹੈ।

ਸਫਾ 1 ਦਾ ਬਾਕੀ

## ਰਿਪਬਲਿਕਨਾਂ ਨੇ ਅਮਰੀਕੀ ਸੈਨੇਟ...

ਸੰਸਦ ਦੇ ਇਹ ਸਦਨ ਇੰਨੇ ਸ਼ਕਤੀਸ਼ਾਲੀ ਹਨ ਕਿ ਕਈ ਮਾਮਲਿਆਂ ਵਿਚ ਇਹ ਅਮਰੀਕੀ ਰਾਸ਼ਟਰਪਤੀ ਨੂੰ ਵੀ ਸ਼ਕਤੀਹੀਣ ਬਣਾ ਸਕਦੇ ਹਨ। ਇਸਦਾ ਮਤਲਬ ਹੈ ਕਿ ਅਮਰੀਕੀ ਰਾਜਨੀਤੀ ਵਿਚ ਉਸਦੀ ਤਾਕਤ ਬਹੁਤ ਜ਼ਿਆਦਾ ਹੈ। ਦਰਅਸਲ, ਯੂ.ਐੱਸ. ਕਾਂਗਰਸ ਯਾਨੀ ਅਮਰੀਕੀ ਸੰਸਦ ਨੂੰ ਦੋ ਵਿਧਾਨ ਸਭਾਵਾਂ ਵਿਚ ਵੰਡਿਆ ਗਿਆ ਹੈ। ਇੱਕ ਉਪਰਲਾ ਸਦਨ ਯਾਨੀ ਅਮਰੀਕੀ ਸੈਨੇਟ ਹੈ, ਜਿਸ ਵਿਚ 100 ਸੈਨੇਟਰ ਹਨ। ਹਰੇਕ ਅਮਰੀਕੀ ਰਾਜ ਤੋਂ ਦੋ ਸੈਨੇਟਰ ਚੁਣ ਕੇ ਇਸ ਪੱਧਰ ਤੱਕ ਪਹੁੰਚਦੇ ਹਨ। ਉਨ੍ਹਾਂ ਦਾ ਕਾਰਜਕਾਲ 06 ਸਾਲ ਦਾ ਹੈ। 2024 ਵਿਚ ਇਨ੍ਹਾਂ 100 ਸੀਟਾਂ ਵਿਚੋਂ 34 ਸੀਟਾਂ ਲਈ ਚੋਣਾਂ ਹੋ ਰਹੀਆਂ ਹਨ। ਕਾਂਗਰਸ ਦਾ ਹੇਠਲੇ ਸਦਨ ਨੂੰ ਪ੍ਰਤੀਨਿਧੀ ਸਭਾ ਮਤਲਬ ਹਾਊਸ ਆਫ਼ ਰਿਪ੍ਰਜ਼ੈਂਟੇਟਿਵ ਕਿਹਾ ਜਾਂਦਾ ਹੈ। ਜਿਸ ਵਿਚ 435 ਮੈਂਬਰ ਹਨ, ਉਨ੍ਹਾਂ ਦਾ ਕਾਰਜਕਾਲ ਦੋ ਸਾਲ ਦਾ ਹੈ।

ਸਫਾ 1 ਦਾ ਬਾਕੀ

## ਹੁਣ ਮੈਕਸੀਕੋ ਤੋਂ ਡੌਂਕੀ ਲਾ ਕੇ...

ਇਸ ਨਾਲ ਮੈਕਸੀਕੋ ਤੋਂ ਗੈਰ ਕਾਨੂੰਨੀ ਢੰਗ ਨਾਲ ਬਾਰਡਰ ਟੱਪ ਕੇ ਅਮਰੀਕਾ ਜਾਣ ਵਾਲਿਆਂ ਵਿਚ ਕਮੀ ਦੇਖਣ ਨੂੰ ਮਿਲੀ ਹੈ। ਇਕ ਅਨੁਮਾਨ ਅਨੁਸਾਰ ਮੈਕਸੀਕਨ ਬਾਰਡਰ ਪੈਟਰੋਲ ਵੱਲੋਂ ਹੁਣ ਹਰ ਮਹੀਨੇ ਲਗਭਗ 50 ਤੋਂ 60 ਹਜ਼ਾਰ ਗੈਰ ਪ੍ਰਵਾਸੀਆਂ ਨੂੰ ਫੜਿਆ ਜਾ ਰਿਹਾ ਹੈ। ਇਹ ਹਾਲੇ ਤੱਕ ਅਸਪੱਸ਼ਟ ਹੈ ਕਿ ਮੈਕਸੀਕੋ ਕਿੰਨੀ ਦੇਰ ਤੱਕ ਇਸ ਕਰੈਕਡਾਊਨ ਨੂੰ ਬਰਕਰਾਰ ਰੱਖ ਸਕਦਾ ਹੈ।

ਸਫਾ 1 ਦਾ ਬਾਕੀ

## ਕੈਨੇਡੀਅਨ ਸੰਸਦ 'ਚ ਹਿੰਸਾ ਦੇ ਮੁੱਦੇ ...

ਮੈਂ ਇਹ ਬਿਲਕੁਲ ਸਪੱਸ਼ਟ ਕਰ ਦੇਵਾਂ ਕਿ ਜਿਹੜੇ ਲੋਕ ਹਿੰਸਾ ਅਤੇ ਨਫ਼ਰਤ ਨੂੰ ਭੜਕਾਉਂਦੇ ਹਨ, ਉਹ ਕਿਸੇ ਵੀ ਤਰ੍ਹਾਂ ਕੈਨੇਡਾ ਵਿਚ ਸਿੱਖ ਜਾਂ ਹਿੰਦੂ ਭਾਈਚਾਰੇ ਦੀ ਪ੍ਰਤੀਨਿਧਤਾ ਨਹੀਂ ਕਰਦੇ। ਅਸਲ ਵਿਚ ਟਰੂਡੋ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਦੱਖਣੀ ਏਸ਼ੀਆਈ ਭਾਈਚਾਰਿਆਂ ਵਜੋਂ ਸੰਬੋਧਨ ਕੀਤਾ।

ਵਿਰੋਧੀ ਧਿਰ ਦੇ ਨੇਤਾ ਪਿਏਰੇ ਪੋਲੀਵਰੇ ਨੇ ਹਾਊਸ ਆਫ ਕਾਮਨਜ਼ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਬੁਰੀ ਤਰ੍ਹਾਂ ਘੇਰਿਆ। ਉਨ੍ਹਾਂ ਨੇ ਬਰੈਂਪਟਨ ਮੰਦਰ ਵਿਚ ਹੋਈ ਹਿੰਸਾ ਦੀ ਨਿਖੇਧੀ ਕਰਦਿਆਂ ਪੁੱਛਿਆ ਕਿ ਅਜਿਹੀ ਸਥਿਤੀ ਕਿਉਂ ਪੈਦਾ ਹੋਈ। ਪੋਲੀਵਰੇ ਨੇ ਟਰੂਡੋ 'ਤੇ ਘਰੇਲੂ ਆਰਥਿਕ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਦੱਖਣੀ ਏਸ਼ੀਆਈ ਭਾਈਚਾਰਿਆਂ 'ਚ ਹਿੰਸਾ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ। ਪੋਲੀਵਰੇ ਨੇ ਕਿਹਾ, "ਅੱਜ ਅਸੀਂ ਬਰੈਂਪਟਨ ਦੀਆਂ ਸੜਕਾਂ 'ਤੇ ਫਿਰਕੂ ਝੜਪਾਂ ਦੇਖ ਰਹੇ ਹਾਂ।" ਪ੍ਰਧਾਨ ਮੰਤਰੀ ਟਰੂਡੋ ਦੇ ਸੱਤਾ ਵਿਚ ਆਉਣ ਤੋਂ ਪਹਿਲਾਂ ਦੇਸ਼ ਵਿਚ ਅਜਿਹਾ ਕਦੇ ਨਹੀਂ ਹੋਇਆ ਸੀ। ਅਜਿਹਾ ਲੱਗਦਾ ਹੈ ਕਿ ਉਨ੍ਹਾਂ ਨੇ ਲੋਕਾਂ ਨੂੰ ਵੰਡਣ ਦਾ ਕੰਮ ਕੀਤਾ ਅਤੇ ਉਸ ਵੰਡ ਦਾ ਨਤੀਜਾ ਇਹ ਹਿੰਸਾ ਹੈ। ਕੀ ਪ੍ਰਧਾਨ ਮੰਤਰੀ ਟਰੂਡੋ ਆਪਣੀ ਵੰਡ ਅਤੇ ਨਤੀਜੇ ਵਜੋਂ ਹੋਈ ਹਿੰਸਾ ਦੀ ਜ਼ਿੰਮੇਵਾਰੀ ਲੈਣਗੇ।




PUNJAB MAIL USA

TV Channel, Newspaper, Radio

All over America, Canada, Australia & Europe

24 Hours 7 Days

Gold # 2867, Gem # 375, TV Zon # 6888,
Glow TV # 1828, Tashan # 131, Real TV etc.



For any Information & Advertisement Call at

+1-916-320-9444

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

# ਮਾਨਵਤਾ ਵਿਰੋਧੀ ਸਿੱਖ ਕਤਲੇਆਮ

## 40 ਸਾਲਾ ਬਰਸੀ ’ਤੇ

-ਡਾ. ਦਰਸ਼ਨ ਸਿੰਘ ਹਰਵਿੰਦਰ,
ਨਵੀਂ ਦਿੱਲੀ
+91-98100-73999
ਪੰਜਾਬ ਮੇਲ USA



ਚਾਲੀ ਸਾਲ ਪਹਿਲਾਂ 31 ਅਕਤੂਬਰ 1984 ਨੂੰ ਆਜ਼ਾਦ ਭਾਰਤ ਦੀ ਤਤਕਾਲੀਨ ਹੁਕਮਰਾਨ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਿੱਖ ਅੰਗ-ਰੱਖਿਅਕਾਂ ਦੁਆਰਾ ਗੋਲੀਆਂ ਮਾਰ ਕੇ ਕੀਤੇ ਕਤਲ ਤੋਂ ਬਾਅਦ ਮੁਲਕ ਦੀ ਰਾਜਧਾਨੀ ਦਿੱਲੀ ਸਮੇਤ ਰਾਜਾਂ ਦੀਆਂ ਕਈ ਥਾਂਵਾਂ ’ਤੇ ਹੋਏ ਦਰਦਨਾਕ ਸਿੱਖ ਕਤਲੇਆਮ ਦੇ ਪੀੜਤਾਂ ਨੂੰ 40 ਸਾਲਾਂ ਬਾਅਦ ਵੀ ਇਨਸਾਫ਼ ਦੀ ਉਡੀਕ ਹੈ।

ਇਸ ਕਤਲੇਆਮ ਜੋ ਉਦੋਂ ਕਾਂਗਰਸ ਹਕੂਮਤ ਦੀ ਸ਼ਹਿ ’ਤੇ ਹੋਇਆ, ਮਾਨਵਤਾ ਵਿਰੋਧੀ ਅਣ-ਮਨੁੱਖੀ ਕਾਰਾ ਸੀ, ਰਾਹੀਂ ਸਿੱਖਾਂ ਨੂੰ ‘ਸਿਖਾਏ ਸਬਕ’ ਦੇ ਜ਼ਖ਼ਮ 40 ਸਾਲ ਬੀਤ ਜਾਣ ’ਤੇ ਵੀ ਨਾ ਕੇਵਲ ਅੱਲ੍ਹੇ ਹਨ, ਸਗੋਂ ਨਿਆਂ ਮਿਲਣ ਦੀ ਆਸ ਤੋਂ ਵੀ ਸੱਖਣੇ ਹਨ।

ਬੇਸ਼ੱਕ ਇਨਸਾਫ਼ ਦੀ ਉਡੀਕ ’ਚ ਅਦਾਲਤਾਂ ਅੰਦਰ ਚੱਲ ਰਹੇ ਕੁਝ ਕੇਸਾਂ ’ਚ ਗੱਲ ਅੱਗੇ ਵਧੀ ਹੈ, ਫਿਰ ਵੀ ਇਸ ਦੇ ਬਾਵਜੂਦ ਇਨਸਾਫ਼ ਲਈ ਲੰਮੀ ਲੜਾਈ ਲੜਨੀ ਪੈ ਰਹੀ ਹੈ।

ਇਸ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਸੰਘਰਸ਼ ਕਰਦੇ ਆ ਰਹੇ ਸੀਨੀਅਰ ਵਕੀਲ ਹਰਵਿੰਦਰ ਸਿੰਘ ਫੂਲਕਾ ਨੂੰ ਤਾਂ ਐਤਕੀਂ ਇਸੇ ਲਈ ਇੱਥੋਂ ਤੱਕ ਕਹਿਣਾ ਪਿਆ ਕਿ ਕੌਮੀ ਰਾਜਧਾਨੀ ’ਚ ਸਿੱਖ ਕਤਲੇਆਮ ਪ੍ਰਤੀ ਅੱਖਾਂ ਬੰਦ ਕਰਕੇ ਰੱਖਣ ਲਈ ਸੁਪਰੀਮ ਕੋਰਟ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਫੂਲਕਾ ਦਾ ਤਰਕ ਸੀ ਕਿ ਸੁਪਰੀਮ ਕੋਰਟ 33 ਸਾਲਾਂ ਮਗਰੋਂ ਹਰਕਤ ’ਚ ਆਈ, ਜਦੋਂ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਕੇਸ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕੀਤੀ।

ਉਫ਼! 31 ਅਕਤੂਬਰ 1984 ਨੂੰ ‘ਬੜਾ ਪੇੜ’ ਡਿੱਗਣ ’ਤੇ ਝੰਜੋੜ ਕੇ ਰੱਖ ਗਈ ਤੇ ਉਸੇ ਦਿਨ ਤੋਂ ਤਿੰਨ ਦਿਨ ਤੱਕ ਦਹਿਲੀ ਦਿੱਲੀ ਦੀ ਇਸ ਵਾਰ 40ਵੀਂ ਬਰਸੀ ਹੈ। ਦਹਿਲੀ ਦਿੱਲੀ ਤਦ ਜਦ ਜਲ ਰਹੀ ਸੀ, ਤਾਂ ਹਕੂਮਤ-ਏ-ਹਿੰਦ ‘ਸੌਂ’ ਰਹੀ ਸੀ, ‘ਬੰਸਰੀ ਵਜਾਉਂਦੇ ਨੀਰੂ ਦੀ ਤਰ੍ਹਾਂ ਆਪਣੇ ਜਲ ਰਹੇ ਰੋਮ ਤੋਂ ਬੇਖ਼ਬਰ।’

ਇਹ ਵੀ ਕੈਸਾ ਇਤਫਾਕ ਕਿ ਹਿੰਦੁਸਤਾਨ ਦੇ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਰਾਜੀਵ ਗਾਂਧੀ ਨੂੰ ਮੁਲਕ ਦਾ ਪ੍ਰਧਾਨ ਮੰਤਰੀ ਬਣਾਉਣ ਦੀ ਜਦ ਤਾਜਪੋਸ਼ੀ ਕਰ ਰਹੇ ਸਨ, ਤਦ ਰਾਸ਼ਟਰਪਤੀ ਭਵਨ ਤੋਂ ਬਾਹਰ ਦਿੱਲੀ ਵਿਚ ਸਿੱਖਾਂ ਨੂੰ ‘ਸਬਕ’ ਸਿਖਾਇਆ ਜਾ ਰਿਹਾ ਸੀ, ਬੇਰਹਿਮੀ ਨਾਲ। ਰੋਜ਼-ਏ-ਕਿਆਮਤ ਦੀ ਪਹਿਲੀ ਰਾਤ ਦਾ ਆਗਾਜ਼ ਹੋ ਚੁੱਕਿਆ ਸੀ।

ਹਿੰਦੁਸਤਾਨ ਦਾ ਨਵਾਂ ਹੁਕਮਰਾਨ ਬਣਨ ਲਈ ਸੰਨ 2014 ਦੇ ਸ਼ੁਰੂ ਵਿਚ ਹੋਏ ਲੋਕ ਸਭਾ ‘ਯੁੱਧ’ ਵਿਚ ਜਜ਼ਬਾਤੀ ਤਕਰੀਰਾਂ ਦਾ ਸਹਾਰਾ ਲੈਂਦੇ ਹੋਏ ਰਾਹੁਲ ਗਾਂਧੀ ਦੁਆਰਾ ਛੱਡੇ ਗਏ ਅਗਨ-ਬਾਣ “ਦਾਦੀ ਕੀ ਹੱਤਿਆ ਦੇ ਬਾਅਦ ਮੁਝੇ ਪਤਾ ਚਲਾ ਕਿ....” ਨੂੰ ਕੱਟਣ ਲਈ ਨਰੇਂਦਰ ਮੋਦੀ ਦੇ ‘ਬ੍ਰਹਮ ਅਸਤਰ’ ਉਹ (ਰਾਹੁਲ) ਆਪਣੀ ਦਾਦੀ ਦੇ ਕਤਲ ਉੱਤੇ ਤਾਂ ਚੀਖ ਰਿਹਾ ਹੈ ਪਰ ਕਦੇ ਉਸਨੇ ’84 ਕਤਲੇਆਮ ਵਿਚ ਮਾਰੇ ਜਾਣ ਵਾਲਿਆਂ ’ਤੇ ਆਪਣੇ ਹੰਝੂ ਵਹਾਏ ਹਨ?, ਦਾ ਅਸਰ ਇੰਨਾ ਤੇਜ਼ ਨਿਕਲਿਆ ਕਿ ਅਜੇ ਤੱਕ ਨਾ ਤਾਂ ਕਾਂਗਰਸ ਦੇ ਵੱਲੋਂ ਹੀ ਕੋਈ ਤਸੱਲੀਬਖ਼ਸ਼ ਜਵਾਬ ਆਇਆ ਹੈ, ਸਗੋਂ ਇਸ ‘ਬ੍ਰਹਮ ਅਸਤਰ’ ਦੇ ਸਹਾਰੇ ਕਈ ਸਿੱਖ ਨੇਤਾ ਵੀ ਪਹਿਲਾਂ ਤੋਂ ਜ਼ਿਆਦਾ ਤਾਕਤਵਰ ਵਿਖਾਈ ਦਿੱਤੇ।

ਆਜ਼ਾਦ ਹਿੰਦੁਸਤਾਨ ਦੇ ਆਜ਼ਾਦ ਨਾਗਰਿਕ ਕਿੰਨੇ ਆਜ਼ਾਦ ਹਨ, ਇਹ ਤਾਂ ਇੱਕ ਵੱਖਰਾ ਮਸਲਾ ਹੈ, ਪਰ ਇਹ ਇੱਕ ਕੌੜਾ ਸੱਚ ਹੈ ਕਿ ਸੰਨ 1984 ਦੀ 31 ਅਕਤੂਬਰ ਦੀ ਸ਼ਾਮ ਤੋਂ 3 ਨਵੰਬਰ ਤੱਕ ਸਿੱਖਾਂ ਦੇ ਵਹਿਸ਼ੀ ਸ਼ਿਕਾਰ ਦੀ ਆਜ਼ਾਦੀ ਕੁਝ ਲੋਕਾਂ ਨੂੰ ਜ਼ਰੂਰ ਮਿਲੀ ਹੋਈ ਸੀ। ਇਸ ਚਾਰ ਰੋਜ਼ਾ ‘ਆਜ਼ਾਦੀ’ ਜਿਸਦੇ ਤਾਂਡਵ ਨਾਚ ਨੇ ਦੇਸ਼ ਦੇ ਨਾਂ ’ਤੇ ਕਲੰਕ ਦਾ ਕਾਲਾ ਧੱਬਾ ਲਗਾ ਦਿੱਤਾ, ਨੂੰ ਹਿੰਦੁਸਤਾਨ ਦੇ ਇਤਿਹਾਸ ਵਿਚ ਕਾਲੇ ਪੰਨਿਆਂ ’ਤੇ ਲਿਖਿਆ ਜਾਵੇਗਾ।

ਦੁਖਦ ਤਾਂ ਇਹ ਕਿ ਉਦੋਂ ਤੋਂ ਲੈ ਕੇ ਹੁਣ 39ਵੀਂ ਵਰ੍ਹੇਗੰਢ ਤੱਕ ਵੀ ਇਸ ਚਾਰ ਰੋਜ਼ਾ ‘ਆਜ਼ਾਦੀ’ ਨੂੰ ‘ਦੰਗਾ’ ਪ੍ਰਚਾਰਤ ਕੀਤਾ ਜਾਂਦਾ ਆ ਰਿਹਾ ਹੈ, ਜਦੋਂਕਿ ਹਕੀਕਤ ਵਿਚ ਇਹ ਸ਼ਰੇਆਮ ਸਿੱਖ ਕਤਲੇਆਮ ਸੀ, ਜਿਸ ਨੇ ਦੁਨੀਆਂ ਭਰ ਦੇ ਲੋਕਾਂ ਵਿਚ ਤਹਿਲਕਾ ਮਚਾਉਂਦੇ ਦੇਸ਼ ਦੀ ਰਾਜਧਾਨੀ ਦੇ ਅੰਦਰ ਸਿੱਖ ਵਿਧਵਾਵਾਂ ਦੀ ਵੱਖਰੀ ਕਲੋਨੀ ਹੀ ਵਸਾ ਕੇ ਰੱਖ ਦਿੱਤੀ।




ਸਿਤਮ ਇਹ ਕਿ ਦੁਨੀਆਂ ਵਿਚ ਕਿਧਰੇ, ਕਿਤੇ ਵੀ ਅਜਿਹੀ ਮਿਸਾਲ ਨਹੀਂ ਮਿਲਦੀ, ਜਿੱਥੇ ਵਿਧਵਾ ਕਲੋਨੀ ਵਜੂਦ ਵਿਚ ਆਈ ਹੋਵੇ, ਪਰ ਮੁਲਕ ਦੇ ਹੋਰਨਾਂ ਖੇਤਰਾਂ ਦੇ ਇਲਾਵਾ ਇਸਦੀ ਰਾਜਧਾਨੀ ਦਿੱਲੀ ਦੀਆਂ ਸੜਕਾਂ, ਗਲੀ-ਮੁਹੱਲਿਆਂ ਵਿਚ ਸਿੱਖਾਂ ਨੂੰ ਮੌਤ ਦਾ ਤਾਂਡਵ ਨਾਚ ਸਹਿਣ ਦੇ ਕਾਰਨ ਦਿੱਲੀ, ਜਿੱਥੇ ਪੂਰੇ ਦੇਸ਼ ਦੀ ਵਾਗਡੋਰ ਸੰਭਾਲਣ ਵਾਲੇ ‘ਪ੍ਰਭੂਆਂ’ ਦਾ ਵਾਸ ਹੋਵੇ, ਉੱਥੇ ਵੀ ਮੁਲਕ ਦੇ ਹੁਕਮਰਾਨਾਂ ਦੇ ਰਿਹਾਇਸ਼ੀ ਬਨਾਮ ਰਾਜ ਚਲਾਉਣ ਵਾਲੇ ਇਸ ਸ਼ਹਿਰ ਵਿਚ ਵਿਧਵਾ ਕਲੋਨੀ ਦਾ ‘ਮਜ਼ਾ ਚੱਖਣ’ ਲਈ ਮਜਬੂਰ ਹੋਣਾ ਪਿਆ ਹੋਵੇ।

‘ਵਿਧਵਾਵਾਂ ਦੀ ਕਲੋਨੀ’ ਕਹਿੰਦੇ ਹੋਏ ਇੱਕ ਪੱਥਰ ਦਿਲ ਇਨਸਾਨ ਦਾ ਵੀ ਦਿਲ ਕੰਬ ਉੱਠਦਾ ਹੈ। ਉਸਦਾ ਮਾਹੌਲ ਵੇਖਕੇ, ਇਨ੍ਹਾਂ ਪੀੜਤ ਪਰਿਵਾਰਾਂ ਦਾ ਦੁੱਖ ਸੁਣ ਕੇ ਦਿਲ ਦਹਿਲਦਾ ਹੈ ਤੇ ਅੰਦਰੋਂ ਇੱਕ ਹੂਕ ਜੇਹੀ ਉੱਠਦੀ ਹੈ ਕਿ ਦੇਸ਼ ਦੀ ਆਨ ਤੇ ਸ਼ਾਨ ਦੀ ਖ਼ਾਤਰ ਸਭ ਤੋਂ ਜ਼ਿਆਦਾ ਯੋਗਦਾਨ ਪਾਉਣ ਤੇ ਕੁਰਬਾਨੀ ਦੇਣ ਵਾਲੀ ਇਸ ਕੌਮ, ਜਿਸਦੇ ਹਜ਼ਾਰਾਂ ਪਰਿਵਾਰ ਅਨਾਥ ਹੋ ਗਏ, ਬੱਚੇ ਯਤੀਮ ਹੋ ਗਏ, ਸੁਹਾਗਣਾਂ ਦੇ ਸੁਹਾਗ ਲੁੱਟੇ ਗਏ, ਪਰ ਉਹੀ ਸਿੱਖ ਕੌਮ, ਜਿਸਨੇ ਅਰਬਾਂ ਰੁਪਏ ਖਰਚ ਕਰਕੇ ਆਪਣੇ ਗੁਰੂ ਸਾਹਿਬਾਨ ਦੀਆਂ ਆਲੀਸ਼ਾਨ ਯਾਦਗਾਰਾਂ ਸਥਾਪਤ ਕੀਤੀਆਂ ਹੋਣ, ਨੇ ਇਨ੍ਹਾਂ ਪੀੜਤ ਪਰਿਵਾਰਾਂ ਦੇ ਨਾਲ ਮਹਿਜ਼ ਹਮਦਰਦੀ ਜ਼ਾਹਰ ਕਰਨ, ਪਿਛਲੇ 40 ਸਾਲਾਂ ਤੋਂ ਉਨ੍ਹਾਂ ਨੂੰ ਸਨਮਾਨ ਯੋਗ ਵਸਦੇ ਰਹਿਣ ਲਈ ਸਿਵਾਏ ਹੇਜ ਜਤਾਉਣ ਦੇ ਤਸੱਲੀਬਖ਼ਸ਼ ਕੁੱਝ ਨਹੀਂ ਕੀਤਾ।

1984 ਦੇ ਇਸ ਸ਼ਰਮਨਾਕ ਕਾਂਡ ਜਿਸਨੇ ਭਾਰਤ ਦੇ ਲੋਕਤੰਤਰਿਕ ਚਿਹਰੇ ਉੱਤੇ ਕਾਲਿਖ ਪੋਤ ਦਿੱਤੀ, ਕੋਈ ਮਾਮੂਲੀ ਘਟਨਾ ਨਹੀਂ ਸੀ, ਸਗੋਂ ਹਜ਼ਾਰਾਂ ਸਿੱਖਾਂ ਦੇ ਵਹਿਸ਼ੀ ਕਤਲੇਆਮ, ਲੁੱਟਮਾਰ, ਅੱਗਜ਼ਨੀ ਅਤੇ ਜਬਰ-ਜਨਾਹ ਦੀਆਂ ਘਟਨਾਵਾਂ ਨੇ ਦੁਨੀਆਂ ਭਰ ਵਿਚ ਝੰਜੋੜ ਕੇ ਰੱਖ ਦਿੱਤਾ। ਉਸਦੇ ਬਾਅਦ ਭਾਜਪਾ ਸਹਿਤ ਕਈ ਹਕੂਮਤਾਂ ਆਈਆਂ ਤੇ ਆ ਕੇ ਚਲੀਆਂ ਗਈਆਂ, ਪਰ ਕਿਸੇ ਨੇ ਵੀ ਤਸੱਲੀ ਨਾਲ ਇਨ੍ਹਾਂ ਸਿੱਖ ਕਤਲੇਆਮ ਪੀੜਤਾਂ ਦੇ ਦੁਖੀ ਪਰਿਵਾਰਾਂ ਦੇ ਅੱਲ੍ਹੇ ਜ਼ਖਮਾਂ ’ਤੇ ਮਲੱਹਮ ਲਗਾਉਣ ਦਾ ਕਸ਼ਟ ਨਹੀਂ ਕੀਤਾ।

31 ਅਕਤੂਬਰ, 1984 ਨੂੰ ਹਿੰਦੁਸਤਾਨ ਦੀ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਜਿਨ੍ਹਾਂ ਦੇ ਘਿਨਾਉਣੇ ਕਤਲ ਦੇ ਬਾਅਦ ਇਹ ਵਹਿਸ਼ੀ ਸਿੱਖ ਕਤਲੇਆਮ ਹੋਇਆ, ਦੇ ਸਪੁੱਤਰ ਰਾਜੀਵ ਗਾਂਧੀ ਨੇ ਤਾਂ ਪ੍ਰਧਾਨ ਮੰਤਰੀ ਬਣ ਕੇ ਦੇਸ਼ ਦੀ ਵਾਗਡੋਰ ਸੰਭਾਲਦੇ ਹੀ ਐਲਾਨ ਕਰ ਦਿੱਤਾ ਸੀ, “ਜਦੋਂ ਵੱਡਾ ਦਰਖੱਤ ਡਿੱਗਦਾ ਹੈ, ਤਾਂ ਧਰਤੀ ਹਿੱਲਦੀ ਹੀ ਹੈ।” ....ਤੇ ਇਹ ਧਰਤੀ ਇੰਨੀ ‘ਹਿੱਲੀ’ ਕਿ ਸਿੱਖ ਕਤਲੇਆਮ ਦਾ ਭੂਚਾਲ ਹੀ ਆ ਗਿਆ।

ਵਕਤ ਵੱਡੇ-ਵੱਡੇ ਜ਼ਖ਼ਮਾਂ ਨੂੰ ਭਰ ਦਿੰਦਾ ਹੈ, ਪਰ ਕਈ ਲਾ-ਇਲਾਜ ਜ਼ਖ਼ਮ ਅਜਿਹੇ ਵੀ ਹੁੰਦੇ ਹਨ, ਜੋ ਹਮੇਸ਼ਾ ਹਰੇ ਰਹਿੰਦੇ ਹਨ। ਇਨ੍ਹਾਂ ਜ਼ਖਮਾਂ ਦਾ ਦਰਦ ਤਦ ਹੋਰ ਵੀ ਤਿੱਖੀ ਚੀਸ ਬਣ ਜਾਂਦਾ ਹੈ, ਜਦੋਂ ਉਨ੍ਹਾਂ ਉੱਤੇ ਮਲ੍ਹਮ ਲਗਾਉਣ ਦੀ ਬਜਾਏ ਲੂਣ ਦੇ ਛਿੱਟੇ ਪੈਂਦੇ ਰਹਿਣ, ਕਿਸੇ ਵੀ ਤਰਫੋਂ ਇਨਸਾਫ਼ ਮਿਲਣ ਦੇ ਸਾਰੇ ਦੁਆਰ ਬੰਦ ਹੋ ਜਾਣ।

1984 ਦੇ ਸਿੱਖ ਕਤਲੇਆਮ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਵੀ ਅਜਿਹਾ ਹੀ ਦੁਖਾਂਤ ਵਾਪਰਿਆ, ਜਿਨ੍ਹਾਂ ਦੇ ‘ਸਿਰ ਦੇ ਸਾਈਆਂ’ ਨੂੰ ਤਾਂ ਇਹ ਹਸੀਨ ਦੁਨੀਆਂ ਹੋਰ ਵੇਖਣੀ ਨਸੀਬ ਹੀ ਨਹੀਂ ਸੀ। ਪਰ ਉਹ ਪਿੱਛੇ ਆਪਣੇ ਪਰਿਵਾਰਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਛੱਡ ਗਏ। ਮੱਧ ਵਰਗੀ ਪਰਿਵਾਰਾਂ ਉੱਤੇ ਤਾਂ ਇਹ ਮਾਰ ਜ਼ਿਆਦਾ ਹੀ ਪਈ, ਜੋ ਆਪਣੇ ਵਸਦੇ-ਰਸਦੇ ਘਰ ਛੱਡਕੇ ਝੁੱਗੀ ਝੌਂਪੜੀਆਂ ਵਿਚ ਡੇਰਾ ਲਾਉਣ ਲਈ ਮਜਬੂਰ ਹੋ ਗਏ। ਆਪਣੇ ਮਰਦਾਂ ਦੇ ਬਿਨਾਂ ਇਨ੍ਹਾਂ ਪਰਿਵਾਰਾਂ ਦੀਆਂ ਔਰਤਾਂ ਤੇ ਬਾਪ ਬਿਨਾਂ ਜਿਵੇਂ ਉਨ੍ਹਾਂ ਦੇ ਬੱਚਿਆਂ ਨੇ ਇਹ ਸਮਾਂ ਕਈ-ਕਈ ਵਕਤ ਭੁੱਖੇ ਰਹਿ ਕੇ ਠੰਡੀਆਂ ਸਰਦ ਰਾਤਾਂ ਵਿਚ ਖੁੱਲ੍ਹੇ ਆਸਮਾਨ ਹੇਠ ਗੁਜ਼ਾਰਿਆ ਹੈ, ਇਹ ਅਹਿਸਾਸ ਉਨ੍ਹਾਂ ਦੇ ਇਲਾਵਾ ਕਿਸੇ ਹੋਰ ਨੂੰ ਕੀ ਹੋ ਸਕਦਾ ਹੈ?

ਦਰਅਸਲ 1984 ਦਾ ਇਹ ਕਤਲੇਆਮ ਇੰਨਾ ‘ਪ੍ਰਸਿੱਧ’ ਹੋ ਚੁੱਕਿਆ ਹੈ ਕਿ ਇਸਦੇ ਨਾਲ ਹੁਣ ‘ਸਿੱਖ’ ਲਗਾਉਣ ਦੀ ਵੀ ਜ਼ਰੂਰਤ ਨਹੀਂ ਰਹੀ, ... ਤੇ ਪੀੜਤ ਇਨ੍ਹਾਂ ਸਿੱਖ ਸ਼ਰਨਾਰਥੀਆਂ ਨੂੰ ਆਪਣੇ ਸੌੜੇ ਮੁਫ਼ਾਦਾਂ ਲਈ ਕੈਸ਼ ਕਰਨ ਵਿਚ ਹੇਜੀਆਂ ਨੇ ਕੋਈ ਹਿਚਕਿਚਾਹਟ ਨਹੀਂ ਵਿਖਾਈ। ਇਹੀ ਵਜ੍ਹਾ ਹੈ ਕਿ 1984 ਦੇ ਇਸ ਸਿੱਖ ਕਤਲੇਆਮ ਦੀ ਅੱਗ ਵਿਚ ਝੁਲਸੇ ਹਜ਼ਾਰਾਂ ਲੋਕ ਅਜੇ ਵੀ ਯਥਾ-ਯੋਗ ਸੈਟਲ ਨਹੀਂ ਹੋ ਸਕੇ। ਪਰ ਉਨ੍ਹਾਂ ਦੇ ਜ਼ਰੀਏ ਕੁਝ ਲੋਕ ਸਿੱਖ ਰਾਜਨੀਤੀ ਤੇ ਮਾਲੀ ਖੇਤਰ ਵਿਚ ਆਪਣਾ ਕੱਦ ਵਧਾਉਣ ਵਿਚ ਜ਼ਰੂਰ ਕਾਮਯਾਬ ਰਹੇ, ਜਿਨ੍ਹਾਂ ਨੇ ਸ਼ਰਨਾਰਥੀ ਵਿਧਵਾਵਾਂ ਦਾ ਵੀ ‘ਸਹਾਰਾ’ ਲੈਣ ਤੋਂ ਗੁਰੇਜ਼ ਨਹੀਂ ਕੀਤਾ, ਜਿਸਦੀ ਬਦੌਲਤ ਇਹ ਕਤਲੇਆਮ ਪੀੜਤ ਕੈਂਪ ਦੇਸ਼ ਦੀ ਰਾਜਧਾਨੀ ਵਿਚ ਹਮੇਸ਼ਾ ਸੁਰਖੀਆਂ ’ਤੇ ਛਾਏ ਰਹੇ। ਇੱਥੋਂ ਤੱਕ ਕਿਹਾ ਜਾਣ ਲੱਗਾ ਕਿ ਕੋਈ ਇੱਜ਼ਤਦਾਰ ਆਦਮੀ ਉਧਰ ਜਾਣ ਦੀ ਜ਼ੁਰੱਅਤ ਨਹੀਂ ਕਰ ਸਕਦਾ।

ਜ਼ਿਆਦਾਤਰ ਸਿੱਖ ਸਿਆਸਤਦਾਨਾਂ ਨੇ 1984 ਦੇ ਇਨ੍ਹਾਂ ਕਤਲੇਆਮ ਪੀੜਤਾਂ ਨੂੰ ਜੰਮ ਕੇ ਕੈਸ਼ ਕੀਤਾ, ਆਪਣੇ-ਆਪਣੇ ਮੁਫ਼ਾਦਾਂ ਦੇ ਲਈ। ਜਿਸ ਵੀ ਕਿਸੇ ਸਿੱਖ ਨੇਤਾ ਨੂੰ ਆਪਣੇ ਰੋਸ ਪ੍ਰਦਰਸ਼ਨ ਦੀ ਰੌਣਕ ਵਧਾਉਣੀ ਹੁੰਦੀ, ਅਕਸਰ ਇਨ੍ਹਾਂ ਪੀੜਤ ਪਰਿਵਾਰਾਂ ਨੂੰ ਉੱਧਰ ‘ਜੋਤ’ ਲਿਆ ਜਾਂਦਾ ਹੈ। ਆਹ! ਜ਼ਿੰਦਗੀ ਦਾ ਨਰਕ ਭੋਗ ਰਹੇ ਇਹ ਪਰਿਵਾਰ ਵੀ ਕਦੇ ਉੱਚੇ ਮਹਿਲਾਂ ਦੇ ਮਾਲਿਕ ਸਨ।

ਹੈਰਾਨੀ ਇਹ ਕਿ ਨਵੰਬਰ 1984 ਦੇ ਬਾਅਦ ਇੱਥੋਂ ਦੇ ਮੁਕਾਮੀ ਅਤੇ ਵਿਦੇਸ਼ਾਂ ਵਿਚ ਬੈਠੇ ਸਰਮਾਏਦਾਰ ਸਿੱਖਾਂ ਨੇ, ਕਹਿੰਦੇ ਨੇ ਖੂਬ ਜੰਮ ਕੇ ਆਰਥਿਕ ਸਹਾਇਤਾ ਦਿੱਤੀ ਸੀ। ਹੁਣ ਰੱਬ ਹੀ ਜਾਣਦਾ ਹੈ ਕਿ ਇਹ ਕਿਸ ਵਿਚ ਤਕਸੀਮ ਹੋਈ ਜਾਂ ਕਿਸਦੀ ਜੇਬ ਵਿਚ ਗਈ।

ਇਹੀ ਵਜ੍ਹਾ ਹੈ ਕਿ 1984 ਦੇ ਇਸ ਦਰਦਨਾਕ ਤੇ ਸ਼ਰਮਨਾਕ ਸਿੱਖ ਕਤਲੇਆਮ ਦੀ ਟੀਸ 40 ਸਾਲ ਦੇ ਲੰਬੇ ਅਰਸੇ ਤੱਕ ਵੀ ਬਰਕਰਾਰ ਰਹਿਣੀ ਧਰਮ ਨਿਰਪੱਖ ਜਮਹੂਰੀ ਰਾਜ ਪ੍ਰਬੰਧ ਲਈ ਬਹੁਤ ਵੱਡਾ ਮਿਹਣਾ ਨਹੀਂ ਤਾਂ ਹੋਰ ਕੀ ਹੈ? ...ਤੇ ਉਹ ਵੀ ਤਦ ਜਦ ਪੀੜਤ ਪਰਿਵਾਰ ਅਜੇ ਵੀ ਇਨਸਾਫ਼ ਦੀ ਆਸ ਵਿਚ ਨਜ਼ਰਾਂ ਲਗਾਈ ਬੈਠੇ ਹੋਣ।

‘ਜਿਨਕੇ ਮਰ ਜਾਤੇ ਹੈਂ,
ਉਨਸੇ ਤੋ ਜ਼ਰਾ ਪੂਛੀਏ,
ਹਮਨੇ ਤੋ ਅਖ਼ਬਾਰ ਕੀ
ਸੁਰਖੀ ਸਮਝ ਕਰ ਪੜ੍ਹ ਲੀਆ’।

ਦੂਜੇ ਦੇ ਲੱਗੀ ਅੱਗ ਨੂੰ ਬਸੰਤਰ ਸਮਝਣ ਵਾਲਿਆਂ ਨੂੰ ਅੱਗ ਦੇ ਸੇਕ ਦਾ ਕੀ ਅਹਿਸਾਸ? ਦੇਸ਼ ਦੀ ਖਾਤਰ ਸਭ ਤੋਂ ਮੂਹਰੇ ਹੋ ਕੇ ਕੁਰਬਾਨੀਆਂ ਦੇਣ ਵਾਲੀ ਇਸ ਕੌਮ ਨੂੰ ‘ਬੜਾ ਪੇੜ (ਦਰਖ਼ਤ)’ ਗਿਰਾਉਣ ਦਾ ਮਿਲਿਆ ਇਹ ਸਬਕ ਸਦੀ ਦਾ ਸਭ ਤੋਂ ਸ਼ਰਮਨਾਕ ‘ਸਬਕ’ ਸੀ।

## ‘ਯਾਦ ਰੱਖਣ ਯੋਗ ਗੱਲਾਂ’

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325



- ਭੀਖ ਮੰਗਣਾ ਵੀ ਇੱਕ ਧੰਦਾ ਹੈ। ਗਰੀਬ ਮੰਗੇ ਤਾਂ ਭੀਖ਼ ਹੈ, ਪੁਜਾਰੀ ਮੰਗੇ ਤਾਂ ਦਾਨ ਹੈ, ਨੇਤਾ ਮੰਗੇ ਤਾਂ ਚੰਦਾ ਹੈ। .... (ਓਸ਼ੋ)
- ਇੱਕ ਨਿਗ੍ਹਾ ਆਪਣੇ ਆਪ ਵੱਲ ਵੀ ਮਾਰ ਲੈਣੀ ਚਾਹੀਦੀ ਹੈ, ਹਮੇਸ਼ਾਂ ਦੂਜਾ ਹੀ ਗਲਤ ਨਹੀਂ ਹੁੰਦਾ।
- ਸਮਾਂ ਕਿੰਨੀ ਤੇਜ਼ੀ ਨਾਲ ਚੱਲਦਾ ਹੈ। ਸਾਡੇ ਵੇਖਦਿਆਂ ਹੀ ਲੋਕ ਸ਼ਮਸ਼ਾਨ ਘਾਟ ਕੋਲੋਂ ਕੱਚਾ ਦੁੱਧ, ਮੀਟ ਲੈ ਕੇ ਜਾਂ ਅਤਰ (ਸੈਂਟ) ਵਗੈਰਾ ਲਗਾ ਕੇ ਲੰਘਣੋਂ ਡਰਦੇ ਸਨ, ਅੱਜ ਉਥੇ ਬਹਿ ਕੇ ਚੋਰੀ-ਚੋਰੀ ਪਾਰਟੀਆਂ ਕਰ ਲੈਂਦੇ ਹਨ।
- ਝੂਠਿਆਂ ਦੇ ਝੁੰਡ ਵਿਚ ਸੱਚ ਬੋਲ ਕੇ ਜਦੋਂ ਇਕੱਲੇ ਰਹਿ ਜਾਉ, ਤਾਂ ਪ੍ਰਮਾਤਮਾ ਨੂੰ ਯਾਦ ਕੀਤਿਆਂ ਸਵਾ ਲੱਖ ਹੋ ਜਾਉਗੇ। (ਸੁਰਜੀਤ ਪਾਤਰ)
- ਪਿਤਾ ਵੀ ਰਨਵੇਅ ਦੇ ਸਮਾਨ ਹੁੰਦਾ, ਜਿਸ ’ਤੇ ਦੌੜਦਿਆਂ-ਦੌੜਦਿਆਂ ਔਲਾਦ ਦੀ ਜ਼ਿੰਦਗੀ ਦੀ ਉਡਾਨ ਸ਼ੁਰੂ ਹੁੰਦੀ ਹੈ।
- ਛੋਟੇ ਅਤੇ ਗਰੀਬ ਦਾ ਮਜ਼ਾਕ ਨਾ ਉਡਾਇਆ ਕਰੋ। ਰੇਤਾ ਵਿਚ ਖੰਡ ਰਲ ਜਾਵੇ, ਤਾਂ ਕੀੜੀ ਵੱਖ ਕਰ ਸਕਦੀ ਹੈ, ਹਾਥੀ ਨਹੀਂ।

ਪੰਜਾਬ ਮੇਲ USA

# ਥਾਣੇਦਾਰ ਦਾ ਦਬਕਾ

ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 95011-00062
ਪੰਜਾਬ ਮੇਲ USA





ਪੁਰਾਣੀ ਗੱਲ ਹੈ ਕਿ ਸੰਗਰੂਰ ਦੀ ਇੱਕ ਅਦਾਲਤ ਵਿਚ ਸ਼ਿੰਦੇ ਛੁਰੀ ਮਾਰ ਨਾਮਕ ਇੱਕ ਬਦਮਾਸ਼ ਦੇ ਖਿਲਾਫ ਚੋਰੀ ਦਾ ਕੇਸ ਚੱਲ ਰਿਹਾ ਸੀ, ਜਿਸ ਦੀ ਐੱਫ.ਆਈ.ਆਰ. ਵਿਚ ਲਿਖਿਆ ਹੋਇਆ ਸੀ ਕਿ ਮੱਸਾ ਸਿੰਘ ਥਾਣੇਦਾਰ (ਕਾਲਪਨਿਕ ਨਾਮ) ਨੇ ਭੱਜ ਕੇ ਜੱਫਾ ਮਾਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਸੀ। ਛੋਟੀ ਉਮਰ ਦਾ ਛੁਰੀ ਮਾਰ, ਸਾਧਾਰਨ ਕੱਦ ਕਾਠੀ ਦਾ ਬਹੁਤ ਫੁਰਤੀਲਾ ਇਨਸਾਨ ਸੀ। ਦੂਸਰੇ ਪਾਸੇ ਗਵਾਹੀ ਦੇਣ ਪੁੱਜਿਆ ਤਫਤੀਸ਼ੀ ਮੱਸਾ ਸਿੰਘ ਪੰਜਾਹਾਂ ਨੂੰ ਢੁੱਕਿਆ ਹੋਇਆ ਸੀ, ਕਾਫੀ ਮੋਟਾ ਤਾਜ਼ਾ ਸੀ। ਸਰਕਾਰੀ ਵਕੀਲ ਨੇ ਮੱਸਾ ਸਿੰਘ ਦਾ ਬਿਆਨ ਦਰਜ਼ ਕਰਵਾਇਆ ਤੇ ਜੱਜ ਨੇ ਚੋਰ ਦੇ ਵਕੀਲ ਨੂੰ ਉਸ ਨਾਲ ਸਵਾਲ ਜਵਾਬ (ਕਰੌਸ) ਕਰਨ ਲਈ ਕਿਹਾ। ਵਕੀਲ ਸਫਾਈ ਅਸ਼ਵਨੀ ਕੁਮਾਰ ਬਹੁਤ ਹੀ ਘਾਗ ਕਿਸਮ ਦਾ ਵਿਅਕਤੀ ਸੀ ਤੇ ਚੋਰ ਲੁਟੇਰਿਆਂ ਦੇ ਕੇਸ ਲੜਨੇ ਜ਼ਿਆਦਾ ਪਸੰਦ ਕਰਦਾ ਸੀ ਕਿਉਂਕਿ ਉਹ ਚੋਰਾਂ ਦੇ ਕੱਪੜੇ, ਡਾਂਗਾਂ ਦੇ ਗਜ਼ ਕਹਾਵਤ ਅਨੁਸਾਰ ਮੂੰਹ ਮੰਗੀ ਫੀਸ ਦਿੰਦੇ ਸਨ, ਤੇ ਨਾਲੇ ਪੱਕੇ ਗਾਹਕ ਬਣ ਜਾਂਦੇ ਸਨ। ਪਹਿਲਾਂ ਤਾਂ ਉਸ ਨੇ ਮੱਸਾ ਸਿੰਘ ਨਾਲ ਕੁਝ ਆਮ ਜਿਹੇ ਸਵਾਲ ਜਵਾਬ ਕੀਤੇ ਕਿ ਚੋਰ ਕਿੰਨੇ ਵਜੇ ਪਕੜਿਆ ਸੀ, ਕਿੱਥੋਂ ਪਕੜਿਆ ਸੀ, ਕੀ ਬਰਾਮਦਗੀ ਹੋਈ ਸੀ ਆਦਿ। ਫਿਰ ਉਹ ਅਸਲੀ ਮੁੱਦੇ 'ਤੇ ਆ ਗਿਆ, "ਥਾਣੇਦਾਰ ਸਾਹਿਬ, ਇਹ ਦੱਸੋ ਕਿ ਤੁਸੀਂ ਕਿੰਨੀ ਦੂਰ ਤੱਕ ਦੌੜ ਕੇ ਸ਼ਿੰਦਾ ਸਿੰਘ ਨੂੰ ਪਕੜਿਆ ਸੀ?"

"ਕਰੀਬ 15-20 ਮੀਟਰ," ਮੱਸਾ ਸਿੰਘ ਨੇ ਮਿਸਲ ਚੰਗੀ ਤਰ੍ਹਾਂ ਘੋਟੀ ਹੋਈ ਸੀ, ਜਿਸ ਕਾਰਨ ਤਾੜ-ਤਾੜ ਜਵਾਬ ਦੇ ਰਿਹਾ ਸੀ। ਵਕੀਲ ਨੇ ਜੱਜ ਨੂੰ ਮੁਖਾਤਿਬ ਹੁੰਦੇ ਹੋਏ ਕਿਹਾ, "ਜਨਾਬ, ਮੇਰੀ ਬੇਨਤੀ ਹੈ ਕਿ ਸ਼ਿੰਦਾ ਸਿੰਘ ਨੂੰ ਥਾਣੇਦਾਰ ਸਾਹਿਬ ਦੇ ਹੱਥ 'ਤੇ ਹੱਥ ਮਾਰ ਕੇ ਭੱਜਣ ਦੀ ਆਗਿਆ ਦਿੱਤੀ ਜਾਵੇ। ਜੇ ਥਾਣੇਦਾਰ ਸਾਹਿਬ ਨੇ ਪਿੱਛਾ ਕਰ ਕੇ ਉਸ ਨੂੰ ਪਕੜ ਲਿਆ, ਤਾਂ ਮੈਂ ਜ਼ਿੰਮੇਵਾਰੀ ਲੈਂਦਾ ਹਾਂ ਕਿ ਮੇਰਾ ਮੁਵੱਕਿਲ ਜ਼ੁਰਮ ਇਕਬਾਲ ਕਰ ਲਵੇਗਾ, ਤੁਸੀਂ ਜਿੰਨੀ ਸਜ਼ਾ ਬਣਦੀ ਹੈ, ਦੇ ਦੇਣਾ। ਪਰ ਜੇ ਉਹ ਨਾ ਪਕੜਿਆ ਗਿਆ, ਤਾਂ ਫਿਰ ਇਹ ਸਾਰਾ ਮੁਕੱਦਮਾ ਝੂਠਾ ਹੈ ਤੇ ਸ਼ਿੰਦਾ ਸਿੰਘ ਬਰੀ ਹੋਣ ਦਾ ਹੱਕ ਰੱਖਦਾ ਹੈ।" ਨਿਆਂ ਪਾਲਿਕਾ ਦੇ ਇਤਿਹਾਸ ਵਿਚ ਪਹਿਲੀ ਵਾਰ ਕਿਸੇ ਵਕੀਲ ਵੱਲੋਂ ਅਜਿਹਾ ਚੈਲੇਂਜ ਦਿੱਤੇ ਜਾਣ ਕਾਰਨ ਅਦਾਲਤ ਵਿਚ ਮੌਜੂਦ ਸਾਰੇ ਵਕੀਲ ਹੈਰਾਨ ਹੋ ਕੇ ਜੱਜ ਵੱਲ ਵੇਖਣ ਲੱਗ ਪਏ। ਜੱਜ ਕੁਝ ਮਜ਼ਾਕੀਆ ਕਿਸਮ ਦਾ ਇਨਸਾਨ ਸੀ। ਉਸ ਨੇ ਹੱਸ ਕੇ ਮੱਸਾ ਸਿੰਘ ਨੂੰ ਕਿਹਾ, "ਹਾਂ ਜੀ ਥਾਣੇਦਾਰ ਸਾਹਿਬ, ਕਾਨੂੰਨ ਤਾਂ ਇਸ ਤਰ੍ਹਾਂ ਫੈਸਲੇ ਕਰਨ ਦੀ ਇਜਾਜ਼ਤ ਨਹੀਂ ਦੇਂਦਾ, ਪਰ ਜੇ ਤੁਹਾਨੂੰ ਮਨਜ਼ੂਰ ਹੋਵੇ ਤਾਂ ਵੇਖ ਲਈਏ ਝੜਪ?" ਮੱਸਾ ਸਿੰਘ ਦੇ ਚਿਹਰੇ 'ਤੇ ਸ਼ਿਕਨ ਵੀ ਨਾ ਆਈ ਤੇ ਉਸ ਨੇ ਚੈਲੇਂਜ ਸਵੀਕਾਰ ਕਰ ਲਿਆ।

ਛੁਰੀ ਮਾਰ ਦੀ ਜ਼ਮਾਨਤ ਪਹਿਲਾਂ ਹੀ ਹੋ ਚੁੱਕੀ ਸੀ, ਜਿਸ ਕਾਰਨ ਉਸ ਦੇ ਭੱਜ ਜਾਣ ਦਾ ਕੋਈ ਖਤਰਾ ਨਹੀਂ ਸੀ। ਦੋਵੇਂ ਜਣੇ ਮਿਲਖਾ ਸਿੰਘ ਵਾਂਗ ਤਿਆਰ ਹੋ ਗਏ। ਛੁਰੀ ਮਾਰ ਦਾ ਮੂੰਹ ਖੁਸ਼ੀ ਨਾਲ ਲਾਲ ਹੋਇਆ ਪਿਆ ਸੀ ਕਿ ਅੱਜ ਉਹ ਬਰੀ ਹੋ ਜਾਵੇਗਾ ਤੇ ਨਾਲੇ ਇਸ ਭੁੱਖੜ ਵਕੀਲ ਦੀਆਂ ਫੀਸਾਂ ਤੋਂ ਵੀ ਖਹਿੜਾ ਛੁੱਟ ਜਾਵੇਗਾ। ਉਹ ਗੁੱਗੂ ਗਿੱਲ ਵਾਂਗ ਮਸਤਾਨੀ ਚਾਲ ਚੱਲਦਾ ਹੋਇਆ ਕਟਿਹਰੇ ਤੋਂ ਬਾਹਰ ਆਇਆ ਤੇ ਮੱਸਾ ਸਿੰਘ ਦੇ ਹੱਥ 'ਤੇ ਹੱਥ ਮਾਰ ਕੇ ਅਜੇ ਦੋ-ਚਾਰ ਕਦਮ ਹੀ ਭੱਜਾ ਸੀ ਕਿ ਪਿੱਛੋਂ ਅਜਿਹਾ ਕੜਕਵਾਂ ਲਲਕਾਰਾ ਵੱਜਾ ਕਿ ਸਾਰੀ ਅਦਾਲਤ ਕੰਬ ਗਈ, "ਖੜ੍ਹ ਜਾ ਛੁਰੀ ਮਾਰਾ, ਨਹੀਂ ਆਈ ਆ ਗੋਲੀ ਖੋਪੜੀ 'ਚ।" ਇਹ ਸੁਣ ਕੇ ਛੁਰੀ ਮਾਰ ਠਠੰਬਰ ਕੇ ਰੁਕ ਗਿਆ ਤੇ ਮੱਸਾ ਸਿੰਘ ਨੇ ਭੱਜ ਕੇ ਉਸ ਨੂੰ ਜੱਫਾ ਮਾਰ ਲਿਆ। ਫਿਰ ਉਹ ਟੇਢਾ ਜਿਹਾ ਮੁਸਕਰਾ ਕੇ ਅਸ਼ਵਨੀ ਕੁਮਾਰ ਨੂੰ ਮੁਖਾਤਿਬ ਹੋਇਆ ਤੇ ਖੱਬੀ ਅੱਖ ਦੱਬ ਕੇ ਬੋਲਿਆ, "ਵਕੀਲ ਸਾਹਿਬ, ਇੰਜ ਪਾਉਂਦੀ ਆ ਪੰਜਾਬ ਪੁਲਿਸ ਬਦਮਾਸ਼ਾਂ ਦੀ ਗਿੱਚੀ ਨੂੰ ਹੱਥ।" ਜੱਜ ਸਮੇਤ ਸਾਰੇ ਹਾਜ਼ਰੀਨ ਹੱਸ-ਹੱਸ ਕੇ ਲੋਟ-ਪੋਟ ਹੋ ਗਏ ਤੇ ਅਸ਼ਵਨੀ ਕੁਮਾਰ ਦੀ ਹਾਲਤ ਅਜਿਹੀ ਹੋ ਗਈ, ਜਿਵੇਂ ਉਸ ਨੂੰ ਹੁਣੇ ਹਾਰਟ ਅਟੈਕ ਹੋ ਜਾਵੇਗਾ।

# ਕਿਸੇ ਵੀ ਕਾਰਜ ਪਿੱਛੇ ਤੁਹਾਡੀ ਭਾਵਨਾ ਕੀ ਹੈ ?

ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਅਜੇ ਤੱਕ ਅਜਿਹਾ ਆਦਰਸ਼ਿਕ ਸਮਾਜ ਕਿਉਂ ਨਹੀਂ ਬਣ ਸਕਿਆ ਭਾਵ ਅਜਿਹਾ ਸਮਾਜ ਜਿਸ ਵਿਚ ਹਰ ਮਨੁੱਖ ਨੂੰ ਸ਼ਾਂਤੀ, ਸੁੱਖ, ਖੁਸ਼ਹਾਲੀ, ਇਨਸਾਫ਼, ਆਜ਼ਾਦੀ ਤੇ ਮਨੁੱਖ ਨੂੰ ਮੁੱਢਲੀਆਂ ਲੋੜਾਂ ਮਿਲ ਸਕਣ। ਸਮਾਜ ਵਿਚ ਰਹਿੰਦੇ ਵਿਅਕਤੀਆਂ ਨਾਲ ਸਮਾਜ ਬਣਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਆਦਰਸ਼ਿਕ ਸਮਾਜ ਲਈ ਆਦਰਸ਼ਿਕ ਵਿਅਕਤੀ ਚਾਹੀਦੇ ਹਨ ਪਰ ਸਾਰੇ ਵਿਅਕਤੀ ਆਦਰਸ਼ਿਕ ਨਹੀਂ ਬਣ ਸਕਦੇ। ਅਜਿਹਾ ਸਮਾਜ ਜਿਸ ਵਿਚ ਹਰ ਇਕ ਲਈ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ।

ਇਸ ਲਈ ਕੁਝ ਇਕ ਵਿਅਕਤੀ ਜਿਨ੍ਹਾਂ ਨੇ ਸਮਾਜ ਨੂੰ ਇਕ ਸੇਧ ਦੇਣੀ ਹੁੰਦੀ ਹੈ ਤੇ ਸਮਾਜ ਦਾ ਪ੍ਰਬੰਧ ਕਰਨਾ ਹੁੰਦਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹਲ ਕਰਨਾ ਹੁੰਦਾ ਹੈ, ਉਹ ਤਾਂ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਚਾਹੀਦੇ ਹਨ, ਜਿਵੇਂ ਧਾਰਮਿਕ, ਵਿੱਦਿਅਕ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਤੇ ਪ੍ਰਬੰਧਕ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਇਹ ਲੋਕ ਹੀ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀ ਦੀ ਕੁਤਾਹੀ ਕਰ ਰਹੇ ਹਨ, ਭਾਵ ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ। ਰਾਜੇ ਸ਼ੀਂਹ ਮੁਕੱਦਮ ਕੁੱਤੇ ਵਾਲੀ ਗੱਲ ਬਣੀ ਹੋਈ ਹੈ।

ਕਾਰਣ ਇਹ ਹੈ ਕਿ ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀਂ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੌਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ। ਪੁਲਿਸ ਦਾ ਕੰਮ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਦੀ ਰੱਖਿਆ ਕਰਨਾ ਹੁੰਦਾ ਹੈ, ਨਿਆਂਪਾਲਿਕਾਂ ਨੇ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਅਤੇ ਰਾਜਨੀਤਿਕ ਦਾ ਕੰਮ ਹੁੰਦਾ ਹੈ ਲੋਕਾਂ ਬਾਰੇ ਸੋਚਣਾ ਪਰ ਅੱਜਕੱਲ੍ਹ ਦਾ ਰਾਜਨੀਤਿਕ ਇੰਨਾ ਸੁਆਰਥੀ, ਪਦਾਰਥਵਾਦੀ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਇਸ ਤੋਂ ਬਿਨਾਂ ਕੁਝ ਹੋਰ ਨਜ਼ਰ ਨਹੀਂ ਆਉਂਦਾ।

ਇਸੇ ਤਰ੍ਹਾਂ ਧਰਮ ਦੇ ਖੇਤਰ ਵਿਚ ਵੀ ਇੰਨਾ ਪਾਖੰਡਵਾਦ ਆ ਗਿਆ ਹੈ ਕਿ ਧਾਰਮਿਕ ਆਗੂ ਕਰਦੇ ਕੁਝ ਹਨ, ਕਹਿੰਦੇ ਕੁਝ ਹਨ, ਭਾਵ ਕਹਿਣੀ ਤੇ ਕਰਨੀ ਤੋਂ ਕੋਹਾਂ ਦੂਰ ਹਨ ਤੇ ਲੋਕਾਂ ਵਿਚ ਏਕਤਾ, ਭਾਈਚਾਰਾ, ਪਿਆਰ, ਹਮਦਰਦੀ, ਨਿਮਰਤਾ, ਸਹਿਣਸ਼ੀਲਤਾ ਤੇ ਸਬਰ-ਸੰਤੋਖ ਕਿੱਥੋਂ ਆਵੇ ਕਿਉਂਕਿ ਧਰਮ ਵਿਚ ਅਸਲੀ ਨੁਕਤੇ ਤਾਂ ਗਾਇਬ ਹਨ। ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਭਾਵ ਗੁਰੂਆਂ ਦੇ ਦਿੱਤੇ ਉਪਦੇਸ਼ ਉੱਤੇ ਚੱਲਣ ਦਾ ਤਾਂ ਕੋਈ ਯਤਨ ਹੀ ਨਹੀਂ ਕਰਦਾ ਤਾਂ ਆਦਰਸ਼ਿਕ ਸਮਾਜ ਦੀ ਉਸਾਰੀ ਕਿਵੇਂ ਹੋ ਸਕਦੀ ਹੈ। ਗੁਰੂ ਘਰਾਂ ਦੇ ਪ੍ਰਬੰਧਕ ਸ਼ਰਾਬੀ ਤੇ ਮੋਨੇ ਸੰਗਤ ਨੂੰ ਕੀ ਪ੍ਰਚਾਰ ਕਰਨਗੇ। ਇਸੇ ਤਰ੍ਹਾਂ ਵਿੱਦਿਆ ਦਾ ਖੇਤਰ ਹੈ। ਅਧਿਆਪਕਾਂ ਦਾ ਮੁੱਖ ਕਰਤੱਵ ਬੱਚਿਆਂ ਨੂੰ ਸਿੱਖਿਆ ਦੇਣੀ ਹੁੰਦਾ ਹੈ। ਪਰ ਅੱਜ ਦਾ ਅਧਿਆਪਕ ਵੀ ਇੰਨਾ ਪਦਾਰਥਵਾਦੀ ਹੋ ਗਿਆ ਕਿ ਉਸ ਨੂੰ ਵੀ ਪੈਸਾ ਹੀ ਨਜ਼ਰ ਆਉਂਦਾ ਹੈ ਤੇ ਪੜ੍ਹਾਉਣ ਦੀ ਗੱਲ ਤਾਂ ਦੂਜੇ ਨੰਬਰ 'ਤੇ ਹੈ। ਸਕੂਲ ਵਿਚ ਪੜ੍ਹਾਈ ਨਾ ਕਰਾਉਣੀ ਤੇ ਮਗਰੋਂ ਵਿਦਿਆਰਥੀਆਂ ਨੂੰ ਟਿਊਸ਼ਨਾਂ ਰੱਖਣ ਲਈ ਮਜਬੂਰ ਕਰਨਾ। ਇਹੋ ਕਾਰਣ ਹੈ ਕਿ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਆਪਸੀ ਸਬੰਧ ਪਹਿਲੇ ਵਰਗੇ ਨਹੀਂ ਰਹੇ। ਪਹਿਲੇ ਸਮੇਂ ਵਿਚ ਅਧਿਆਪਕ ਤੇ ਵਿਦਿਆਰਥੀ ਦਾ ਆਪਸੀ ਸਬੰਧ ਗੁਰੂ ਤੇ ਚੇਲੇ ਵਾਲਾ ਹੁੰਦਾ ਸੀ ਪਰ ਹੁਣ ਇਹ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਰਹੀਆਂ ਹਨ ਤੇ ਵਿਦਿਆਰਥੀਆਂ ਦੇ ਦਿਲਾਂ ਵਿਚ ਅਧਿਆਪਕਾਂ ਲਈ ਕੋਈ ਅਦਬ ਤੇ ਪਿਆਰ ਨਹੀਂ ਰਿਹਾ। ਪਹਿਲੇ ਸਮੇਂ ਵਿਚ ਅਧਿਆਪਕ ਮਿਹਨਤੀ, ਜ਼ਿੰਮੇਵਾਰ ਹੁੰਦੇ ਸਨ ਤੇ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਕਰਦੇ ਸਨ। ਅਧਿਆਪਕ ਅਤਿ ਦੇ ਉੱਚੇ ਕਿਰਦਾਰ ਦੇ ਮਾਲਕ ਹੁੰਦੇ ਸਨ।

ਇਸੇ ਤਰ੍ਹਾਂ ਗਾਇਕੀ ਦਾ ਖੇਤਰ ਹੈ, ਇਸ ਵਿਚ ਵੀ ਉਹ ਪੁਰਾਣੀਆਂ ਕੀਮਤਾਂ ਨਹੀਂ ਰਹੀਆਂ ਲੱਚਰਤਾ ਤੇ ਅਸ਼ਲੀਲਤਾ ਗਾਇਕਾਂ ਵਿਚ ਭਾਰੂ ਹੋ ਰਹੀ ਹੈ ਪਰ ਕੁਝ ਚੰਗਾ ਵੀ ਹੋ ਰਿਹਾ ਹੈ ਤੇ ਕੁਝ ਗਾਇਕ ਬਹੁਤ ਚੰਗੇ ਵੀ ਹਨ ਤੇ ਉਨ੍ਹਾਂ ਨੇ ਆਪਣੇ ਪੁਰਾਣੇ ਸੱਭਿਆਚਾਰ ਨੂੰ ਸਾਂਭਿਆ ਹੋਇਆ ਹੈ। ਪੁਰਾਣੇ ਗਾਇਕ ਜਿਵੇਂ ਯਮਲਾ ਜੱਟ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਆਸਾ ਸਿੰਘ ਮਸਤਾਨਾ ਵਰਗਿਆਂ ਨੂੰ ਦਹਾਕੇ ਹੀ ਬੀਤ ਗਏ ਹਨ ਪਰ ਉਨ੍ਹਾਂ ਦੇ ਗੀਤ ਅੱਜ ਵੀ ਨਵੇਂ ਲੱਗਦੇ ਹਨ ਤੇ ਮਨ ਨੂੰ ਸਕੂਨ ਦਿੰਦੇ ਹਨ, ਜਦੋਂਕਿ ਅੱਜ ਦੀ ਗਾਇਕੀ ਵਿਚ ਸ਼ੋਰ-ਸ਼ਰਾਬਾ ਜ਼ਿਆਦਾ ਹੈ ਤੇ ਕੰਨਾਂ ਨੂੰ ਖਾਣ ਵਾਲਾ ਹੈ ਤੇ ਸਕੂਨ ਘੱਟ ਹੈ। ਇਸੇ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਹੈ। ਇੰਨਾ ਸਾਹਿਤ ਲਿਖਿਆ ਗਿਆ ਹੈ ਅਤੇ ਬੜੇ ਵਿਦਵਾਨ, ਸ਼ਾਇਰ ਤੇ ਲੇਖਕ ਪੈਦਾ ਹੋਏ ਹਨ। ਪਰ ਅੱਜ ਤੱਕ ਸਾਹਿਤ ਨੇ ਮਨੁੱਖੀ ਜੀਵਨ ਵਿਚ ਕਿੰਨੀ ਕੁ ਤਬਦੀਲੀ ਲਿਆਂਦੀ ਹੈ। ਜਦੋਂਕਿ ਸਾਹਿਤ ਦਾ ਕੰਮ ਤਾਂ ਮਨੁੱਖੀ ਜੀਵਨ ਵਿਚ ਕੋਈ ਪ੍ਰੀਵਰਤਨ ਲਿਆਉਣਾ ਹੁੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਬਹੁਤ ਸਾਰਾ ਸਾਹਿਤ ਤਾਂ ਪੜ੍ਹਨ ਯੋਗ ਵੀ ਨਹੀਂ ਹੁੰਦਾ ਤੇ ਉਸ ਵਿਚ ਲੱਚਰਤਾ ਤੇ ਅਸ਼ਲੀਲਤਾ ਹੀ ਨਜ਼ਰ ਆਉਂਦੀ। ਕੁਝ ਲੇਖਕ ਅਜਿਹਾ ਤਾਂ ਜ਼ਰੂਰ ਲਿਖਦੇ ਹਨ ਕਿ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਨਯੋਗ ਜ਼ਰੂਰ ਹੁੰਦੀਆਂ ਹਨ ਪਰ ਉਨ੍ਹਾਂ 'ਚ ਵਿਸ਼ਾ ਬਿਲਕੁਲ ਹੀ ਗਾਇਬ ਹੁੰਦਾ ਹੈ। ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਹਿਣਾ ਕੀ ਚਾਹੁੰਦੇ ਹਨ। ਕੁਝ ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਰਚਨਾ ਦਾ ਮੁੱਖ ਉਦੇਸ਼, ਸਮਾਜ ਨੂੰ ਕੋਈ ਨਾ ਕੋਈ ਸੰਦੇਸ਼ ਦੇਣਾ ਹੁੰਦਾ ਹੈ। ਜਿਵੇਂ ਗੁਰਦਿਆਲ ਸਿੰਘ, ਪ੍ਰੋ. ਸੁਰਿੰਦਰ ਸਿੰਘ ਨਰੂਲਾ ਤੇ ਢਾਡੀ ਸੋਹਣ ਸਿੰਘ ਸ਼ੀਤਲ ਆਦਿ। ਗੁਰਦਿਆਲ ਸਿੰਘ ਤਾਂ ਆਖਦਾ ਹੈ ਕਿ ਜੇ ਕੋਈ ਪਾਤਰ ਅਣ-ਮਨੁੱਖੀ ਕਦਰਾਂ-ਕੀਮਤਾਂ ਦੇ ਵਿਰੁੱਧ ਕੋਈ ਸੱਟ ਨਹੀਂ ਮਾਰਦਾ। ਭਾਵ ਕੋਈ ਵਿਰੋਧਤਾ ਨਹੀਂ ਕਰਦਾ, ਤਾਂ ਮੈਂ ਉਸ ਰਚਨਾ ਨੂੰ ਸਾਹਿਤਕ ਰਚਨਾ ਨਹੀਂ ਮੰਨਦਾ। ਬਾਕੀ ਸਾਹਿਤ ਵਿਚ ਕੁਝ ਲੇਖਕ ਆਪਣੀਆਂ ਰਚਨਾਵਾਂ ਵਿਚ ਵਿਸ਼ਾ ਤਾਂ ਜ਼ਰੂਰ ਛੋਹਦੇ ਹਨ ਪਰ ਉਹ ਬੋਲੀ ਅਜਿਹੀ ਲਿਖਦੇ ਹਨ ਕਿ ਆਮ ਸਾਧਾਰਣ ਮਨੁੱਖ ਦੀ ਸਮਝ ਤੋਂ ਬਾਹਰ ਹੁੰਦੀ ਹੈ ਤੇ ਉਸ ਰਚਨਾ ਦਾ ਲਾਭ ਕੀ ਹੋਵੇਗਾ। ਇਸ ਲਈ ਰਚਨਾ ਆਮ ਲੋਕਾਂ ਦੀ ਬੋਲੀ ਵਿਚ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੁੰਦਾ ਕਿਉਂਕਿ ਲੇਖਕ ਵਿਸ਼ੇ ਦੀ ਥਾਂ ਆਪਣੀ ਪ੍ਰਭਾਵਸ਼ਾਲੀ ਬੋਲੀ ਰਾਹੀਂ ਪ੍ਰਭਾਵ ਦੇਣਾ ਚਾਹੁੰਦਾ ਹੈ। ਬਾਕੀ ਕੁਝ ਕਵੀ, ਲੇਖਕ ਲਿਖਦੇ ਸੁਹਣਾ ਹਨ ਪਰ ਉਨ੍ਹਾਂ ਦਾ ਆਪਣਾ ਨਿੱਜੀ ਜੀਵਨ ਉਸ ਦੇ ਅਨੁਸਾਰ ਨਹੀਂ ਹੁੰਦਾ ਤੇ ਜਿਸ ਕਰਕੇ ਪਾਠਕਾਂ ਤੇ ਉਸ ਰਚਨਾ ਦਾ ਬਹੁਤ ਚੰਗਾ ਪ੍ਰਭਾਵ ਨਹੀਂ ਹੁੰਦਾ।

ਲੇਖਕ ਦਾ ਆਪਣਾ ਜੀਵਨ ਵੀ ਆਪਣੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਲੋੜ ਹੈ, ਅਸਲੀ ਨੁਕਤੇ ਨੂੰ ਆਪਣੇ ਫ਼ਰਜ਼ ਨੂੰ ਸਮਝਾਣ ਦੀ ਕੋਈ ਮਨੁੱਖ ਜੋ ਕਹਿੰਦਾ ਹੈ ਤੇ ਕਰਦਾ ਹੈ, ਉਸ ਦੀ ਭਾਵਨਾ ਕੀ ਹੈ? ਉਸ ਦਾ ਮਨਰੋਥ ਨਿੱਜੀ ਹੈ ਜਾਂ ਸਮੁੱਚੇ ਸਮਾਜ ਲਈ। ਇਸੇ ਤਰ੍ਹਾਂ ਹੀ ਸਾਡੇ ਘਰਾਂ ਤੇ ਸਮਾਜ ਦੀ ਦਸ਼ਾ ਹੈ। ਕੁਝ ਲੋਕ ਬੜਾ ਮਿੱਠਾ ਬੋਲਦੇ ਹਨ ਤੇ ਆਪਣੇ ਆਪ ਨੂੰ ਬਹੁਤ ਚੰਗਾ ਮਨੁੱਖ ਸਾਬਤ ਕਰਨ ਦਾ ਯਤਨ ਕਰਦੇ ਹਨ ਪਰ ਪਿੱਛੇ ਉਸ ਦੀ ਭਾਵਨਾ ਹੋਰ ਹੁੰਦੀ ਹੈ ਤੇ ਉਹ ਮਨੁੱਖ ਦੂਜਿਆਂ ਪ੍ਰਤੀ ਸੁਹਿਰਦ ਨਹੀਂ ਹੁੰਦਾ। ਅਜਿਹੇ ਭੇਖੀ ਲੋਕਾਂ ਨੂੰ ਪਰਖਣ ਦੀ ਲੋੜ ਹੁੰਦੀ ਹੈ ਤੇ ਦੂਜਿਆਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੇ ਚਾਲਾਂ ਤੋਂ ਬਚਣਾ ਚਾਹੀਦਾ ਹੈ। ਇਸੇ ਤਰ੍ਹਾਂ ਚੋਣ ਕਰਨ ਵੇਲੇ, ਵੋਟਰਾਂ ਨੂੰ ਚਾਹੀਦਾ ਹੈ ਕਿ ਭੇਖੀ ਭ੍ਰਿਸ਼ਟ ਰਾਜਨੀਤਿਕ ਦੀ ਚੋਣ ਨਾ ਕਰੋ ਤੇ ਆਪਣੇ ਨਿੱਜੀ ਸੁਆਰਥ ਤੋਂ ਉਪਰ ਉਠ ਕੇ ਯੋਗ ਉਮੀਦਵਾਰ ਦੀ ਚੋਣ ਕਰੋ। ਇਸ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਚੋਣ ਵੀ ਯੋਗ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਸਰਕਾਰੀ ਮਸ਼ਨੀਰੀ ਚੰਗੀ ਤਰ੍ਹਾਂ ਕੰਮ ਕਰ ਸਕੇ ਤਾਂ ਸਮਾਜ ਦਾ ਹਰ ਵਿਅਕਤੀ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਦਾ ਹੱਲ ਪੂਰਾ ਕਰ ਸਕੇ।

ਇਨ੍ਹਾਂ ਸਾਰੇ ਵਿਚਾਰਾਂ ਦਾ ਸਬੰਧ ਧਰਮ ਨਾਲ ਹੈ ਕਿਉਂਕਿ ਧਰਮ ਸਿਰਫ਼ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਹੀ ਸਾਧਨ ਨਹੀਂ, ਸਗੋਂ ਧਰਮ ਦਾ ਸਬੰਧ ਸਾਡੇ ਜੀਵਨ ਨਾਲ ਵੀ ਹੈ, ਭਾਵ ਧਰਮ ਇਕ ਮਨੁੱਖੀ ਜੀਵਨ ਜਾਂਚ ਹੈ। ਇਸ ਲਈ ਧਰਮ ਦਾ ਸਬੰਧ ਸਦਾਚਾਰ, ਈਮਾਨਦਾਰੀ, ਹਮਦਰਦੀ ਭਾਵ ਮੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਨਾਲ ਹੁੰਦਾ ਹੈ।

ਪੱਤਰਕਾਰੀ ਕਿਸੇ ਵੀ ਦੇਸ਼ ਦਾ ਚੌਥਾ ਥੰਮ੍ਹ ਹੁੰਦੀ ਹੈ। ਪਰ ਅੱਜਕੱਲ੍ਹ ਪੱਤਰਕਾਰੀ ਵਿਚ ਵੀ ਭ੍ਰਿਸ਼ਟਾਚਾਰ ਆਰੰਭ ਹੋ ਗਿਆ ਹੈ। ਪੱਤਰਕਾਰ ਦਾ ਅਸਲੀ ਮਨੋਰਥ ਜੋ ਹੋਣਾ ਚਾਹੀਦਾ ਹੈ, ਉਹ ਗਾਇਬ ਹੀ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਸੰਪਾਦਕ ਜਦੋਂ ਕੋਈ ਪਰਚਾ ਕੱਢਣਾ ਆਰੰਭ ਕਰਦਾ ਹੈ, ਤਾਂ ਉਸ ਦੀ ਭਾਵਨਾ ਕੀ ਹੁੰਦੀ ਹੈ, ਭਾਵ ਪੱਤਰਕਾਰ ਜਾਂ ਸੰਪਾਦਕ ਦਾ ਮੁੱਖ ਉਦੇਸ਼ ਕੀ ਹੁੰਦਾ ਹੈ? ਕੁਝ ਲੋਕ ਪਰਚਾ ਕੱਢਣ ਨੂੰ ਪੈਸਾ ਕਮਾਉਣ ਦਾ ਸਾਧਨ ਹੀ ਮੰਨਦੇ ਹਨ। ਇਹ ਠੀਕ ਹੈ ਪੈਸਾ ਵੀ ਜ਼ਿੰਦਗੀ ਦੀ ਲੋੜ ਹੈ ਪਰ ਪੈਸਾ ਜ਼ਿੰਦਗੀ ਲਈ means ਹੈ not end. ਪੱਤਰਕਾਰ ਦਾ ਪਹਿਲਾ ਕਰਤੱਵ ਹੈ ਕਿ ਉਹ ਹੱਕ, ਸੱਚ ਤੇ ਇਨਸਾਫ਼ ਬਾਰੇ ਲਿਖੇ ਤੇ ਭ੍ਰਿਸ਼ਟਾਚਾਰ ਤੇ ਜ਼ੁਲਮ-ਜਬਰ ਜਿੱਥੇ ਸਮਾਜ ਵਿਚ ਹੁੰਦਾ ਹੈ, ਉਸ ਨੂੰ ਨੰਗਿਆਂ ਕਰੇ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰੇ, ਲੇਖਕਾਂ ਦੀਆਂ ਉਨ੍ਹਾਂ ਰਚਨਾਵਾਂ ਨੂੰ ਵੀ ਪਹਿਲ ਦੇਵੇ, ਜਿਸ ਵਿਚ ਲੇਖਕ ਦੀ ਰਚਨਾ ਦਾ ਸਬੰਧ ਸਮਾਜ ਤੇ ਮਨੁੱਖੀ ਜੀਵਨ ਨਾਲ ਹੋਵੇ ਕਿਉਂਕਿ ਸਮਾਜ ਤੋਂ ਦੂਰ ਦਾ ਸਾਹਿਤ ਗੁਣਕਾਰੀ ਨਹੀਂ ਹੁੰਦਾ। ਸਾਹਿਤ ਉਹ ਚੰਗਾ ਹੁੰਦਾ ਹੈ ਜਿਹੜਾ ਮਨੁੱਖੀ ਜੀਵਨ ਦੇ ਦੁੱਖ-ਸੁੱਖ ਤੇ ਸੁਧਾਰ ਦੀ ਗੱਲ ਕਰੇ। ਸਿਰਜਣਾਤਮਿਕ ਸਾਹਿਤ ਦਾ ਇਹੋ ਹੀ ਫ਼ਰਜ਼ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਪੱਤਰਕਾਰ ਬਹੁਤ ਚੰਗਾ ਕਰਤੱਵ ਵੀ ਨਿਭਾ ਰਹੇ ਹਨ। ਪਰ ਕਈਆਂ ਨੇ ਆਪਣੇ ਅਸਲੀ ਨੁਕਤੇ ਤੋਂ ਬਹੁਤ ਦੂਰ ਦੀ ਗੱਲ ਕਰਦੇ ਹਨ ਤੇ ਸਿਰਫ਼ ਉਨ੍ਹਾਂ ਦਾ ਮੁੱਖ ਉਦੇਸ਼ ਪੈਸਾ ਕਮਾਉਣਾ ਹੀ ਹੁੰਦਾ ਹੈ ਜਿਹੜਾ ਕਿ ਸਮਾਜ ਲਈ ਬਹੁਤ ਹੀ ਖ਼ਤਰਨਾਕ ਰੁਝਾਨ ਹੈ। ਪੱਤਰਕਾਰੀ ਕੋਈ ਫੁੱਲਾਂ ਦਾ ਵਿਛਾਉਣਾ ਨਹੀਂ, ਸਗੋਂ ਕੰਡਿਆਂ ਦਾ ਸਫ਼ਰ ਹੈ। ਸੱਚੀ ਪੱਤਰਕਾਰੀ ਨੂੰ ਕੁਰਬਾਨੀ ਦੀ ਲੋੜ ਹੁੰਦੀ ਹੈ। ਕਈ ਪੱਤਰਕਾਰਾਂ ਨੇ ਇਸ ਸੱਚਾਈ ਨੂੰ ਸੱਚ ਕਰ ਵੀ ਦਿਖਾਇਆ ਹੈ, ਉਨ੍ਹਾਂ ਨੇ ਸ਼ਹਾਦਤ ਦਾ ਜਾਮ ਤਾਂ ਪੀ ਲਿਆ ਪਰ ਉਹ ਆਪਣੀ ਸੋਚ ਤੋਂ ਭਾਵ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟੇ।

ਹਰ ਮਨੁੱਖ ਦੇ ਕੋਈ ਕੰਮ ਕਰਨ ਦੇ ਪਿੱਛੇ ਉਸ ਦਾ ਨਿੱਜੀ ਹਿੱਤ ਲੁਕਿਆ ਹੋਇਆ ਹੁੰਦਾ ਹੈ ਤੇ ਅਸਲੀ ਨੁਕਤਾ ਭਾਵ ਮੁੱਦਾ ਤਾਂ ਗਾਇਬ ਹੀ ਹੁੰਦਾ ਹੈ। ਹਰ ਮਨੁੱਖ ਸਭ ਤੋਂ ਪਹਿਲਾਂ ਸ਼ੋਹਰਤ ਦਾ ਭੁੱਖਾ ਹੈ। ਇਸ ਦੀ ਖ਼ਾਤਰ ਮਨੁੱਖ ਪਤਾ ਨਹੀਂ ਕੀ-ਕੀ ਪਾਖੰਡ ਕਰਦਾ ਹੈ ਤੇ ਲੋਕਾਂ ਨਾਲ ਫ਼ਰੇਬ ਕਰਦਾ ਹੈ। ਇਸ ਤੋਂ ਬਾਅਦ ਹਰ ਮਨੁੱਖ ਪੈਸੇ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਸੱਤਾ ਦੀ ਪ੍ਰਾਪਤੀ ਹੋ ਜਾਏ ਤੇ ਸੱਤਾ ਪ੍ਰਾਪਤ ਕਰਕੇ ਉਸ ਆਦਮੀ ਦਾ ਲਕਸ਼ ਕੀ ਹੈ, ਭਾਵ ਉਹ ਕੀ ਕਰਨਾ ਚਾਹੁੰਦਾ ਹੈ, ਸ਼ਾਇਦ ਉਸ ਨੂੰ ਆਪ ਵੀ ਨਾ ਪਤਾ ਹੋਵੇ। ਆਪਣਾ ਫ਼ਰਜ਼ ਦਾ ਵੀ ਪਤਾ ਨਹੀਂ ਹੁੰਦਾ, ਜਿਸ ਕੁਰਸੀ ਤੇ ਬੈਠੇ ਹਨ। ਅਜਿਹੇ ਵਿਸ਼ੇਸ਼ ਵਿਅਕਤੀ ਤੋਂ ਤੁਸੀਂ ਕੀ ਆਸ ਰੱਖ ਸਕਦੇ ਹੋ ਕਿ ਉਹ ਸਮਾਜ ਦਾ ਕੁਝ ਸੁਆਰੇਗਾ, ਜਿਵੇਂ ਕਿ ਅੱਜਕੱਲ੍ਹ ਹੋ ਰਿਹਾ ਹੈ।

# ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਚੋਣਾਂ ਵਿਚ 15 ਭਾਰਤੀ/ਪੰਜਾਬੀ ਜਿੱਤੇ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA






ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀਆਂ ਚੋਣਾਂ ਵਿਚ ਐੱਨ.ਡੀ.ਪੀ. ਨੇ 93 ਮੈਂਬਰੀ ਵਿਧਾਨ ਸਭਾ ਵਿਚੋਂ 47 ਸੀਟਾਂ 'ਤੇ ਜਿੱਤ ਪ੍ਰਾਪਤ ਕਰਕੇ ਬਹੁਮਤ ਪ੍ਰਾਪਤ ਕਰ ਲਿਆ ਹੈ। ਕੰਜ਼ਰਵੇਟਿਵ ਪਾਰਟੀ ਨੂੰ 44 ਸੀਟਾਂ 'ਤੇ ਜਿੱਤ ਨਸੀਬ ਹੋਈ ਹੈ। ਇਨ੍ਹਾਂ ਚੋਣਾਂ ਵਿਚ 15 ਭਾਰਤੀਆਂ/ਪੰਜਾਬੀਆਂ ਨੇ ਜਿੱਤ ਪ੍ਰਾਪਤ ਕੀਤੀ ਹੈ। ਵਿਧਾਨ ਸਭਾ ਵਿਚ ਹਰ ਛੇਵਾਂ ਭਾਰਤੀ ਮੂਲ ਦਾ ਮੈਂਬਰ ਹੈ। ਕੈਨੇਡਾ ਵਿਚ 2021 ਦੀ ਜਨਸੰਖਿਆ ਅਨੁਸਾਰ 9 ਲੱਖ 50 ਹਜ਼ਾਰ ਦੇ ਕਰੀਬ ਓਨਟਾਰੀਓ, ਬ੍ਰਿਟਿਸ਼ ਕੋਲੰਬੀਆ, ਅਲਬਰਟਾ, ਮੌਨੀਟੋਬਾ ਅਤੇ ਕਿਊਬਕ ਸੂਬਿਆਂ ਵਿਚ ਭਾਰਤੀ ਮੂਲ ਦੇ ਪੰਜਾਬੀਆਂ/ਸਿੱਖਾਂ ਦੀ ਵਸੋਂ ਹੈ। ਓਨਟਾਰੀਓ ਸੂਬੇ ਵਿਚ ਸਭ ਤੋਂ 4 ਲੱਖ ਦੇ ਲਗਪਗ ਅਤੇ ਦੂਜੇ ਨੰਬਰ 'ਤੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ 3 ਲੱਖ 15 ਹਜ਼ਾਰ ਹੈ। ਸੰਸਾਰ ਦਾ ਕੋਈ ਦੇਸ਼ ਅਜਿਹਾ ਨਹੀਂ, ਜਿੱਥੇ ਭਾਰਤੀ ਮੂਲ ਦੇ ਪੰਜਾਬੀ/ਭਾਰਤੀ ਨਾ ਹੋਣ। ਉਥੇ ਉਹ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾ ਰਹੇ ਹਨ। ਸੰਸਾਰ ਵਿਚ ਸਭ ਤੋਂ ਵੱਧ ਭਾਰਤੀ ਮੂਲ ਦੇ/ਪੰਜਾਬੀ ਕੈਨੇਡਾ ਵਿਚ ਹਨ। ਕੈਨੇਡਾ ਦੇ ਵਿਕਾਸ ਵਿਚ ਪੰਜਾਬੀਆਂ ਨੇ ਵੱਡੀਆਂ ਮੱਲ੍ਹਾਂ ਮਾਰੀਆਂ ਹਨ। ਪੰਜਾਬੀਆਂ/ਸਿੱਖਾਂ ਨੇ ਹਮੇਸ਼ਾ ਕੈਨੇਡਾ ਦੀ ਸਿਆਸਤ ਵਿਚ ਧੁੰਮਾਂ ਪਾਈਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਪੰਜਾਬੀ/ਭਾਰਤੀ ਮਹੱਤਵਪੂਰਨ ਵਿਭਾਗਾਂ ਦੇ ਮੰਤਰੀ ਹਨ। ਉਨ੍ਹਾਂ ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਵਿਚ ਵਿਲੱਖਣ ਯੋਗਦਾਨ ਪਾਇਆ ਹੈ। ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ 43ਵੀਂ ਵਿਧਾਨ ਸਭਾ ਦੀਆਂ ਚੋਣਾਂ ਹੁਣੇ ਹੀ ਅਕਤੂਬਰ 2024 ਵਿਚ ਹੋਈਆਂ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਇਸ ਵਾਰ ਕੁੱਲ 3550017 ਵੋਟਰਾਂ ਵਿਚੋਂ 2038075 ਵੋਟਰਾਂ ਭਾਵ 47.41 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ, ਜਦੋਂ ਕਿ 2020 ਵਿਚ 47.69 ਫ਼ੀਸਦੀ ਵੋਟਾਂ ਪੋਲ ਹੋਈਆਂ ਸਨ। ਇਨ੍ਹਾਂ ਚੋਣਾਂ ਵਿਚ ਪਹਿਲੀ ਵਾਰ ਭਾਰਤੀਆਂ/ਪੰਜਾਬੀਆਂ/ਸਿੱਖਾਂ ਨੇ 15 ਸੀਟਾਂ ਜਿੱਤਕੇ ਇਤਿਹਾਸ ਸਿਰਜਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਕਦੀਂ ਵੀ ਇੰਨੀਆਂ ਸੀਟਾਂ ਜਿੱਤੀਆਂ ਨਹੀਂ ਸਨ। 2021 ਦੀ ਜਨਗਣਨਾ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਭਾਰਤੀਆਂ/ਪੰਜਾਬੀਆਂ/ ਸਿੱਖਾਂ ਦੀ ਵਸੋਂ ਸਿਰਫ਼ 3 ਫ਼ੀਸਦੀ ਹੈ, ਜਦੋਂਕਿ ਉਨ੍ਹਾਂ ਨੇ ਵਿਧਾਨ ਸਭਾ ਦੀਆਂ 16 ਫ਼ੀਸਦੀ ਸੀਟਾਂ ਜਿੱਤਕੇ ਵੱਡਾ ਮਾਅਰਕਾ ਮਾਰਿਆ ਹੈ। ਜਗਮੀਤ ਸਿੰਘ ਕੈਨੇਡਾ ਦੀ ਨਿਊ ਡੈਮੋਕਰੈਟਿਕ ਪਾਰਟੀ ਦਾ ਪ੍ਰਧਾਨ ਹੈ। 37 ਪੰਜਾਬੀਆਂ/ਸਿੱਖਾਂ ਨੇ ਐੱਨ.ਡੀ.ਪੀ. ਅਤੇ ਕੰਜ਼ਰਵੇਟਿਵ ਪਾਰਟੀ ਵੱਲੋਂ ਚੋਣ ਲੜੀ ਸੀ, ਜਿਨ੍ਹਾਂ ਵਿਚੋਂ 15 ਨੇ ਆਪੋ-ਆਪਣੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ। ਇਨ੍ਹਾਂ ਵਿਚ ਐੱਨ.ਡੀ.ਪੀ. ਦੇ 11 ਅਤੇ ਕੰਜ਼ਰਵੇਟਿਵ ਪਾਰਟੀ ਦੇ 4 ਉਮੀਦਵਾਰ ਚੋਣ ਜਿੱਤੇ ਹਨ। ਇਨ੍ਹਾਂ ਜਿੱਤਣ ਵਾਲੇ 15 ਵਿਧਾਨਕਾਰਾਂ ਵਿਚ 7 ਮਰਦ ਅਤੇ 8 ਇਸਤਰੀਆਂ ਹਨ। 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ਼ 9 ਪੰਜਾਬੀ/ਸਿੱਖ ਉਮੀਦਵਾਰ ਜਿੱਤ ਸਕੇ ਸਨ। ਐੱਨ.ਡੀ.ਪੀ. ਨੂੰ 44.60 ਫ਼ੀਸਦੀ ਵੋਟਾਂ ਪਈਆਂ ਹਨ। ਕੰਜ਼ਰਵੇਟਿਵ ਪਾਰਟੀ ਨੂੰ 43.57 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। ਦੋਹਾਂ ਪਾਰਟੀਆਂ ਨੂੰ ਪੋਲ ਹੋਈਆਂ ਵੋਟਾਂ ਤੋਂ ਪਤਾ ਲੱਗਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਸਿਰਫ਼ 1 ਫ਼ੀਸਦੀ ਘੱਟ ਵੋਟਾਂ ਪੋਲ ਹੋਈਆਂ ਹਨ। ਦੋਹਾਂ ਦੀ ਬਰਾਬਰ ਦੀ ਟੱਕਰ ਰਹੀ ਹੈ। 2 ਸੀਟਾਂ ਗਰੀਨ ਪਾਰਟੀ ਨੇ ਜਿੱਤੀਆਂ ਹਨ, ਉਨ੍ਹਾਂ ਨੂੰ 8.19 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। 2020 ਵਿਚ ਐੱਨ.ਡੀ.ਪੀ. ਨੇ 47 ਫ਼ੀਸਦੀ ਵੋਟਾਂ ਲੈ ਕੇ 57 ਸੀਟਾਂ ਜਿੱਤੀਆਂ ਸਨ। ਕੰਜ਼ਰਵੇਟਿਵ ਪਾਰਟੀ ਨੇ 33 ਫ਼ੀਸਦੀ ਵੋਟਾਂ ਲੈ ਕੇ 28 ਸੀਟਾਂ ਜਿੱਤੀਆਂ ਸਨ। ਗਰੀਨ ਪਾਰਟੀ ਨੇ ਪਹਿਲਾਂ ਵੀ 2 ਸੀਟਾਂ ਜਿੱਤੀਆਂ ਸਨ ਤੇ ਇਸ ਵਾਰ ਵੀ 2 ਹੀ ਜਿੱਤੀਆਂ ਹਨ ਤੇ ਵੋਟਾਂ ਦੀ ਪ੍ਰਤੀਸ਼ਤਤਾ ਵੀ ਦੋਵੇਂ ਵਾਰ ਬਰਾਬਰ ਹੈ। ਕੰਜ਼ਰਵੇਟਿਵ ਪਾਰਟੀ ਨੂੰ 16 ਸੀਟਾਂ ਦਾ ਲਾਭ ਹੋਇਆ ਹੈ ਤੇ ਐੱਨ.ਡੀ.ਪੀ. ਨੂੰ 10 ਸੀਟਾਂ ਦਾ ਨੁਕਸਾਨ ਹੋਇਆ ਹੈ। ਪਹਿਲੀ ਵਾਰ ਪੰਜਾਬੀਆਂ/ਸਿੱਖਾਂ ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ ਤੇ ਉਹ ਵੱਡੀ ਮਾਤਰਾ ਵਿਚ ਪ੍ਰਤੀਨਿਧਤਾ ਕਰਨ ਜਾ ਰਹੇ ਹਨ। ਪੰਜਾਬੀ ਉਜਲ ਦੁਸਾਂਝ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੁੱਖ ਮੰਤਰੀ ਅਰਥਾਤ ਪ੍ਰੀਮੀਅਰ ਰਹੇ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਪੰਜਾਬੀ/ਸਿੱਖ ਪਹਿਲਾਂ ਵੀ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੰਤਰੀ ਰਹੇ ਹਨ। ਵਿਧਾਨ ਸਭਾ ਦੀ ਚੋਣ ਜਿੱਤੇ ਉਮੀਦਵਾਰਾਂ ਵਿਚ ਐੱਨ.ਡੀ.ਪੀ. ਦੇ ਲੁਧਿਆਣਾ ਜ਼ਿਲ੍ਹੇ ਦੇ ਗਹੌਰ ਪਿੰਡ ਦੇ ਜੰਮ ਪਲ ਬਰਨਬੀ ਨਿਊਵੈਸਟ ਹਲਕੇ ਤੋਂ ਰਾਜ ਚੌਹਾਨ ਨੇ ਦਿੱਲੀ ਦੇ ਜੰਮਪਲ ਤੇ ਕੰਜ਼ਰਵੇਟਿਵ ਪਾਰਟੀ ਦੇ ਦੀਪਕ ਸੂਰੀ, ਬਠਿੰਡਾ ਜ਼ਿਲ੍ਹੇ ਦੇ ਪਿੰਡ ਦਿਓਣ ਦੇ ਸਰੀ ਫਲੀਟਵੁੱਡ ਹਲਕੇ ਤੋਂ ਜਗਰੂਪ ਸਿੰਘ ਬਰਾੜ ਨੇ ਜ਼ਿਲ੍ਹਾ ਮੋਗਾ ਦੇ ਪਿੰਡ ਕਾਲੇਕਾ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਵਤਾਰ ਸਿੰਘ ਗਿੱਲ, ਜ਼ਿਲ੍ਹਾ ਜਲੰਧਰ ਦੇ ਪਿੰਡ ਸੁੰਨੜ ਕਲਾਂ ਦੀ ਮਨੁੱਖੀ ਅਧਿਕਾਰਾਂ ਦੀ ਉੱਘੀ ਵਕੀਲ ਜਸਪ੍ਰੀਤ ਕੌਰ ਜੈਸੀ ਸੁੰਨੜ ਨੇ ਸਰੀ ਨਿਊਟਨ ਤੋਂ ਬਟਾਲਾ ਨਜ਼ਦੀਕ ਪਿੰਡ ਸ਼ੇਖ਼ੂਪੁਰ ਦੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਤੇਗਜੋਤ ਬੱਲ ਅਤੇ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਾਗੋਵਾਲ ਦੇ ਰਵਿੰਦਰ ਸਿੰਘ ਰਵੀ ਕਾਹਲੋਂ ਨੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜ ਵੈਔਲੀ ਨੂੰ ਹਰਾਕੇ ਚੋਣ ਜਿੱਤ ਗਏ ਹਨ। ਐੱਨ.ਡੀ.ਪੀ. ਪਾਰਟੀ ਦੇ ਲੁਧਿਆਣਾ ਨਾਲ ਸੰਬੰਧਿਤ ਅਟਾਰਨੀ ਜਨਰਲ ਨਿੱਕੀ ਸ਼ਰਮਾ ਵੈਨਕੂਵਰ ਹੇਸਟਿੰਗਜ਼, ਜਗਰਾਉਂ ਦੀ ਧੀ ਉੱਘੀ ਸਮਾਜ ਸੇਵਿਕਾ ਸੁਨੀਤਾ ਧੀਰ ਵੈਨਕੂਵਰ ਲੰਗਾਰਾ, ਮਾਹਿਲਪੁਰ ਦੇ ਨੇੜਲੇ ਪਿੰਡ ਜੰਗਲੀਆਣਾ ਦੇ ਰਵੀ ਪਰਮਾਰ ਲੌਂਗਫੀਲਡ ਹਾਈਲੈਂਡ, ਅੰਮ੍ਰਿਤਸਰ ਦੀ ਰੀਆ ਅਰੋੜਾ ਬਰਨਾਬੀ ਈਸਟ ਵਿਧਾਨ ਸਭਾ ਹਲਕੇ ਤੋਂ ਅਤੇ ਜ਼ੀਰਾ ਨੇੜੇ ਜੌੜਾ ਪਿੰਡ ਦੀ ਧੀ ਹਰਵਿੰਦਰ ਕੌਰ ਸੰਧੂ ਵਰਨੋਨ ਮੋਨਾਸ਼ਰੀ ਤੋਂ, ਐਨੇ ਕੰਗ ਬਰਨੀ ਸੈਂਟਰ ਤੋਂ, ਅਤੇ ਅਮਨਾ ਸ਼ਾਹ ਸਰੀ ਸਿਟੀ ਸੈਂਟਰ ਤੋਂ ਜਿੱਤ ਗਏ ਹਨ। ਹਰਵਿੰਦਰ ਕੌਰ ਸੰਧੂ ਨਰਸ ਹਨ ਤੇ ਦੂਜੀ ਵਾਰ ਜੇਤੂ ਰਹੇ ਹਨ। ਜੈਸੀ ਸੁੰਨੜ ਹੈਰੀ ਬੈਂਸ ਦੇ ਪਦ ਚਿੰਨ੍ਹਾਂ 'ਤੇ ਚਲਦੀ ਹੋਈ ਜਿੱਤ ਰਹੀ ਹੈ, ਹੈਰੀ ਬੈਂਸ 2005 ਤੱਕ ਵਿਧਾਨਕਾਰ ਤੇ ਲੰਬਾ ਸਮਾਂ ਮੰਤਰੀ ਰਿਹਾ ਹੈ। ਸੁਨੀਤਾ ਧੀਰ 48.2 ਫ਼ੀਸਦੀ ਵੋਟਾਂ ਲੈ ਕੇ ਜਿੱਤੀ ਹੈ। ਰਾਜ ਚੌਹਾਨ 2005 ਤੋਂ ਲਗਾਤਾਰ ਜਿੱਤਦਾ ਆ ਰਿਹਾ ਹੈ। ਜਗਰੂਪ ਸਿੰਘ ਬਰਾੜ ਇੱਕ ਐੱਨ.ਡੀ.ਪੀ. ਸਰੀ ਸੈਲਫ ਇਮਪਲਾਇਮੈਂਟ ਐਂਟਪ੍ਰੀਨਿਊਰ ਸੋਸਾਇਟੀ ਦਾ ਡਾਇਰੈਕਟਰ ਹੈ। ਜਗਰੂਪ ਸਿੰਘ ਬਰਾੜ 7ਵੀਂ ਚੁਣੇ ਗਏ ਹਨ। ਜਗਰੂਪ ਸਿੰਘ ਬਰਾੜ ਰਾਜ ਮੰਤਰੀ ਸਨ ਅਤੇ ਭਾਰਤ ਦੀ ਪੁਰਸ਼ ਬਾਸਕਟਬਾਲ ਟੀਮ ਦੇ ਮੈਂਬਰ ਵੀ ਰਹੇ ਹਨ। ਦਿਓਣ ਪਿੰਡ ਦੇ ਟਿੱਬਿਆਂ ਦਾ ਜੰਮਿਆਂ ਜਗਰੂਪ ਸਿੰਘ ਬਰਾੜ ਗੁਲਾਬ ਦੇ ਫੁਲ ਦੀ ਤਰ੍ਹਾਂ ਕੈਨੇਡਾ ਦੀ ਸਿਆਸਤ ਨੂੰ ਸੁਗੰਧਤ ਕਰ ਰਿਹਾ ਹੈ। ਰਵੀ ਕਾਹਲੋਂ ਵੀ ਸਾਬਕਾ ਮੰਤਰੀ ਰਿਹਾ ਹੈ। ਮਨਦੀਪ ਸਿੰਘ ਧਾਲੀਵਾਲ ਭਾਰਤ ਵਿਚ ਕੌਮੀ ਪੱਧਰ ਦਾ ਖਿਡਾਰੀ ਰਿਹਾ ਹੈ ਤੇ ਉਸਨੇ ਖਾਲਸਾ ਏਡ ਲਈ 1 ਲੱਖ ਡਾਲਰ ਇਕੱਤਰ ਕੀਤੇ ਹਨ। ਰੀਆ ਅਰੋੜਾ ਬੀ.ਸੀ. ਫੈਡਰੇਸ਼ਨ ਆਫ਼ ਲੇਬਰ ਆਰਗੇਨਾਈਜ਼ੇਸ਼ਨ ਦੀ ਡਾਇਰੈਕਟਰ ਰਹੀ ਹੈ। ਰਾਜ ਚੌਹਾਨ ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਦੇ ਸਪੀਕਰ ਸਨ ਅਤੇ 6ਵੀਂ ਵਾਰ ਚੋਣ ਜਿੱਤਿਆ ਹੈ। ਇਸ ਤੋਂ ਇਲਾਵਾ ਉਹ 2013 ਤੋਂ 2017 ਤੱਕ ਵਿਧਾਨ ਸਭਾ ਦੇ ਸਹਾਇਕ ਡਿਪਟੀ ਸਪੀਕਰ ਰਹੇ ਹਨ। ਉਹ 2017 ਤੋਂ 2020 ਦੌਰਾਨ ਡਿਪਟੀ ਸਪੀਕਰ ਰਹੇ ਹਨ। ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸਰਕਾਰ ਦੇ ਤਿੰਨ ਪੰਜਾਬੀ ਸਿੱਖ ਮੰਤਰੀ ਰਾਜ ਚੌਹਾਨ, ਨਿੱਕੀ ਸ਼ਰਮਾ ਅਤੇ ਜਗਰੂਪ ਸਿੰਘ ਬਰਾੜ ਚੋਣ ਜਿੱਤ ਗਏ ਹਨ। ਚੋਣ ਹਾਰਨ ਵਾਲਿਆਂ ਵਿਚ ਮੰਤਰੀ ਰਚਨਾ ਸਿੰਘ ਸ਼ਾਮਲ ਹਨ। ਚੋਣ ਜਿੱਤਣ ਵਾਲਿਆਂ ਵਿਚ ਸਭ ਤੋਂ ਛੋਟੀ ਉਮਰ ਦੇ 30 ਸਾਲ ਦੇ ਰਵੀ ਪਰਮਾਰ ਹੈ, ਜੋ 51 ਫ਼ੀਸਦੀ ਵੋਟਾਂ ਲੈ ਕੇ ਜਿੱਤਿਆ ਹੈ। ਉਹ ਅੰਤਰਰਾਸ਼ਟਰੀ ਕਬੱਡੀ ਪਲੇਅਰ ਵੀ ਰਿਹਾ ਹੈ। ਹਰਮਨ ਸਿੰਘ ਭੰਗੂ ਫੁੱਟਬਾਲ ਕੋਚ ਰਿਹਾ ਹੈ। ਉਹ ਕੰਸਟਰਕਸ਼ਨ ਦਾ ਠੇਕੇਦਾਰ ਹੈ।

ਕੰਜ਼ਰਵੇਟਿਵ ਪਾਰਟੀ ਜਿਹੜੇ 4 ਉਮੀਦਵਾਰ ਜਿੱਤੇ ਹਨ, ਉਨ੍ਹਾਂ ਵਿਚ ਮੁਲਾਂਪੁਰ ਦਾਖਾ ਨੇੜਲੇ ਪਿੰਡ ਰਕਬਾ ਦੀ ਹੋਣਹਾਰ ਧੀ ਡਾ. ਜੋਤੀ ਤੂਰ ਲੈਂਗਲੀ ਵਿਲੋਬਰਿਕ, ਅੰਤਰ ਰਾਸ਼ਟਰੀ ਕਬੱਡੀ ਖਿਡਾਰੀ ਰਹੇ ਬਾਬਾ ਬਕਾਲਾ ਨੇੜਲੇ ਪਿੰਡ ਸਠਿਆਲਾ ਦੇ ਜੰਮਪਲ ਮਨਦੀਪ ਸਿੰਘ ਧਾਲੀਵਾਲ ਨੇ ਸਰੀ ਨੌਰਥ, ਜਲੰਧਰ ਜ਼ਿਲ੍ਹੇ ਦੇ ਪਿੰਡ ਪੂਰਨਪੁਰ ਦੇ ਹਰਮਨ ਸਿੰਘ ਭੰਗੂ ਲੈਂਗਲੀ ਐਬਟਸਬੋਰਡ ਅਤੇ ਉਘੇ ਵਕੀਲ ਤੇ ਰਿਚਮੰਡ ਕੁਈਨਜ਼ਬਰੋ ਤੋਂ ਸਟੈਵ ਕੂਨਰ ਸ਼ਾਮਲ ਹਨ। ਸਟੈਵ ਕੂਨਰ ਨੇ ਸੁਲਤਾਨਪੁਰ ਲੋਧੀ ਨਾਲ ਸੰਬੰਧਿਤ ਐੱਨ.ਡੀ.ਪੀ. ਉਮੀਦਵਾਰ ਅਮਨਦੀਪ ਸਿੰਘ ਨੂੰ ਹਰਾਇਆ ਹੈ। ਮਨਦੀਪ ਧਾਲੀਵਾਲ ਨੇ ਸਿੱਖਿਆ ਤੇ ਬਾਲ ਭਲਾਈ ਮੰਤਰੀ ਤੇ ਜਗਰਾਉਂ ਨੇੜੇ ਭੰਮੀਪੁਰਾ ਐੱਨ.ਡੀ.ਪੀ. ਉਮੀਦਵਾਰ ਰਚਨਾ ਸਿੰਘ ਨੂੰ ਹਰਾਇਆ ਹੈ। ਲਗਾਤਾਰ ਪੰਜਾਬੀ ਸਿੱਖ ਕੈਨੇਡਾ ਵਿਚ ਸਿਆਸੀ ਖੇਤਰ ਵਿਚ ਨਾਮਣਾ ਖੱਟ ਰਹੇ ਹਨ। ਇਸ ਲਈ ਕੈਨੇਡਾ ਵਿਖੇ ਪੜ੍ਹਾਈ ਕਰਨ ਜਾ ਰਹੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਜ਼ਿੰਦਗੀ ਦੀ ਜੱਦੋਜਹਿਦ ਤੋਂ ਪ੍ਰੇਰਨਾ ਲੈ ਕੇ ਸ਼ਾਂਤਮਈ ਢੰਗ ਨਾਲ ਪੜ੍ਹਾਈ ਕਰਨੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਦਾ ਭਵਿੱਖ ਸੁਨਹਿਰੀ ਹੋ ਸਕੇ। ਨਵੇਂ ਚੁਣੇ ਗਏ ਵਿਧਾਇਕਾਂ ਨੂੰ ਪੰਜਾਬੀਆਂ ਵੱਲੋਂ ਸ਼ੁਭ ਕਾਮਨਾਵਾਂ।

*ਇਨ੍ਹਾਂ ਜਿੱਤਣ ਵਾਲੇ 15 ਵਿਧਾਨਕਾਰਾਂ ਵਿਚ 7 ਮਰਦ ਅਤੇ 8 ਇਸਤਰੀਆਂ ਹਨ। 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ਼ 9 ਪੰਜਾਬੀ/ਸਿੱਖ ਉਮੀਦਵਾਰ ਜਿੱਤ ਸਕੇ ਸਨ। ਐੱਨ.ਡੀ.ਪੀ. ਨੂੰ 44.60 ਫ਼ੀਸਦੀ ਵੋਟਾਂ ਪਈਆਂ ਹਨ। ਕੰਜ਼ਰਵੇਟਿਵ ਪਾਰਟੀ ਨੂੰ 43.57 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। ਦੋਹਾਂ ਪਾਰਟੀਆਂ ਨੂੰ ਪੋਲ ਹੋਈਆਂ ਵੋਟਾਂ ਤੋਂ ਪਤਾ ਲੱਗਦਾ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਸਿਰਫ਼ 1 ਫ਼ੀਸਦੀ ਘੱਟ ਵੋਟਾਂ ਪੋਲ ਹੋਈਆਂ ਹਨ। ਦੋਹਾਂ ਦੀ ਬਰਾਬਰ ਦੀ ਟੱਕਰ ਰਹੀ ਹੈ। 2 ਸੀਟਾਂ ਗਰੀਨ ਪਾਰਟੀ ਨੇ ਜਿੱਤੀਆਂ ਹਨ, ਉਨ੍ਹਾਂ ਨੂੰ 8.19 ਫ਼ੀਸਦੀ ਵੋਟਾਂ ਪੋਲ ਹੋਈਆਂ ਹਨ। 2020 ਵਿਚ ਐੱਨ.ਡੀ.ਪੀ. ਨੇ 47 ਫ਼ੀਸਦੀ ਵੋਟਾਂ ਲੈ ਕੇ 57 ਸੀਟਾਂ ਜਿੱਤੀਆਂ ਸਨ। ਕੰਜ਼ਰਵੇਟਿਵ ਪਾਰਟੀ ਨੇ 33 ਫ਼ੀਸਦੀ ਵੋਟਾਂ ਲੈ ਕੇ 28 ਸੀਟਾਂ ਜਿੱਤੀਆਂ ਸਨ।*

# ਵਿਦੇਸ਼ਾਂ ਵਿਚ ਸਿੱਖੀ ਦੀ ਵੱਧਦੀ ਸ਼ਾਨ...

ਸੁਖਵਿੰਦਰ ਸਿੰਘ ਮੁੱਲਾਂਪੁਰ
ਵਟਸ ਐਪ : +91-99141-84794
ਪੰਜਾਬ ਮੇਲ USA



ਸਿੱਖ ਧਰਮ ਸਿੱਖੀ ਸਿਧਾਂਤਾਂ ਨੂੰ ਲੈ ਕੇ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ। ਵਿਦੇਸ਼ੀ ਸਰਕਾਰਾਂ ਵੀ ਸਿੱਖ ਧਰਮ ਦਾ ਅਧਿਆਨ ਕਰਕੇ ਆਪਣੇ ਦੇਸ਼ਾਂ ਵਿਚ ਯੋਗ ਸਥਾਨ ਦੇ ਰਹੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸੁਾਲਾ ਅਵਤਾਰ ਪੂਰਵ ਦੇ ਸਬੰਧ ਵਿਚ ੴ ਸਿੱਖੀ ਦਾ ਚਿੰਨ 12 ਨਵੰਬਰ 2019 ਨੂੰ ਬੈਂਡੀਗੋ ਸ਼ਹਿਰ ਤੋਂ 13 ਕਿਲੋਮੀਟਰ ਦੂਰ ਮੈਲਬੋਰਨ (ਵਿਕਟੋਰੀਆ) ਸ਼ਹਿਰ ਤੋਂ 161 ਕਿਲੋਮੀਟਰ ਦੀ ਦੂਰੀ 'ਤੇ ਸਥਾਪਿਤ ਕੀਤਾ ਗਿਆ।

ਇਸ ਸਥਾਨ ਦੇ ਨਜ਼ਦੀਕ ਬੁੱਧ ਧਰਮ ਵਾਲਿਆਂ ਦਾ (ਦੀ ਗਰੇਟ ਸਟੂਪਾ) ਬਹੁਤ ਵੱਡਾ ਅਸਥਾਨ ਬਣਿਆ ਹੋਇਆ ਹੈ।

ਬੁੱਧ ਧਰਮ ਦੇ ਅਸਥਾਨ ਮੂਹਰੇ ਬਣਿਆ ਸਰਕਾਰੀ ਪੀਸ ਪਾਰਕ ਹੈ। ਉਸ ਪਾਰਕ ਵਿਚ ਹੋਰ ਧਰਮਾਂ ਦੇ ਧਾਰਮਿਕ ਚਿੰਨ੍ਹ ਸਥਾਪਿਤ ਕੀਤੇ ਹੋਏ ਹਨ। ਜਿਸ ਤਰ੍ਹਾਂ ਹਿੰਦੂ ਧਾਰਮਿਕ ਚਿੰਨ੍ਹ, ਇਸਾਈ ਧਾਰਮਿਕ ਚਿੰਨ, ਗਣੇਸ਼ ਮੰਦਰ ਆਦਿ ਧਾਰਮਿਕ ਚਿੰਨ੍ਹ ਹਨ। ਸਿੱਖਾਂ ਨੇ ਸਰਕਾਰੀ ਮਨਜ਼ੂਰੀ ਅਨੁਸਾਰ ਉੱਥੇ ਆਪਣਾ ਸਿੱਖੀ ਦਾ ਧਾਰਮਿਕ ਚਿੰਨ੍ਹ ੴ ਸਥਾਪਿਤ ਕਰ ਦਿੱਤਾ।

ਹੁਣ ਉੱਥੇ 12 ਧਾਰਮਿਕ ਚਿੰਨ੍ਹ ਸਥਾਪਿਤ ਹੋ ਚੁੱਕੇ ਹਨ।

ਇਸ ਚਿੰਨ੍ਹ ਦਾ ਉੱਥੇ ਸਥਾਪਿਤ ਹੋਣਾ ਸਿੱਖ ਕੌਮ ਲਈ ਬਹੁਤ ਵੱਡੀ ਮਾਣ ਵਾਲੀ ਗੱਲ ਹੈ। ਇਹ ੴ ਦਾ ਚਿੰਨ ਫਾਈਬਰ ਕਾਰਬਨ ਦਾ ਬਣਿਆ ਹੋਇਆ ਹੈ। ਇਹ ਚਿੰਨ੍ਹ ਦੋ ਕੁਆਟਿਲ (200 ਕਿਲੋਗ੍ਰਾਮ) ਵਜ਼ਨ ਦਾ ਸੁਨਹਿਰੀ ਰੰਗ ਵਾਲਾ ਹੈ।

ਇਸ ਚਿੰਨ੍ਹ ਦਾ ਡਿਜ਼ਾਇਨ ਆਸਟ੍ਰੇਲੀਆ ਵਿਚ ਤਿਆਰ ਕੀਤਾ ਗਿਆ। ਇਹ ਚਿੰਨ੍ਹ ਵਿਕਟੋਰੀਆ ਸਿੱਖ ਕੌਂਸਲ ਦੀ ਨਿਗਰਾਨੀ ਹੇਠ ਤਿਆਰ ਕੀਤਾ ਗਿਆ।



ਇਸ ਚਿੰਨ੍ਹ ਨੂੰ ਡਾਕਟਰ ਗੁਰਦਰਸ਼ਨ ਸਿੰਘ, ਪ੍ਰੋ. ਸੁਪਰੀਆ ਸਿੰਘ (ਆਰ.ਐੱਮ.ਆਈ.ਟੀ.) ਅਤੇ ਵਿਕਟੋਰੀਆ ਸਿੱਖ ਸੰਗਤ ਦੇ ਸਹਿਯੋਗ ਨਾਲ ਸਥਾਪਿਤ ਕੀਤਾ ਗਿਆ। ਮੈਲਬੌਰਨ ਵਿਚ ਬਣੇ ਗੁਰਦੁਆਰਾ ਸਾਹਿਬ, ਬਲੈਕਬਰਨ ਗੁਰਦੁਵਾਰਾ ਸਾਹਿਬ, ਕਰੇਗੀਬਰਨ ਗੁਰਦੁਆਰਾ ਸਾਹਿਬ ਅਤੇ ਕੀਜ਼ਬਰੋ ਗੁਰਦੁਆਰਾ ਸਾਹਿਬ ਦੀਆਂ ਸਿੱਖ ਸੰਗਤਾਂ ਨੇ ਇਹ ਸਿੱਖੀ ਦਾ ਚਿੰਨ੍ਹ ਸਥਾਪਿਤ ਕਰਨ ਵਿਚ ਵਧੇਰੇ ਯੋਗਦਾਨ ਪਾਇਆ। ਇਹ ਆਸਟ੍ਰੇਲੀਆ ਵਿਚ ਸਿੱਖੀ ਦਾ ਪਹਿਲੀ ਧਾਰਮਿਕ ਚਿੰਨ੍ਹ ਹੈ, ਜਿਸ ਨੂੰ ਸਥਾਪਿਤ ਕਰਨ ਲਈ ਸੁਖਵੰਤ ਸਿੰਘ ਮੈਲਬੌਰਨ ਨੇ ਟੀਮ ਸਮੇਤ ਸਥਾਪਿਤ ਕਰਨ ਲਈ ਮੁੱਖ ਸੇਵਾ ਨਿਭਾਈ। ਇਹ ਚਿੰਨ੍ਹ ਸਿੱਖ ਭਾਈਚਾਰੇ ਦੀ ਸਾਂਝ ਨੂੰ ਦਰਸਾਉਂਦਾ ਹੈ। ਵਿਦੇਸ਼ਾਂ ਵਿਚ ਵਧਦੀ ਸਿੱਖੀ ਸਾਡੇ ਗੁਰੂ ਸਾਹਿਬਾਨਾਂ ਦੇ ਦੱਸੇ ਮਾਰਗ 'ਤੇ ਚੱਲਣ ਦਾ ਰਾਹ ਦਰਸਾਉਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਅਵਤਾਰ ਪੂਰਵ ਨੂੰ ਮੁੱਖ ਰੱਖਦਿਆਂ 26 ਅਕਤੂਬਰ 2024 ਨੂੰ ਵੱਖ-ਵੱਖ ਗੁਰਦੁਆਰਾ ਸਾਹਿਬ ਤੋਂ ਵੱਡੀ ਗਿਣਤੀ ਵਿਚ ਸਿੱਖ ਸੰਗਤਾਂ ਇਸ ਅਸਥਾਨ 'ਤੇ ਇਕੱਠੀਆਂ ਹੋਈਆਂ ਹਨ। ਹੋਪਰ ਕਰੌਸਿੰਗ (ਮਲਬੌਰਨ) ਦੇ ਗੁਰਦੁਆਰਾ ਸਾਹਿਬ ਤੋਂ ਪ੍ਰਧਾਨ ਆਰ.ਪੀ. ਸਿੰਘ ਅਤੇ ਸਮੂਹ ਕਮੇਟੀ ਦੇ ਉਪਰਾਲੇ ਨਾਲ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਮਾਣਯੋਗ ਸੁਖਵੀਰ ਸਿੰਘ ਜੀ ਖੰਡੂਰ ਸਾਹਿਬ ਵਾਲੇ ਅਤੇ ਗਿਆਨੀ ਅਮਨਪ੍ਰੀਤ ਸਿੰਘ ਜੀ ਅੰਮ੍ਰਿਤਸਰ ਸਾਹਿਬ ਵਾਲਿਆਂ ਦੀ ਅਗਵਾਈ ਵਿਚ ਸਮੂਹ ਸਿੱਖ ਸੰਗਤਾਂ ਦਰਸ਼ਨਾ ਲਈ ਬੈਂਡੀਗੋ ਵਿਖੇ ਪਹੁੰਚੀਆਂ। ਦਾਸ ਨੇ ਵੀ ਇਥੋਂ ਦੀ ਸੰਗਤ ਦੇ ਨਾਲ ਜਾ ਕੇ ਦਰਸ਼ਨ ਕੀਤੇ। ਉੱਥੇ ਫ਼ਲਾਂ, ਚਾਹ ਅਤੇ ਪ੍ਰਸ਼ਾਦਿਆਂ ਦੇ ਅਤੁੱਟ ਲੰਗਰ ਵਰਤਾਏ ਗਏ।

ਗੁਰਦੁਆਰਾ ਸਿੰਘ ਸਭਾ ਬੈਂਡੀਗੋ ਵਲੋਂ ਇਸ ਸਿੱਖੀ ਦੇ ਚਿੰਨ੍ਹ ਦੇ ਨਜ਼ਦੀਕ ਹੀ ਜਗ੍ਹਾ ਖਰੀਦਕੇ ਗੁਰਦੁਆਰਾ ਸਾਹਿਬ ਸਥਾਪਿਤ ਕਰਨ ਦੇ ਯਤਨ ਜਾਰੀ ਹਨ। ਅਖ਼ੀਰ ਵਿਚ ਪ੍ਰਬੰਧਕਾਂ ਵਲੋਂ ਆਈ ਸਿੱਖ ਸੰਗਤ ਦਾ ਤਹਿ ਦਿੱਲੋਂ ਧੰਨਵਾਦ ਕੀਤਾ ਗਿਆ।

# ਦੂਜੇ ਰੱਬ ਨੂੰ ਮੁਖ਼ਾਤਿਬ ਹੁੰਦਿਆਂ...

ਜਸ ਜੀਤ
(ਲੁਧਿਆਣਾ)
+91-86990-17377
ਪੰਜਾਬ ਮੇਲ USA



ਦੀਵਾਲੀ ਦੀਆਂ ਛੁੱਟੀਆਂ ਲੇਖੇ ਲਾਉਂਦਿਆਂ ਇਨ੍ਹਾਂ ਦਿਨਾਂ ਵਿਚ ਸ਼ਿਵਚਰਨ ਜੱਗੀ 'ਕੁੱਸਾ' ਰਚਿਤ ਨਾਵਲ 'ਕੱਲਾ ਨਾ ਹੋਵੇ ਪੁੱਤ ਜੱਟ ਦਾ' ਪੜ੍ਹਿਆ। ਇਸ ਵੱਡ ਅਕਾਰੀ ਨਾਵਲ ਦੇ ਵਿਚ ਲੇਖਕ ਨੇ ਅਜੋਕੇ ਸਮਾਜ ਵਿਚ ਸਿਰ ਚੁੱਕੀ ਖੜ੍ਹੀਆਂ ਕੁਰੀਤੀਆਂ 'ਤੇ ਕਰਾਰੀ ਚੋਟ ਮਾਰੀ ਹੈ। ਖਾਸ ਕਰਕੇ ਸਿਹਤ ਸੇਵਾਵਾਂ ਨਾਲ ਸਬੰਧਿਤ ਖੇਤਰ ਇਸ ਨਾਵਲ ਦਾ ਮੁੱਖ ਆਧਾਰ ਹੋ ਨਿਬੜਿਆ ਹੈ। ਮਾਨਵ ਨੂੰ ਮਾਨਵੀ ਸੰਵੇਦਨਾ ਨਾਲ ਜੋੜਦਾ ਇਹ ਨਾਵਲ ਡਾਕਟਰੀ ਕਿੱਤੇ ਉੱਪਰ ਲੱਗੇ ਕਲੰਕ ਨੂੰ ਜੱਗ-ਜ਼ਾਹਿਰ ਕਰਨ ਅਤੇ ਧੋਣ ਦਾ ਰਾਹ ਦਰਸਾਉਂਦਾ ਜਾਪਦਾ ਹੈ।

ਜ਼ਮੀਨ ਜੋ ਜੱਟ ਨੂੰ ਆਪਣੀ ਅਣਖ ਦੇ ਵਾਂਗ ਪਿਆਰੀ ਹੁੰਦੀ ਹੈ, ਉਸ ਬਾਰੇ ਵੀ ਲੇਖਕ ਨੇ ਇਸ ਨਾਵਲ ਵਿਚ ਕਈ ਪਹਿਲੂ ਛੂਹੇ ਹਨ। ਰਿਸ਼ਤਿਆਂ ਦਾ ਘਾਣ ਇਨ੍ਹਾਂ ਜ਼ਮੀਨਾਂ ਦੀ ਲਾਲਸਾ ਦੇ ਰੌਲੇ ਵਿਚ ਹੀ ਉਪਜਦਾ ਹੈ। ਇਕੱਲੀ ਜ਼ਮੀਨ ਹੀ ਇਨ੍ਹਾਂ ਰੌਲਿਆਂ ਘਚੋਲਿਆਂ ਦਾ ਕਾਰਨ ਨਹੀਂ ਬਣਦੀ, ਸਗੋਂ ਮਰ ਚੁੱਕੀ ਮਾਨਵੀ ਸੰਵੇਦਨਾ ਅਤੇ ਪਦਾਰਥਕ ਦੌੜ ਇਸ ਨਾਵਲ ਦਾ ਮੁੱਖ ਮੁੱਦਾ ਹੈ। ਜੋ ਇਨਸਾਨੀਅਤ ਅਤੇ ਅਜੋਕੇ ਗੰਧਲੇ ਸਿਸਟਮ 'ਤੇ ਕਈ ਸਵਾਲੀਆ ਚਿੰਨ੍ਹ ਲਗਾ ਜਾਂਦੀ ਹੈ। ਬੰਦਾ ਫ਼ਿਰ 'ਬੰਦਾ' ਨਹੀਂ ਰਹਿੰਦਾ।

ਅਸਲ ਰਿਸ਼ਤੇ ਮੋਹ ਦੇ ਹੁੰਦੇ ਹਨ। ਖ਼ੂਨ ਦੇ ਰਿਸ਼ਤਿਆਂ ਤੋਂ ਵੀ ਉੱਪਰ। 'ਭੁੱਲਰ' ਅਤੇ 'ਜੱਸੀ' ਦੇ ਕਿਰਦਾਰ ਰਾਹੀਂ ਲੇਖਕ ਨੇ ਇਸ ਸੱਚਾਈ ਨੂੰ ਹੋਰ ਨੇੜਿਓਂ ਪੇਸ਼ ਕਰਨ ਦਾ ਯਤਨ ਕੀਤਾ ਹੈ। ਲੋਕਧਾਰਾਈ ਬਿਰਤੀ ਵਾਂਗ ਨਾਵਲ ਵਿਚ ਅੰਕਿਤ ਸਿਆਣਿਆਂ ਦੀਆਂ ਕਹਾਣੀਆਂ/ਕਹਾਣੇ ਪਾਠਕ ਨੂੰ ਬੰਨ੍ਹੀ ਰੱਖਦੇ ਹਨ। ਇਸ ਇੱਕ ਨਾਵਲ ਵਿਚ ਹੋਰ ਕਿਹੜੀਆਂ-ਕਿਹੜੀਆਂ ਪਰਤਾਂ ਛੁਪੀਆਂ ਹੋਈਆਂ ਹਨ, ਇਸ ਲਈ ਇਸ ਨੂੰ ਪੜ੍ਹਨਾ ਅਤੇ ਨਿੱਠ ਕੇ ਅਧਿਐਨ ਕਰਨਾ ਬਣਦਾ ਹੈ। ਕਿਰਤ ਦਾ ਸੁਨੇਹਾ ਦਿੰਦਾ ਇਹ ਨਾਵਲ ਮਨੁੱਖ ਦੀ ਰਿਸ਼ਤਿਆਂ ਨੂੰ ਭਾਲਣ ਅਤੇ ਮਾਨਣ ਦੀ ਚੇਸ਼ਟਾ ਨੂੰ ਬਿਆਨਦਾ ਹੈ, ਤਾਂ ਹੀ ਉਹ ਇਹ ਆਖਦਾ ਹੈ ਕਿ 'ਕੱਲਾ ਨਾ ਹੋਵੇ ਪੁੱਤ ਜੱਟ ਦਾ...




ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

**Dr. Bindra Clinic**

Dental Care & Hair Transplant
COSMETIC - IMPLANT - RESTORATIVE





ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

**Editorial Board**

**Chief Editor**
Gurjatinder Singh Randhawa

**Sub Editors**
Sandeep Kumar
Amit Saini

**Distributor**
Jai Singh

**Website**
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# (ਨਾਮਦੇਵ ਹਰਿ ਜੀਉ ਬਸਹਿ ਸੰਗਿ)

- ਜਸਵਿੰਦਰ ਸਿੰਘ ਰੁਪਾਲ
ਪੰਜਾਬ ਮੇਲ USA





ਭਗਤੀ ਲਹਿਰ ਦੇ ਮੋਢੀ ਸੰਤਾਂ ਵਿਚ ਮੰਨੇ ਗਏ ਭਗਤ ਨਾਮਦੇਵ ਜੀ ਦਾ ਜਨਮ ਮਹਾਰਾਸ਼ਟਰ ਦੇ ਜ਼ਿਲ੍ਹਾ ਸਤਾਰਾ ਦੇ ਪਿੰਡ ਨਰਸੀ ਬਾਮਨੀ ਵਿਚ 26 ਅਕਤੂਬਰ 1270 ਈਸਵੀ ਨੂੰ ਹੋਇਆ। ਆਪ ਜੀ ਦੇ ਮਾਤਾ ਜੀ ਦਾ ਨਾਮ ਗੋਨਾਬਾਈ ਅਤੇ ਪਿਤਾ ਜੀ ਦਾ ਨਾਮ ਦਾਮਾਸ਼ੇਟੀ ਸੀ। ਆਪ ਜੀ ਦਾ ਪਰਿਵਾਰ ਭਗਵਾਨ ਵਿਠੱਲ ਦਾ ਭਗਤ ਸੀ। ਨਾਮਦੇਵ ਜੀ ਦਾ ਵਿਆਹ ਗੋਬਿੰਦਸੇਟੀ ਦੀ ਪੁੱਤਰੀ ਰਾਜਬਾਈ ਨਾਲ ਹੋਇਆ, ਜਿਸ ਤੋਂ ਉਨ੍ਹਾਂ ਦੇ ਚਾਰ ਪੁੱਤਰ ਅਤੇ ਇੱਕ ਪੁੱਤਰੀ ਦਾ ਜਨਮ ਹੋਇਆ, ਜਿਨ੍ਹਾਂ 'ਚ ਪੁੱਤਰਾਂ ਦੇ ਨਾਮ ਨਾਰਾਇਣ, ਮਹਾਂਦੇਵ, ਗੋਬਿੰਦ ਅਤੇ ਵਿੱਠਲ ਅਤੇ ਪੁੱਤਰੀ ਦਾ ਨਾਮ ਲਿੰਬਾ ਬਾਈ ਸੀ। ਭਗਤ ਨਾਮਦੇਵ ਜੀ ਛੀਂਬਾ ਜਾਤੀ ਨਾਲ ਸੰਬੰਧ ਰੱਖਦੇ ਸਨ, ਜੋ ਉਸ ਸਮੇਂ ਦੀ ਵਰਣ ਵੰਡ ਅਨੁਸਾਰ ਨੀਵੀਂ ਜਾਤ ਵਜੋਂ ਗਿਣੀ ਜਾਂਦੀ ਸੀ। ਭਗਤ ਜੀ ਨੇ ਕੱਪੜੇ ਰੰਗਣ ਅਤੇ ਸਿਊਣ ਦਾ ਪਿਤਾ ਪੁਰਖੀ ਕੰਮ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਕੀਤਾ।

ਭਾਵੇਂ ਮਹਾਰਾਸ਼ਟਰ ਵਿਚ ਉਸ ਸਮੇ ਦੇ ਪੰਜ ਵਿਅਕਤੀ ਨਾਮਦੇਵ ਨਾਂ ਦੇ ਭਗਤ ਹੋਏ ਜਾਣੇ ਜਾਂਦੇ ਹਨ। ਇਨ੍ਹਾਂ ਸਭ ਨੇ ਹੀ ਥੋੜੇ ਬਹੁਤ ਅਭੰਗ (ਛੰਦ) ਰਚੇ। ਮਹਾਰਾਸ਼ਟਰ 'ਚ ਇਨ੍ਹਾਂ ਅਭੰਗਾਂ ਵਾਲੀ ਰਚਨਾ ਦੇ ਸੰਗ੍ਰਹਿ ਨੂੰ ਗਾਥਾ ਕਿਹਾ ਜਾਂਦਾ ਹੈ। ਕੁੱਲ 2500 ਅਭੰਗਾਂ ਸੰਤ ਗਾਥਾ ਵਿਚ ਮਿਲਦੇ ਹਨ, ਜਿਨ੍ਹਾਂ ਵਿਚੋਂ ਸਿਰਫ 600 ਅਭੰਗਾਂ ਤੇ ਨਾਮਦੇਵ ਜਾਂ ਨਾਮਾ ਸ਼ਬਦ ਦੀ ਛਾਪ ਲੱਗੀ ਹੋਈ ਹੈ। ਬਾਕੀ ਵਿਸ਼ਨੁਦਾਸਨਾਮਾ ਛਾਪ ਹੇਠ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਸ਼ਾਇਦ ਨਾਮਦੇਵ ਜੀ ਨੂੰ ਪੱਥਰ-ਪੂਜਕ ਸਿੱਧ ਕਰਨ ਲਈ ਵਿਸ਼ਨੁਦਾਸਨਾਮਾ ਹੇਠ ਰਚਨਾ ਕਰਨੀ ਵਿਰੋਧੀਆਂ ਦੀ ਮਜਬੂਰੀ ਬਣ ਗਈ ਹੋਵੇ। ਖ਼ੈਰ, ਅਸੀਂ ਆਪਣਾ ਧਿਆਨ ਸਿਰਫ ਉਸ ਨਾਮਦੇਵ ਵੱਲ ਲਾਵਾਂਗੇ, ਜੋ ਨਿਰਗੁਣ ਬ੍ਰਹਮ ਦਾ ਉਪਾਸਕ ਹੈ, ਪੱਥਰ ਪੂਜਕ ਨਹੀਂ ਅਤੇ ਜਿਸ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਨਾਮਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਮਿਲਦੀ ਰਚਨਾ ਬਾਰੇ ਅਸੀਂ ਵਿਚਾਰ ਨਹੀਂ ਕਰਾਂਗੇ ਕਿਉਂਕਿ ਉਸ ਦੇ ਪ੍ਰਮਾਣਿਤ ਹੋਣ ਦਾ ਵੀ ਕੋਈ ਭਰੋਸਾ ਨਹੀਂ।

ਭਗਤ ਨਾਮਦੇਵ ਜੀ ਦੀ ਬਾਣੀ :- ਮਹਾਰਾਸ਼ਟਰ ਦੀ ਮਰਾਠੀ ਭਾਸ਼ਾ ਵਿਚ ਭਗਤ ਨਾਮਦੇਵ ਜੀ ਦੀਆਂ ਇਹ ਰਚਨਾਵਾਂ ਬਾਰੇ ਜਾਣਕਾਰੀ ਮਿਲਦੀ ਹੈ:-

ਨਾਮਦੇਵ ਦੀ ਸਾਖੀ।
ਸੋਰਠਿ ਰਾਗੁ ਦਾ ਪਦਾ।
ਭਗਤ ਨਾਮਦੇਵ ਦਾ ਪਦਾ।

ਅਸੀਂ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਬਾਣੀ ਬਾਰੇ ਹੀ ਗੱਲ ਕਰਾਂਗੇ। ਗੁਰੂ ਗ੍ਰੰਥ ਸਾਹਿਬ ਜੀ ਵਿਚ ਭਗਤ ਨਾਮਦੇਵ ਜੀ ਦੇ 18 ਰਾਗਾਂ ਵਿਚ ਕੁੱਲ 61 ਸ਼ਬਦ ਦਰਜ ਹਨ।

ਇਹ ਸਾਰੇ ਸ਼ਬਦ ਰਾਗ 'ਤੇ ਪੂਰੇ ਖਰ੍ਹੇ ਉਤਰਦੇ ਹਨ। ਇਨ੍ਹਾਂ ਦੀ ਭਾਸ਼ਾ ਵਿਚ ਮਰਾਠੀ ਸ਼ਬਦਾਂ ਦੀ ਭਰਮਾਰ ਹੈ, ਪਰ ਫਿਰ ਵੀ ਇਹ ਜਨ ਸਾਧਾਰਨ ਦੀ ਬੋਲੀ ਵਿਚਲੇ ਸ਼ਬਦ ਹੀ ਹਨ, ਜਿਨ੍ਹਾਂ ਨੂੰ ਪਾਠਕ ਸਹਿਜੇ ਹੀ ਸਮਝ ਸਕਦਾ ਹੈ। ਭਗਤ ਨਾਮਦੇਵ ਜੀ ਦੀਆਂ ਮੁੱਖ ਸਿੱਖਿਆਵਾਂ ਜੋ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਗਟ ਹੁੰਦੀਆਂ ਹਨ, ਸੰਖੇਪ ਰੂਪ 'ਚ ਇਸ ਤਰਾਂ ਹਨ:-

1. **ਨਿਰਗੁਣ ਪ੍ਰਭੂ ਬਾਰੇ ਵਿਚਾਰ:-** ਭਗਤ ਨਾਮਦੇਵ ਜੀ ਇੱਕ ਨਿਰਗੁਣ ਪ੍ਰਮਾਤਮਾ ਦੇ ਉਪਾਸਕ ਸਨ, ਭਾਵੇ ਉਨ੍ਹਾਂ ਨਾਲ ਜੁੜੀਆਂ ਸਾਖੀਆਂ ਅਤੇ ਉਨ੍ਹਾਂ ਦੀ ਲਿਖਤ ਦੇ ਗਲਤ ਅਰਥ ਲੈਣ ਵਾਲੇ ਉਨ੍ਹਾਂ ਨੂੰ ਸਰਗੁਣ ਪ੍ਰਭੂ ਦੇ ਪੁਜਾਰੀ ਵੀ ਕਹਿੰਦੇ ਹਨ। ਭਗਤ ਜੀ ਦਾ ਪ੍ਰਭੂ ਕਿਸੇ ਮੰਦਰ ਜਾਂ ਮਸੀਤ ਵਿਚ ਨਹੀਂ ਰਹਿੰਦਾ, ਉਹ ਤਾਂ ਹਰ ਥਾਂ ਵਿਆਪਕ ਪ੍ਰਭੂ ਦੀ ਗੱਲ ਕਰਦੇ ਹਨ:-

* ਹਿੰਦੂ ਪੂਜੈ ਦੇਹੁਰਾ ਮੁਸਲਮਾਣ ਮਸੀਤਿ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨਾ ਮਸੀਤਿ॥... ... (ਪੰਨਾ 875, ਬਿਲਾਵਲੁ ਗੋਂਡ)

ਉਨ੍ਹਾਂ ਦਾ ਨਿਰਗੁਣ ਪ੍ਰਭੂ ਘਟ-ਘਟ ਵਿਚ ਰਮਿਆ ਹੋਇਆ ਹੈ। ਭਗਤ ਜੀ ਉਸ ਨਿਰਾਕਾਰ ਪ੍ਰਭੂ ਦੀ ਬੇਅੰਤਤਾ ਦਰਸਾਉਂਦੇ ਹੋਏ ਆਖਦੇ ਹਨ ਕਿ ਉਸ ਦਾ ਭੇਦ ਪਾਉਣਾ ਸੰਭਵ ਨਹੀਂ ਹੈ, ਸਭ ਆਪੋ ਆਪਣੇ ਅੰਦਾਜੇ ਹੀ ਲਗਾ ਰਹੇ ਹਨ। ਬਹਿਸ ਕਰ ਰਹੇ ਹਨ।

* ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ।
ਜਲ ਕੀ ਮਾਛੁਲੀ ਚਰੈ ਖਜੂਰਿ।
ਕਾਂਇ ਰੇ ਬਕਬਾਦਿ ਲਾਇਓ।
ਜਿਨ ਹਰਿ ਪਾਇਓ ਤਿਨਹਿ ਛੁਪਾਇਓ।... ... (ਪੰਨਾ 718, ਟੋਡੀ ਬਾਣੀ ਭਗਤਾਂ ਕੀ)

2. **ਨਾਮ ਸਿਮਰਨ, ਮਹੱਤਤਾ ਅਤੇ ਢੰਗ:-** ਭਗਤ ਨਾਮਦੇਵ ਜੀ ਪ੍ਰਭੂ ਦੀ ਪ੍ਰਾਪਤੀ ਲਈ ਉਸ ਦਾ ਸਿਮਰਨ ਕੀਤਾ ਜਾਣਾ ਜ਼ਰੂਰੀ ਸਮਝਦੇ ਹਨ। ਇਸ ਸਿਮਰਨ ਵਿਚ ਹੀ ਉਹ ਪ੍ਰਭੂ ਦੇ ਮਿਲਾਪ ਨੂੰ ਚਿਤਵਦੇ ਹਨ ।

ਉਨ੍ਹਾਂ ਲਈ ਪ੍ਰਭੂ ਦਾ ਨਾਮ ਉਸ ਤਰ੍ਹਾਂ ਹੈ, ਜਿਵੇਂ ਅੰਨ੍ਹੇ ਲਈ ਲਾਠੀ ਇੱਕ ਸਹਾਰਾ ਬਣਦੀ ਹੈ।

* ਮੈ ਅੰਧਲੇ ਕੀ ਟੇਕ ਤੇਰਾ ਨਾਮ ਖੁੰਦਕਾਰਾ॥
ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ॥... ... (ਪੰਨਾ 727, ਨਾਮਦੇਵ ਜੀ)

ਉਸ ਦਾ ਸਿਮਰਨ ਕਿਵੇਂ ਕਰਨਾ ਹੈ, ਦੁਨਿਆਵੀ ਕੰਮ ਕਰਦੇ ਹੋਏ ਹਮੇਸ਼ਾ ਧਿਆਨ ਉਸ ਪ੍ਰਭੂ ਵੱਲ ਟਿਕਿਆ ਰਹੇ। ਜਿਵੇਂ ਇੱਕ ਪਤੰਗ ਉਡਾਉਂਦਾ ਬੱਚਾ ਸਾਥੀਆਂ ਨਾਲ ਗੱਲ ਕਰਦਾ ਧਿਆਨ ਪਤੰਗ ਵਿਚ ਰੱਖਦਾ ਹੈ।

* ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ਼ ਮਧੇ ਭਰਮੀਅਲੇ॥
ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥... ... (ਪੰਨਾ 972, ਬਾਣੀ ਨਾਮਦੇਉ ਜੀ ਕੀ ਰਾਮਕਲੀ ਘਰੁ 1)

3. **ਜਾਤ ਪਾਤ ਦਾ ਵਿਰੋਧ:-** ਭਗਤ ਜੀ ਆਪ ਉਸ ਵੇਲੇ ਨੀਵੀਂ ਆਖੀ ਜਾਂਦੀ ਜਾਤ ਨਾਲ ਸੰਬੰਧ ਰੱਖਦੇ ਸਨ, ਜਿਸ ਕਾਰਨ ਉਨ੍ਹਾਂ ਨੂੰ ਉੱਚ ਜਾਤੀਏ ਬ੍ਰਾਹਮਣਾਂ ਦੇ ਵਿਰੋਧ ਅਤੇ ਤ੍ਰਿਸਕਾਰ ਦਾ ਸਾਹਮਣਾ ਕਰਨਾ ਪਿਆ। ਉਹ ਮੰਦਰ ਗਏ ਪਰ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਮੰਦਰ ਵਿਚੋਂ ਕੱਢ ਦਿੱਤਾ। ਉਹ ਮੰਦਰ ਦੇ ਪਿਛਵਾੜੇ ਜਾ ਕੇ ਹੀ ਭਗਤੀ ਕਰਨ ਲੱਗ ਪਏ। ਸਾਰੇ ਸ਼ਰਧਾਲੂ ਹੀ ਪਿਛਵਾੜੇ ਵੱਲ ਚਲੇ ਗਏ।

* ਹਸਤ ਖੇਲਤ ਤੇਰੇ ਦੇਹੁਰੇ ਆਇਆ,
ਭਗਤਿ ਕਰਤ ਨਾਮਾ ਪਕਰਿ ਉਠਾਇਆ॥
ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥
ਛੀਪੇ ਕੇ ਜਨਮਿ ਕਾਹੇ ਕਉ ਆਇਆ॥
ਲੈ ਕਮਲੀ ਚਲਿਓ ਪਲਟਾਇ॥
ਦੇਹੁਰੈ ਪਾਛੈ ਬੈਠਾ ਜਾਇ॥... ... (ਪੰਨਾ 1164, ਭੈਰਉ ਬਾਣੀ ਨਾਮਦੇਵ ਜੀ ਕੀ)

4. **ਮੂਰਤੀ ਪੂਜਾ ਦਾ ਵਿਰੋਧ:-** ਭਗਤ ਨਾਮਦੇਵ ਜੀ ਕਿਸੇ ਵੀ ਤਰ੍ਹਾਂ ਦੀ ਮੂਰਤੀ ਪੂਜਾ ਦੇ ਪੂਰਨ ਵਿਰੋਧ ਵਿਚ ਸਨ, ਭਾਵੇ ਉਨ੍ਹਾਂ ਨਾਲ ਜੋੜੀਆਂ ਜਾਂਦੀਆਂ ਸਾਖੀਆਂ ਵਿਚ ਉਨ੍ਹਾਂ ਨੂੰ ਮੂਰਤੀ ਨੂੰ ਦੁੱਧ ਪਿਲਾਉਂਦੇ ਵੀ ਦਿਖਾਇਆ ਗਿਆ ਹੈ। ਪਰ ਉਨ੍ਹਾਂ ਦੀ ਬਾਣੀ ਨੂੰ ਧਿਆਨ ਨਾਲ ਪੜ੍ਹੀਏ, ਤਾਂ ਜਿਸ ਤਰਕਸ਼ੀਲਤਾ ਨਾਲ ਉਹ ਮੂਰਤੀ ਪੂਜਾ ਨੂੰ ਰੱਦ ਕਰਦੇ ਹਨ, ਉਸ 'ਤੇ ਮਨ ਵਿਸਮਾਦ ਵਿਚ ਆ ਜਾਂਦਾ ਹੈ।

ਏਕੈ ਪਾਥਰ ਕੀਜੈ ਭਾਉ॥
ਦੂਜੈ ਪਾਥਰ ਧਰੀਐ ਪਾਉ॥
ਜੇ ਉਹ ਦੇਉ ਤਾ ਉਹ ਭੀ ਦੇਵਾ॥
ਕਹਿ ਨਾਮਦੇਉ ਹਮ ਹਰਿ ਕੀ ਸੇਵਾ॥... ... (ਪੰਨਾ 525, ਗੂਜਰੀ ਸ੍ਰੀ ਨਾਮਦੇਵ ਜੀ ਕੇ ਪਦੇ ਘਰੁ 1)

5. **ਕਰਮ ਕਾਂਡ ਦਾ ਵਿਰੋਧ:-** ਉਸ ਸਮੇਂ ਜੋ ਕਰਮ ਕਾਂਡ ਪ੍ਰਚਲਿਤ ਸਨ, ਭਗਤ ਨਾਮਦੇਵ ਜੀ ਉਨ੍ਹਾਂ ਸਾਰਿਆ ਨੂੰ ਮੁੱਢੋਂ ਹੀ ਰੱਦ ਕਰਦੇ ਹਨ ਅਤੇ ਆਖਦੇ ਹਨ ਕਿ ਪ੍ਰਭੂ ਦੇ ਨਾਮ ਦੇ ਬਰਾਬਰ ਕੋਈ ਵੀ ਨਹੀਂ। ਸਭ ਫਜ਼ੂਲ ਹਨ।

ਬਾਨਾਰਸੀ ਤਪੁ ਕਰੈ ਉਲਟਿ ਤੀਰਥੁ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ॥
ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮੁ ਸਰਿ ਤਊ ਨ ਪੀਜੈ॥ (ਪੰਨਾ 973, ਰਾਮਕਲੀ ਘਰੁ 2)

6. **ਬਹੁਦੇਵਵਾਦ ਦਾ ਵਿਰੋਧ:-** ਪਹਿਲਾਂ ਜ਼ਿਕਰ ਕੀਤੇ ਅਨੁਸਾਰ ਅਸੀਂ ਦੇਖਿਆ ਹੈ ਕਿ ਭਗਤ ਜੀ ਨਿਰਗੁਣ ਪ੍ਰਭੂ ਵਿਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਜਿਸ ਦੇਵੀ ਦੇਵਤੇ ਦੀ ਤੁਸੀਂ ਪੂਜਾ ਕਰੋਗੇ, ਉਸੇ ਵਰਗੇ ਹੀ ਹੋ ਜਾਵੋਗੇ।

ਭੈਰਉ ਭੂਤ ਸੀਤਲਾ ਧਾਵੈ॥
ਖਰ ਬਾਹਨੁ ਉਹੁ ਛਾਰੁ ਉਡਾਵੈ॥
ਹਉ ਤਉ ਏਕੁ ਰਮਈਆ ਲੈਹਉ॥
ਆਨਿ ਦੇਵ ਬਦਲਾਵਨਿ ਦੈਹਉ॥ ਰਹਾਉ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ॥
ਬਰਦ ਚਢੇ ਡਉਰੂ ਢਮਕਾਵੈ॥
ਮਹਾ ਮਾਈ ਕੀ ਪੂਜਾ ਕਰੈ॥
ਨਰ ਸੇ ਨਾਰਿ ਹੋਇ ਅਉਤਰੈ॥... ... (ਪੰਨਾ 874, ਗੋਂਡ)

7. **ਸ਼ੁੱਧ ਆਚਰਣ ਰੱਖ ਕੇ ਵਿਕਾਰ ਦੂਰ ਕਰਨ 'ਤੇ ਜ਼ੋਰ:-** ਭਗਤ ਨਾਮਦੇਵ ਜੀ ਦਾ ਵਿਚਾਰ ਹੈ ਕਿ ਇਨਸਾਨ ਨੂੰ ਆਪਣੇ ਹਿਰਦੇ ਦੀ ਪਵਿੱਤਰਤਾ ਬਣਾਈ ਰੱਖਣੀ ਚਾਹੀਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੇ ਵਿਕਾਰਾਂ ਨੂੰ ਦੂਰ ਕਰਕੇ ਇੱਕ ਸਚੇ-ਸੁੱਚੇ ਕਿਰਦਾਰ ਵਾਲੀ ਜ਼ਿੰਦਗੀ ਜਿਉਣੀ ਚਾਹੀਦੀ ਏ।

ਘਰਿ ਕੀ ਨਾਰਿ ਤਿਆਗੈ ਅੰਧਾ।
ਪਰ ਨਾਰੀ ਸਿਉ ਘਾਲੈ ਧੰਧਾ॥... ...(ਪੰਨਾ 1164, ਭੈਰਉ ਨਾਮਦੇਉ ਜੀਉ ਘਰੁ 2)

8. **ਗਿਆਨ ਦੀ ਪ੍ਰਧਾਨਤਾ :-** ਭਾਵੇਂ ਪ੍ਰਭੂ ਲਈ ਵਿਸ਼ਵਾਸ, ਸ਼ਰਧਾ ਅਤੇ ਪ੍ਰੇਮ ਦੀ ਬਹੁਤ ਲੋੜ ਹੈ। ਪਰ ਭਗਤ ਜੀ ਅੰਨ੍ਹੀ ਸ਼ਰਧਾ ਦੇ ਹੱਕ ਵਿਚ ਨਹੀਂ ਹਨ। ਇਨਸਾਨ ਨੂੰ ਹਮੇਸ਼ਾ ਗਿਆਨ ਦੀ ਵਰਤੋਂ ਕਰਨੀ ਚਾਹੀਦੀ ਹੈ।

ਗਿਆਨ ਅੰਜਨੁ ਮੋ ਕਉ ਗੁਰਿ ਦੀਨਾ॥
ਰਾਮ ਨਾਮ ਬਿਨੁ ਜੀਵਨੁ ਮਨ ਹੀਨਾ॥... ... (ਪੰਨਾ 858, ਬਿਲਾਵਲੁ ਬਾਣੀ ਭਗਤ ਨਾਮਦੇਵ ਜੀ ਕੀ)

ਇਸ ਗਿਆਨ ਕਾਰਨ ਹੀ ਭਗਤ ਬਾਹਰਲੇ ਕਰਮ ਕਾਂਡਾਂ ਅਤੇ ਦਿਖਾਵਿਆਂ ਤੋਂ ਉੱਚਾ ਉੱਠ ਕੇ ਉਸ ਪ੍ਰਭੂ ਨੂੰ ਪਿਆਰ ਕਰ ਸਕਦਾ ਹੈ।

**ਭਗਤ ਨਾਮਦੇਵ ਜੀ ਨਾਲ ਜੁੜੀਆਂ ਕਰਾਮਾਤਾਂ :-** ਮਨੁੱਖੀ ਮਨ ਦੀ ਫਿਤਰਤ ਰਹੀ ਹੈ ਕਿ ਉਹ ਗੁਰੂਆਂ, ਪੀਰਾਂ, ਫਕੀਰਾਂ ਨਾਲ ਕੁਝ ਕਰਾਮਾਤਾਂ ਜੋੜ ਹੀ ਦਿੰਦਾ ਹੈ। ਨਾਮਦੇਵ ਜੀ ਨਾਲ ਵੀ ਕਾਫੀ ਕਰਾਮਾਤਾਂ ਜੋੜ ਕੇ ਸੁਣਾਈਆਂ ਜਾਂਦੀਆਂ ਹਨ, ਜਿਨ੍ਹਾਂ ਦਾ ਕਾਰਨ ਅਗਿਆਨਤਾ, ਜ਼ਿਆਦਾ ਸ਼ਰਧਾ ਅਤੇ ਵਿਰੋਧੀਆਂ ਦੀ ਸਾਜ਼ਿਸ਼ ਆਦਿ ਹੋ ਸਕਦਾ ਹੈ। ਕੁਝ ਕਰਾਮਾਤੀ ਸਾਖੀਆਂ ਬਾਰੇ ਗੱਲ ਕਰਦੇ ਹਾਂ:-

1. **ਮੂਰਤੀ ਨੂੰ ਦੁੱਧ ਪਿਲਾਉਣਾ:-** ਕਿਹਾ ਜਾਂਦਾ ਹੈ ਕਿ ਭਗਤ ਨਾਮਦੇਵ ਜੀ ਨੇ ਕ੍ਰਿਸ਼ਨ ਜੀ ਦੀ ਮੂਰਤੀ ਨੂੰ ਦੁੱਧ ਪਿਲਾਇਆ, ਜੋ ਕਿ ਭਗਵਾਨ ਨੇ ਪੀ ਲਿਆ। ਕਿਹਾ ਜਾਂਦਾ ਹੈ ਕਿ ਨਾਮਦੇਵ ਜੀ ਦੇ ਪਿਤਾ ਨੇ ਬਾਹਰ ਜਾਣ ਸਮੇਂ ਉਨ੍ਹਾਂ ਦੀ ਇਹ ਡਿਊਟੀ ਲਗਾਈ ਸੀ, ਜੋ ਨਾਮਦੇਵ ਨੇ ਸੱਚਮੁੱਚ ਪੂਰੀ ਕੀਤੀ। ਇਸ ਸਾਖੀ ਦਾ ਆਧਾਰ ਭਗਤ ਜੀ ਦਾ ਇੱਕ ਸ਼ਬਦ ਹੈ:-

ਦੂਧੁ ਪੀਉ ਗੋਬਿੰਦੇ ਰਾਇ॥
ਦੂਧੁ ਪੀਉ ਮੇਰਾ ਮਨੁ ਪਤੀਆਇ॥
ਨਾਹੀ ਤ ਘਰ ਕੋ ਬਾਪੁ ਰਿਸਾਇ॥... ... (ਪੰਨਾ 1163, ਭੈਰਉ ਬਾਣੀ ਨਾਮਦੇਉ ਜੀ ਕੀ ਘਰੁ 1)

ਇਸੇ ਸ਼ਬਦ ਵਿਚ ਵਰਤੇ ਗਏ ਸ਼ਬਦ "ਘਰੁ ਕੋ ਬਾਪੁ" ਅਤੇ "ਸੋਇਨ ਕਟੋਰੀ" ਹੋਰ ਭੁਲੇਖਾ ਪਾਉਂਦੇ ਹਨ। ਜੇ ਸਿਰਫ ਸ਼ਬਦਕ ਅਰਥ ਲਈਏ, ਤਾਂ ਅਜਿਹਾ ਭੁਲੇਖਾ ਪੈਣਾ ਕੁਦਰਤੀ ਹੈ। ਪਰ ਜੇ ਕਵਿਤਾ ਦੀ ਉੱਚੀ ਖਿਆਲ ਉਡਾਰੀ, ਬਿੰਬ, ਅਲੰਕਾਰ ਆਦਿ ਸਮਝ ਕੇ ਉਸਦੇ ਭਾਵ ਅਰਥ ਸਮਝਣ ਲੱਗੀਏ, ਫਿਰ ਇਹ ਭੁਲੇਖਾ ਦੂਰ ਹੋ ਜਾਂਦਾ ਹੈ। "ਘਰ" ਦਾ ਅਰਥ ਹਿਰਦਾ ਹੈ ਅਤੇ ਉਸ ਦਾ ਬਾਪ ਜਾਂ ਮਾਲਕ ਅਕਾਲ-ਪੁਰਖ ਪ੍ਰਮਾਤਮਾ ਹੈ। ਸੋਇਨ ਕਟੋਰੀ ਵੀ ਹਿਰਦੇ ਰੂਪੀ ਭਾਂਡੇ ਨੂੰ ਕਿਹਾ ਹੈ, ਵਰਨਾ ਨਾਮਦੇਵ ਜੀ ਵਰਗੇ ਕਿਰਤੀ ਕੋਲ ਸੋਨੇ ਦੀ ਕਟੋਰੀ ਕਿਵੇਂ ਆ ਗਈ?

ਗੁਰੂ ਨਾਨਕ ਦੇਵ ਜੀ ਦਾ ਪ੍ਰਭਾਤੀ ਰਾਗੁ ਵਿਚ ਇੱਕ ਸ਼ਬਦ ਹੈ:-

ਜਤੁ ਸਤੁ ਚਾਵਲ ਦਇਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ॥
ਦੂਧੁ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਗਉ ਦਾਨੁ॥... ... (ਪੰਨਾ 1329, ਪ੍ਰਭਾਤੀ ਮਹਲਾ 1)

ਇਥੇ ਵੀ ਦੁੱਧ ਵਰਤਿਆ ਗਿਆ ਹੈ। ਪਰ ਇਥੇ ਦੁੱਧ ਕਰਮ ਨੂੰ ਕਿਹਾ ਗਿਆ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਕਾਵਿ-ਅਲੰਕਾਰ ਹੀ ਨਾਮਦੇਵ ਜੀ ਨੇ ਵਰਤੇ ਹਨ।

... ਭਾਵ ਹੈ ਮੇਰੇ ਹਿਰਦੇ ਦੀ ਕਟੋਰੀ ਵਿਚ ਤੇਰੇ ਪ੍ਰੇਮ ਦਾ ਵਾਸਾ ਹੈ।

ਦੂਜਾ ਪੱਖ ਇਹ ਵੀ ਹੈ ਕਿ ਜਿਸ ਨਾਮਦੇਵ ਨੂੰ ਸ਼ੂਦਰ ਜਾਣ ਕੇ ਮੰਦਰ ਵਿਚ ਜਾਣ ਦੀ ਹੀ ਆਗਿਆ ਨਹੀਂ ਸੀ, ਮੰਦਰ 'ਚੋਂ ਬਾਹਰ ਕੱਢ ਦਿੱਤਾ ਗਿਆ ਸੀ, ਉਹ ਅੰਦਰ ਜਾ ਕੇ ਮੂਰਤੀ ਨੂੰ ਦੁੱਧ ਕਿਵੇਂ ਪਿਲਾ ਸਕਦਾ ਏ?

2. **ਮੰਦਰ ਦਾ ਮੂੰਹ ਘੁਮਾਉਣਾ:-** ਇਹ ਵੀ ਭਗਤ ਜੀ ਦੇ ਸ਼ਬਦ ਵਿਚੋਂ ਬਣੀ ਹੋਈ ਸਾਖੀ ਹੈ। ਕਿਹਾ ਜਾਂਦਾ ਏ ਕਿ ਭਗਤ ਨਾਮਦੇਵ ਜੀ ਜਦੋਂ ਮੰਦਰ ਪੁੱਜੇ, ਤਾਂ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਮੰਦਰ ਵਿਚ ਨਾ ਵੜਨ ਦਿੱਤਾ ਅਤੇ ਉਹ ਮੰਦਰ ਦੇ ਪਿਛਵਾੜੇ ਜਾ ਕੇ ਪ੍ਰਭੂ ਉਸਤਤਿ ਦੇ ਗੀਤ ਗਾਉਣ ਲੱਗੇ। ਉਨ੍ਹਾਂ ਦੇ ਇਨ੍ਹਾਂ ਸਿਫਤ ਸਲਾਹ ਦੇ ਗੀਤਾਂ ਨੂੰ ਸੁਣਨ ਸਾਰੇ ਲੋਕ ਹੀ ਮੰਦਰ ਦੇ ਪਿਛਵਾੜੇ ਹੀ ਪੁੱਜ ਗਏ ਅਤੇ ਇੱਕ ਤਰ੍ਹਾਂ ਨਾਲ ਉਹ ਹੀ ਮੰਦਰ ਬਣ ਗਿਆ। ਇਥੋਂ ਇਹ ਕਿਹਾ ਜਾਣ ਲੱਗਿਆ ਕਿ ਉਨ੍ਹਾਂ ਨੇ ਮੰਦਰ ਘੁਮਾ ਦਿੱਤਾ ਹੈ। ਭਗਤ ਜੀ ਦੀ ਇਸ ਪੰਕਤੀ ਤੋਂ ਇਹ ਸਾਖੀ ਪ੍ਰਚਲਿਤ ਹੋ ਗਈ ਲੱਗਦੀ ਏ:-

ਜਿਉ ਜਿਉ ਨਾਮਾ ਹਰਿ ਗੁਣ ਉਚਰੈ॥
ਭਗਤ ਜਨਾ ਕਾ ਦੇਹੁਰਾ ਫਿਰੈ॥... ... (ਪੰਨਾ 1164, ਭੈਰਉ ਬਾਣੀ ਨਾਮਦੇਵ ਜੀ ਕੀ)

3. **ਮੋਈ ਗਊ ਜੀਵਤ ਕਰਨੀ :-** ਇੱਕ ਹੋਰ ਸਾਖੀ ਵਿਚ ਰਾਜੇ ਦੇ ਕਹਿਣ 'ਤੇ ਭਗਤ ਨਾਮਦੇਵ ਜੀ ਵਲੋਂ ਗਊ ਦਾ ਜਿੰਦਾ ਕਰਨ ਦਾ ਜ਼ਿਕਰ ਆਉਂਦਾ ਹੈ। ਸੰਬੰਧਿਤ ਸ਼ਬਦ ਦੇ ਡੂੰਘਾਈ ਵਿਚ ਭਾਵ ਅਰਥ ਸਮਝਣ ਨਾਲ ਇਹ ਭੁਲੇਖਾ ਵੀ ਦੂਰ ਹੋ ਜਾਇਗਾ ਕਿਉਂਕਿ ਪ੍ਰਭੂ ਭਗਤੀ ਵਿਚ ਰੱਤੇ ਹੋਏ ਭਗਤ ਜਨਾਂ ਨੂੰ ਕਰਾਮਾਤ ਅਵਰਾ ਸਾਦਿ ਹੀ ਲੱਗਦਾ ਹੁੰਦਾ ਏ। ਦੁਨਿਆਵੀ ਸ਼ੋਹਰਤ ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀ ਹੁੰਦੀ ਅਤੇ ਪ੍ਰਭੂ ਭਾਣੇ ਵਿਚ ਉਹ ਬਿਘਨ ਨਹੀਂ ਪਾਉਣਾ ਚਾਹੁੰਦੇ ਹੁੰਦੇ। ਸ਼ਬਦ ਵਿਚ ਨਾਮਦੇਵ ਜੀ ਨੂੰ ਪਿਆਰ ਕਰਨ ਵਾਲੇ ਸਤਸੰਗੀਆਂ ਦੇ ਲੋਕ-ਰੋਹ ਕਾਰਨ ਬਾਦਸ਼ਾਹ ਵੱਲੋਂ ਨਾਮਦੇਵ ਜੀ 'ਤੇ ਜ਼ੁਲਮ ਕਰਨ ਦਾ ਫੈਸਲਾ ਵਾਪਸ ਲੈਣਾ ਅਤੇ ਉਸ ਵਲੋਂ ਭਗਤ ਜੀ ਨੂੰ ਸਨਮਾਨ ਦੇਣ ਦਾ ਅਲੰਕਾਰਕ ਜ਼ਿਕਰ ਹੈ।

4. **ਪ੍ਰਮਾਤਮਾ ਵਲੋਂ ਛੰਨ ਬਣਾਉਣੀ :-** ਭਗਤ ਨਾਮਦੇਵ ਜੀ ਦੀ ਛੱਪਰੀ ਜਾਂ ਛੰਨ ਨੂੰ ਪ੍ਰਮਾਤਮਾ ਵੱਲੋਂ ਬਣਾਏ ਜਾਣ ਦੀ ਕਰਾਮਾਤ ਦਾ ਜਿਕਰ ਵੀ ਕਾਫੀ ਆਉਂਦਾ ਹੈ। ਇਹ ਵੀ ਭਗਤ ਜੀ ਦੇ ਇੱਕ ਸ਼ਬਦ ਤੋਂ ਹੀ ਘੜੀ ਗਈ ਲੱਗਦੀ ਹੈ। ਸ਼ਬਦ ਹੈ:-

-ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨ ਛਵਾਈ ਹੋ॥
ਤੋ ਪਹਿ ਦੁਗਣੀ ਮਜੂਰੀ ਦੈਹਉ ਮੋ ਕਉ ਬੇਢੀ ਦੇਹੁ ਬਤਾਈ ਹੋ॥
ਰੀ ਬਾਈ ਬੇਢੀ ਦੇਨੁ ਨ ਜਾਈ॥ ਦੇਖੁ ਬੇਢੀ ਰਹਿਓ ਸਮਾਈ॥
ਹਮਾਰੈ ਬੇਢੀ ਪ੍ਰਾਨ ਅਧਾਰਾ॥... ... (ਪੰਨਾ 657, ਘਰੁ 4 ਸੋਰਠਿ)

ਭਗਤ ਜੀ ਦੀ ਛੰਨ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਸਤਸੰਗੀਆਂ ਨੇ ਹੀ ਬਣਾਈ ਸੀ। ਤਦ ਹੀ ਤਾਂ ਉਹ ਕਹਿੰਦੇ ਹਨ:-ਬੇਢੀ ਪ੍ਰੀਤਿ ਮਜੂਰੀ ਮਾਗੈ। ਇਹ ਸਭ ਪਿਆਰ ਦੀਆਂ ਖੇਡਾਂ ਹਨ।

ਇਸ ਤਰ੍ਹਾਂ ਦੀਆਂ ਕੁਝ ਹੋਰ ਕਰਾਮਾਤਾਂ ਵੀ ਜੁੜੀਆਂ ਹੋ ਸਕਦੀਆਂ ਹਨ, ਪਰ ਇਹ ਗੱਲ ਪੱਕੀ ਹੈ ਕਿ ਭਗਤ ਜੀ ਕਿਸੇ ਕਰਾਮਾਤ ਦਿਖਾਉਣ ਵਿਚ ਕੋਈ ਵਿਸ਼ਵਾਸ ਨਹੀਂ ਸੀ ਕਰਦੇ। ਉਨ੍ਹਾਂ ਦੇ ਸ਼ਬਦਾਂ ਦੇ ਡੂੰਘੇ ਭਾਵ ਅਰਥ ਸਮਝ ਤਾਂ ਹੀ ਆ ਸਕਦੇ ਹਨ, ਜੇ ਸੰਪੂਰਨ ਗੁਰਬਾਣੀ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ ਜਾਵੇ। ਅਸੀਂ ਦੇਖਦੇ ਹਾਂ ਕਿ ਗੁਰਬਾਣੀ ਵਿਚ ਹੋਰ ਵੀ ਅਨੇਕ ਥਾਵਾਂ 'ਤੇ ਗੁਰੂ ਸਾਹਿਬ ਜੀ ਨੇ ਅਤੇ ਭਗਤਾਂ ਨੇ ਕਾਵਿਮਈ ਅਲੰਕਾਰ, ਬਿੰਬ ਅਤੇ ਰੂਪਕ ਆਦਿ ਦੀ ਵਰਤੋਂ ਕੀਤੀ ਹੈ। ਸਾਨੂੰ ਗੁਰਬਾਣੀ ਦੇ ਵਿਗਿਆਨਕ ਅਧਿਐਨ ਦੀ ਲੋੜ ਹੈ।

**ਗੁਰੂ ਸਾਹਿਬਾਨ ਅਤੇ ਹੋਰ ਭਗਤਾਂ ਵੱਲੋਂ ਨਾਮਦੇਵ ਜੀ ਦਾ ਜ਼ਿਕਰ:-** ਗੁਰੂ ਗ੍ਰੰਥ ਸਾਹਿਬ ਵਿਚ ਹੀ ਹੋਰ ਬਾਣੀਕਾਰਾਂ ਨੇ ਭਗਤ ਨਾਮਦੇਵ ਜੀ ਦਾ ਜ਼ਿਕਰ ਹੋਰ ਭਗਤਾਂ ਦੇ ਨਾਲ ਬਹੁਤ ਸਤਿਕਾਰ ਨਾਲ ਕੀਤਾ ਹੈ। ਉਨ੍ਹਾਂ ਨੂੰ ਪ੍ਰਭੂ ਦੇ ਰੰਗ ਵਿਚ ਰੱਤਿਆ ਦੱਸਿਆ ਹੈ ਅਤੇ ਸਮਦ੍ਰਿਸ਼ਟੀ ਰੱਖਣ ਵਾਲੇ ਆਖਿਆ ਹੈ।

ਕੁਝ ਉਦਾਹਰਣਾਂ ਦੇਖਣੀਆਂ ਬਣਦੀਆਂ ਹਨ:-

ਨਾਮਾ ਛੀਂਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ॥... ... (ਪੰਨਾ 67, ਸਿਰੀ ਰਾਗੁ ਮਹਲਾ 3)

ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ॥... ... (ਪੰਨਾ 1207, ਸਾਰਗ ਮਹਲਾ 5)

ਨਾਮਦੇਵ ਹਰਿ ਜੀਉ ਬਸਹਿ ਸੰਗਿ॥... ... (ਪੰਨਾ 1192, ਬਸੰਤ ਮਹਲਾ 5 ਘਰੁ 1 ਦੁਤੁਕੀਆ)

ਨਾਮਾ ਭਗਤੁ ਕਬੀਰੁ ਸਦਾ ਗਾਵਹਿ ਸਮਲੋਚਨ॥... ... (ਪੰਨਾ 1390, ਸਵਈਏ ਮਹਲੇ ਪਹਿਲੇ ਕੇ 1)

ਕਲਿ ਜਾਗੇ ਨਾਮਾ ਜੈਦੇਵ॥ ... ... (ਪੰਨਾ 1194, ਬਸੰਤ ਬਾਣੀ ਭਗਤਾ ਕੀ ਕਬੀਰ ਜੀ ਘਰੁ 1)

**ਅੰਤ ਸਮਾਂ ਅਤੇ ਦਿਹਾਂਤ:-** ਭਗਤ ਨਾਮਦੇਵ ਜੀ ਨੇ ਆਪਣੀ ਉਮਰ ਦੇ ਆਖਰੀ 18 ਸਾਲ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਘੁਮਾਣ ਵਿਖੇ ਗੁਜ਼ਾਰੇ ਅਤੇ ਇੱਥੇ ਹੀ 3 ਜੁਲਾਈ, 1350 ਈਸਵੀ ਨੂੰ 80 ਸਾਲ ਦੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ।

ਘੁਮਾਣ ਵਿਖੇ ਗੁਰਦੁਆਰਾ ਤਪਿਆਣਾ ਸਾਹਿਬ ਉਨ੍ਹਾਂ ਦੀ ਯਾਦ ਵਿਚ ਬਣਿਆ ਹੈ, ਜਿਸ ਨੂੰ ਜੱਸਾ ਸਿੰਘ ਰਾਮਗੜ੍ਹੀਆ ਨੇ ਬਣਵਾਇਆ ਸੀ। ਹਰ ਸਾਲ 2 ਮਾਘ ਨੂੰ ਇਥੇ ਭਾਰੀ ਮੇਲਾ ਵੀ ਲੱਗਦਾ ਹੈ।

# ਰੰਗੀਨ ਖਿੜੇ ਹੋਏ ਫੁੱਲਾਂ ਵਾਲਾ ਦੁਬਈ ਮਿਰੈਕਲ ਗਾਰਡਨ

## ਟੋਰਾਂਟੋ ਤੋਂ ਦੁਬਈ ਦੂਰ

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
ਪੰਜਾਬ ਮੇਲ USA




**ਦੁਬਈ ਮਿਰੈਕਲ ਗਾਰਡਨ:** ਅੱਬਲ ਦੀ ਗਰਮੀ ਯਾਨਿ ਅੱਜਕੱਲ੍ਹ ਦੁਬਈ ਦਾ ਤਾਪਮਾਨ ਕਰੀਬਨ 39-40 ਡਿਗਰੀ ਚੱਲ ਰਿਹਾ ਸੀ। ਅੱਜ ਅਸੀਂ ਦੁਬਈ ਦੇ ਮਸ਼ਹੂਰ ਬਾਗ ਦੁਬਈ ਮਿਰੈਕਲ ਗਾਰਡਨ ਦੀ ਸੁੰਦਰਤਾ ਬਾਰੇ ਗੱਲਬਾਤ ਕਰ ਰਹੇ ਹਾਂ। ਹਰ ਸੀਜ਼ਨ, ਜਿਵੇਂ ਕਿ ਠੰਡ ਦੀ ਸ਼ੁਰੂਆਤ 'ਤੇ ਮੌਸਮ ਠੰਡਾ ਹੋਣਾ ਸ਼ੁਰੂ ਹੁੰਦਾ ਹੈ, ਦੁਬਈ ਮਿਰੈਕਲ ਗਾਰਡਨ ਵਿਖੇ ਗੇਟ ਦੁਬਾਰਾ ਖੋਲ੍ਹ ਦਿੱਤੇ ਜਾਂਦੇ ਹਨ। ਪੂਰੇ ਖਿੜ੍ਹੇ ਹੋਏ 150 ਮਿਲੀਅਨ ਤੋਂ ਵੱਧ ਫੁੱਲਾਂ ਦੇ ਨਾਲ, ਇਹ 72000 ਵਰਗ ਮੀਟਰ ਦਾ ਫਿਰਦੌਸ ਹੁਣ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਖੇਤਰ ਦੇ ਸਭ ਤੋਂ ਖ਼ੂਬਸੂਰਤ, ਮਿੱਠੇ-ਸੁਗੰਧ ਵਾਲੇ ਸਥਾਨਾਂ ਵਿਚੋਂ ਇੱਕ 'ਚ ਫੁੱਲਿਆ ਹੋਇਆ ਹੈ। ਦੁਬਈ ਦੇ ਇਸ ਮਿਰੈਕਲ ਗਾਰਡਨ ਨੇ 3 ਗਿੰਨੀਜ਼ ਵਿਸ਼ਵ ਰਿਕਾਰਡ ਹਾਸਲ ਕੀਤੇ ਹਨ। ਸਾਲ 2013 'ਚ, ਇਸਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੰਬਕਾਰੀ ਬਾਗ ਘੋਸ਼ਿਤ ਕੀਤਾ ਸੀ। ਅੱਜ ਇਸ ਬਾਗ 'ਚ ਇੱਕ ਏਅਰਬੱਸ ਏ 380 ਫੁੱਲਾਂ ਦਾ ਢਾਂਚਾ 500,000 ਤੋਂ ਵੱਧ ਤਾਜ਼ੇ ਫੁਲਾਂ ਅਤੇ ਜੀਵਿਤ ਪੌਦਿਆਂ 'ਚ ਫੈਲਿਆ ਹੋਇਆ ਹੈ, ਜਿਸ ਨੂੰ ਗਿਨੀਜ਼ ਵਰਲਡ ਰਿਕਾਰਡ ਦੁਆਰਾ ਵਿਸ਼ਵ 'ਚ ਸਭ ਤੋਂ ਵੱਡੇ ਫੁੱਲਾਂ ਦੇ ਢਾਂਚੇ ਵਜੋਂ ਸੂਚੀਬੱਧ ਕੀਤਾ ਗਿਆ ਹੈ। ਮਿਕੀ ਮਾਊਸ ਦੀ 18 ਮੀਟਰ ਟਪੋਰੀ, ਜਿਸਦਾ ਭਾਰ ਲਗਭਗ 35 ਟਨ ਹੈ, ਦੁਨੀਆਂ ਦੀ ਸਭ ਤੋਂ ਉੱਚੀ ਟਪੋਰੀ ਸਮਰਥਿਤ ਮੂਰਤੀ ਹੈ। ਇੱਕ ਕਿਲੋਮੀਟਰ ਲੰਬਾ ਅਤੇ ਲਗਭਗ 22 ਮਿਲੀਅਨ ਖਿੜਦੇ ਫੁੱਲਾਂ ਨਾਲ ਸ਼ਿੰਗਾਰਿਆ ਗਿਆ ਹੈ।

ਇਸ ਗਾਰਡਨ ਬਾਗ ਪ੍ਰੋਜੈਕਟ ਦੀ ਧਾਰਨਾ ਦੁਬਈਲੈਂਡ ਅਤੇ ਦੁਬਈ ਪ੍ਰਾਪਰਟੀਜ਼ ਗਰੁੱਪ ਡੈਸਟੀਨੇਸ਼ਨ ਦੇ ਵਿਚਕਾਰ ਇੱਕ ਸਮਝੌਤੇ ਦੇ ਤਹਿਤ ਬਣਾਈ ਗਈ ਸੀ। ਅਕਾਰ ਲੈਂਡਸਕੇਪਿੰਗ ਐਂਡ ਐਗਰੀਕਲਚਰ ਕੰਪਨੀ ਦੇ ਨਾਲ ਸਮਝੌਤੇ ਦੇ ਤਹਿਤ ਪ੍ਰੋਜੈਕਟ ਦਾ ਪੂਰਾ ਵਿਕਾਸ ਹੋਇਆ, ਜਿਸਦੀ ਅਗਵਾਈ ਜਾਰਡਨ ਦੇ ਵਪਾਰੀ ਅਬਦੇਲ ਨਸੇਰ ਰਹਿਲ ਨੇ ਕੀਤੀ ਸੀ। ਪ੍ਰਾਜੈਕਟ ਦੀ ਲਾਗਤ ਏ.ਈ.ਡੀ. 40 ਮਿਲੀਅਨ (ਯੂ.ਐੱਸ. 11 ਮਿਲੀਅਨ ਡਾਲਰ) ਹੋਣ ਦਾ ਅੰਦਾਜ਼ਾ ਲਗਾਇਆ ਗਿਆ ਸੀ।

**ਗਾਰਡਨ ਦੀ ਮੇਨਟੀਨੈਂਸ:** ਇੱਕ ਤੁਪਕਾ ਸਿੰਚਾਈ ਵਿਧੀ ਦੁਆਰਾ 757,082 ਲੀਟਰ ਪਾਣੀ ਦੀ ਔਸਤ ਮਾਤਰਾ ਦੇ ਨਾਲ ਡੇਲੀ ਟਰੀਟ ਕੀਤੇ ਗੰਦੇ ਪਾਣੀ ਦੀ ਮੁੜ ਵਰਤੋਂ ਦੁਆਰਾ ਫੁੱਲਾਂ ਦੀ ਸਾਂਭ-ਸੰਭਾਲ ਕੀਤੀ ਜਾਂਦੀ ਹੈ। ਦੁਬਈ ਮਿਰੈਕਲ ਗਾਰਡਨ ਦੇ ਅਧਿਕਾਰੀਆਂ ਮੁਤਾਬਿਕ ਦੁਬਈ ਮਿਉਂਸੀਪੈਲਟੀ ਸ਼ਹਿਰ ਦੇ ਗ੍ਰ ਪਾਣੀ ਨੂੰ ਵਾਪਸ ਲੈ ਕੇ ਸਿੱਧਾ ਬਾਗ 'ਚ ਭੇਜਦੀ ਹੈ। ਬਾਗ, ਦੁਆਰਾ ਪਾਣੀ ਨੂੰ ਫਿਲਟਰ ਕਰਦਾ ਹੈ ਅਤੇ ਬਾਗ 'ਚ ਇਸਦੀ ਵਰਤੋਂ ਲਈ ਇਸਨੂੰ ਉੱਚ-ਗੁਣਵਤਾ ਵਾਲੇ ਪਾਣੀ 'ਚ ਬਦਲਦਾ ਹੈ। ਰਾਤ ਨੂੰ ਬੰਦ ਹੋਣ ਤੋਂ ਬਾਅਦ ਹੀ ਬਾਗ ਨੂੰ ਸਿੰਜਿਆ ਜਾਂਦਾ ਹੈ।

### ਪਾਰਕ ਦੀਆਂ ਹਦਾਇਤਾਂ ਬਾਰੇ ਜਾਣਕਾਰੀ

- ਗਾਰਡਨ ਦੇ ਅੰਦਰ ਪੇਸ਼ੇਵਰ ਕੈਮਰੇ ਅਤੇ ਡਰੋਨ ਦੀ ਵਰਤੋਂ ਦੀ ਇਜਾਜ਼ਤ ਨਹੀਂ ਹੈ। ਰੁਝੇਵਿਆਂ, ਸ਼ਾਦੀ, ਮਾਡਲਿੰਗ, ਟੀ.ਵੀ. ਵਿਗਿਆਪਨ ਅਤੇ ਹੋਰ ਸਮਾਗਮਾਂ ਸਮੇਤ ਪੇਸ਼ੇਵਰ ਸ਼ੂਟ ਲਈ ਪ੍ਰਬੰਧਨ ਦਫਤਰ ਤੋਂ ਪੂਰਵ ਪ੍ਰਵਾਨਗੀ ਦੀ ਲੋੜ ਹੁੰਦੀ ਹੈ।
- ਕਾਰਾਂ, ਗੇਂਦਾਂ, ਸਕੂਟਰਾਂ, ਬਾਈਕ, ਸਾਈਕਲਾਂ, ਹੋਵਰ ਬੋਰਡਾਂ, ਪਾਲਤੂ ਜਾਨਵਰਾਂ ਦੀ ਇਜਾਜ਼ਤ ਨਹੀਂ ਹੈ।
- ਸਿਰਫ ਨਿਯਤ ਖੇਤਰਾਂ 'ਚ ਹੀ ਬੈਠਣ ਦੀ ਇਜਾਜ਼ਤ ਹੈ।
- ਸੁਰੱਖਿਆ ਕਰਮਚਾਰੀਆਂ ਦੀ ਕਿਸੇ ਵੀ ਹਿਦਾਇਤ ਦੀ ਬਿਨਾਂ ਦਲੀਲ ਦੇ ਤੁਰੰਤ ਪਾਲਣਾ ਕੀਤੀ ਜਾਣੀ ਚਾਹੀਦੀ ਹੈ।
- ਪ੍ਰਬੰਧਕਾਂ ਕੋਲ ਕਿਸੇ ਵੀ ਵਿਜ਼ਟਰ ਨੂੰ ਗਾਰਡਨ ਵਿਚੋਂ ਬਾਹਰ ਕੱਢਣ ਦੇ ਸਾਰੇ ਅਧਿਕਾਰ ਹਨ। ਲਾਪ੍ਰਵਾਹੀ ਜਾਂ ਜ਼ਿਕਰ ਕੀਤੀਆਂ ਹਦਾਇਤਾਂ ਦੀ ਪਾਲਨਾ ਨਾ ਕਰਨ ਕਾਰਨ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਪੂਰੀ ਜ਼ਿੰਮੇਵਾਰੀ ਮਹਿਮਾਨ ਅਤੇ ਉਨ੍ਹਾਂ ਦੇ ਸਾਥੀਆਂ ਦੀ ਹੁੰਦੀ ਹੈ।

### ਬਟਰਫਲਾਈ ਗਾਰਡਨ ਦੁਬਈ:

ਦੁਬਈ ਮਿਰੈਕਲ ਗਾਰਡਨ ਦੇ ਨਾਲ ਹੀ ਬਟਰਫਲਾਈ (ਤਿਤਲੀ) ਗਾਰਡਨ ਦੇਖਣ ਦਾ ਮੌਕਾ ਮਿਲਿਆ। ਇੱਕ ਨਾ ਭੁੱਲਣ ਵਾਲਾ 2 ਵੱਡੇ ਸਾਈਜ਼ ਦੀਆਂ ਤਿੱਤਲੀਆਂ ਨਾਲ ਵੱਖਰਾ ਹੀ ਅਨੁਭਵ ਹੋਇਆ। ਇੱਕ ਤਿੱਤਲੀ ਮੇਰੀ ਛਾਤੀ 'ਤੇ ਅਤੇ ਦੂਜੀ ਮੇਰੇ ਹੱਥ 'ਤੇ ਲਗਭਗ 35 ਮਿੰਟ ਤੱਕ ਬੈਠੀਆਂ ਰਹੀਆਂ। ਕਰੀਬਨ 15,000 ਤੋਂ ਵੱਧ ਰੰਗ-ਬਿਰੰਗੀ ਤਿਤਲੀਆਂ ਦੀਆਂ 45 ਤੋਂ ਵੱਧ ਸ਼ਾਨਦਾਰ ਕਿਸਮਾਂ ਦੀਆਂ ਤਿਤਲੀਆਂ ਦਾ ਘਰ ਜੋ ਦਸ ਕਸਟਮ-ਬਿਲਟ, ਜਲਵਾਯੂ-ਨਿਯੰਤਰਿਤ ਗੁੰਬਦਾ 'ਚ ਰੱਖਿਆ ਗਿਆ ਹੈ, ਦੁਬਈ ਬਟਰਫਲਾਈ ਗਾਰਡਨ ਨਾ ਸਿਰਫ ਦੁਬਈ ਬਲਕਿ ਵਿਆਪਕ ਸੰਯੁਕਤ ਅਰਬ ਅਮੀਰਾਤ ਅਤੇ ਖੇਤਰ ਦਾ ਇੱਕ ਸੱਚਾ ਲੁਕਿਆ ਹੋਇਆ ਰਤਨ ਹੈ। ਸ਼ਾਨਦਾਰ ਦੁਬਈ ਮਿਰੈਕਲ ਗਾਰਡਨ ਦੇ ਪਿੱਛੇ ਉਸੇ ਟੀਮ ਦੁਆਰਾ ਸੰਕਲਪਿਤ-ਅਗਲੇ ਦਰਵਾਜ਼ੇ 'ਤੇ ਸਥਿਤ ਫੁੱਲਾਂ ਦੀ ਸੁੰਦਰਤਾ ਦਾ ਇੱਕ ਵਿਸ਼ਾਲ ਓਏਸਿਸ-ਦੁਬਈ ਬਟਰਫਲਾਈ ਗਾਰਡਨ ਸੈਲਾਨੀਆਂ ਨੂੰ ਕੁਦਰਤ ਦੇ ਸਭ ਤੋਂ ਸੁੰਦਰ ਖੰਭਾਂ ਵਾਲੇ ਜੀਵਾਂ ਨਾਲ ਭਰਿਆ ਇੱਕ ਓਏਸਿਸ ਪ੍ਰਦਾਨ ਕਰਦਾ ਹੈ। ਹਜ਼ਾਰਾਂ ਰੰਗੀਨ ਪੌਦਿਆਂ ਅਤੇ ਫੁੱਲਾਂ ਨਾਲ ਭਰੇ ਅੰਦਰੂਨੀ ਅਤੇ ਬਾਹਰੀ ਬਗੀਚਿਆਂ ਦੇ 6,673 ਵਰਗ ਮੀਟਰ ਤੋਂ ਵੱਧ ਫੈਲੇ ਹੋਏ, ਬਾਗ ਦਾ ਤਾਪਮਾਨ ਸਾਰਾ ਸਾਲ 18-25 ਡਿਗਰੀ ਸੈਲਸੀਅਸ ਹੁੰਦਾ ਹੈ। ਇਹ ਸਾਰਿਆਂ ਲਈ ਯਾਨਿ ਲੋਕਾਂ, ਪੌਦਿਆਂ ਅਤੇ ਤਿਤਲੀਆਂ ਲਈ ਇੱਕ ਸੰਪੂਰਣ ਜਲਵਾਯੂ- ਨਿਯੰਤਰਿਤ ਵਾਤਾਵਰਣ ਹੈ। ਸਾਡਾ ਵਿਦਿਅਕ ਖੇਤਰ ਸਾਡੇ ਤਾਰਾ ਆਕਰਸ਼ਣ-ਤਿਤਲੀਆਂ ਬਾਰੇ ਹੋਰ ਸਿੱਖਣ 'ਚ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਲਈ ਦੇਖਣਾ ਜ਼ਰੂਰੀ ਹੋ ਜਾਂਦਾ ਹੈ। ਮੋਨਾਰਕ ਬਟਰਫਲਾਈ ਨਾਲ ਜੁੜੇ ਕੁੱਝ ਤੱਥਾਂ ਅਤੇ ਅੰਕੜਿਆਂ ਨੂੰ ਦੇਖ ਕੇ ਹੈਰਾਨੀ ਹੋਈ ਕਿ ਇਨ੍ਹਾਂ ਦੇ ਖੰਭ, ਜੋ ਕਿ ਸਿਰਫ 12 ਸੈਂਟੀਮੀਟਰ ਤੱਕ ਫੈਲੇ ਹੋਏ ਹਨ, ਮੋਨਾਰਕ ਨੂੰ 3,000 ਮੀਲ ਤੋਂ ਵੱਧ, 1,500 ਫੁੱਟ ਦੀ ਉਚਾਈ ਤੱਕ ਲਿਜਾਣ ਦੇ ਵੀ ਸਮਰਥ ਹਨ।

***(ਅਗਲੀ ਬਾਰ ਦੁਬਈ ਦੇ ਕਿਸੇ ਹੋਰ ਅਨੁਭਵ ਬਾਰੇ ਗੱਲਬਾਤ ਕਰਾਂਗੇ)***





# ਹਰਦਮ ਮਾਨ ਦਾ ਗ਼ਜ਼ਲ ਸੰਗ੍ਰਹਿ 'ਸ਼ੀਸ਼ੇ ਦੇ ਅੱਖਰ' ਮੇਰੀ ਨਜ਼ਰ 'ਚ

(ਪ੍ਰਿੰ.) ਸੁਰਿੰਦਰ ਪਾਲ ਕੌਰ ਬਰਾੜ

ਫੋਨ: +1-604-780-2610

ਪੰਜਾਬ ਮੇਲ USA



ਹਰਦਮ ਮਾਨ ਇਕ ਸੰਵੇਦਨਸ਼ੀਲ ਸ਼ਾਇਰ ਹੈ, ਬਿਲਕੁਲ ਆਪਣੇ ਸੁਭਾਅ ਵਾਕੁਣ। ਉਸ ਦੀਆਂ ਗ਼ਜ਼ਲਾਂ ਮਨੁੱਖਤਾ ਦੀ ਗੱਲ ਕਰਦੀਆਂ ਹਨ। ਉਹ ਸੋਚਦਾ ਹੈ ਕਿ ਭੌਤਿਕ ਮਾਨਸਿਕਤਾ ਨੇ ਮਨੁੱਖ ਨੂੰ ਗ਼ਰਜ਼ ਦੇ ਰਿਸ਼ਤਿਆਂ ਵਿਚ ਤਬਦੀਲ ਕਰ ਦਿੱਤਾ ਹੈ। ਸ਼ਾਇਰ ਮਨੁੱਖ ਵਿਚ ਮਨੁੱਖਤਾ ਦੀ ਚਿਣਗ ਜਗਾਉਣੀ ਚਾਹੁੰਦਾ ਹੈ। ਉਹ ਇਹ ਵੀ ਜਾਣਦਾ ਹੈ ਕਿ ਅੱਜ ਦਾ ਮਨੁੱਖ ਜਾਣਦੇ ਹੋਏ ਵੀ ਜ਼ਿੰਦਗੀ ਦੇ ਗੰਭੀਰ ਮਸਲਿਆਂ ਨੂੰ ਨਜ਼ਰ ਅੰਦਾਜ਼ ਕਿਉਂ ਕਰਦਾ ਹੈ। ਇਸ ਤਰ੍ਹਾਂ ਦੀ ਸ਼ਾਇਰੀ ਬਾਰੇ ਕਈ ਅੰਗਰੇਜ਼ੀ ਦੇ ਲੇਖਕਾਂ ਨੇ ਆਪਣੇ ਵੱਖੋ-ਵੱਖਰੇ ਵਿਚਾਰ ਪੇਸ਼ ਕੀਤੇ ਹਨ, ਜਿਨ੍ਹਾਂ ਵਿਚ ਹੈਜ਼ਲੇਟ ਦੀ ਪਰਿਭਾਸ਼ਾ ਨੂੰ ਜ਼ਿਆਦਾ ਸੰਪੂਰਨ ਮੰਨਦੀ ਹਾਂ। ਜਦ ਉਹ ਲਿਖਦਾ ਹੈ:-

**"Poetry is the language of the imagination and passions"**

ਐਮਰਸਨ ਦਾ ਵਿਚਾਰ ਹੈ ਕਿ ਜਦ ਕਵੀ ਗਾਉਂਦਾ ਹੈ, ਤਾਂ ਦੁਨੀਆ ਬੜੇ ਗਹੁ ਨਾਲ ਸੁਣਦੀ ਹੈ।

ਮੈਥਿਊ ਆਰਨੋਲਡ ਕਹਿੰਦਾ ਹੈ ਕਿ ਸ਼ੈਕਸਪੀਅਰ, ਮਿਲਟਨ, ਹੋਮਰ, ਡਾਂਟੇ ਦੇ ਮਹਾਨ ਕਾਵਿ ਕਲਾਤਮਕ ਬੁੱਧੀ, ਵਿਚਾਰ ਸ਼ਕਤੀ ਤੇ ਧਾਰਮਿਕ ਭਾਵ ਹਨ, ਇਸੇ ਲਈ **So well balanced** ਅਰਥਾਤ ਸੰਤੁਲਤ ਹਨ। ਸਾਡੇ ਪੰਜਾਬੀ ਸ਼ਾਇਰ ਜਿਵੇਂ ਕਿ ਬਾਵਾ ਬਲਵੰਤ, ਪ੍ਰੀਤਮ ਸਿੰਘ ਸਫੀਰ, ਡਾ. ਹਰਭਜਨ ਸਿੰਘ, ਭਾਈ ਵੀਰ ਸਿੰਘ ਅਤੇ ਸੁਰਜੀਤ ਪਾਤਰ ਵਿਚ ਵੀ ਸੰਤੁਲਤਾ ਮਿਲਦੀ ਹੈ। ਜਿੱਥੋਂ ਤੱਕ ਹੱਥਲੇ ਕਾਵਿ ਸੰਗ੍ਰਹਿ ਅਰਥਾਤ ਗ਼ਜ਼ਲ ਸੰਗ੍ਰਹਿ 'ਸ਼ੀਸ਼ੇ ਦੇ ਅੱਖਰ' ਦਾ ਸਬੰਧ ਹੈ, ਮੈਂ ਇਸ ਵਿਚ ਵੀ ਕੁਝ ਇਸੇ ਤਰ੍ਹਾਂ ਦੀ ਝਲਕ ਦੇਖੀ ਹੈ। ਕਿਉਂਕਿ ਗ਼ਜ਼ਲ ਸਾਹਿਤ ਇਕ ਬਹੁਤ ਹੀ ਸੂਖ਼ਮ ਅਤੇ ਨਿਵੇਕਲੀ ਵਿਧਾ ਹੈ ਅਤੇ ਹਰਦਮ ਮਾਨ ਨੇ ਆਪਣੀ ਬਹੁਤੀ ਰਚਨਾ ਗ਼ਜ਼ਲ ਸਾਹਿਤ ਦੇ ਹੀ ਲੇਖੇ ਲਾਈ ਹੈ।

ਬਹੁਤ ਸਾਲਾਂ ਤੋਂ ਉਸ ਦਾ ਨਾਂ ਗ਼ਜ਼ਲ ਮੰਚ ਅਤੇ ਆਮ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦਾ ਆ ਰਿਹਾ ਹੈ। ਕੈਨੇਡਾ ਵਿਚ ਰਹਿ ਕੇ ਵੀ ਉਸ ਨੇ ਆਪਣੇ ਇਸ ਸ਼ੌਕ ਨੂੰ ਮਰਨ ਨਹੀਂ ਦਿੱਤਾ। ਆਪਣੀ ਪਹਿਲੀ ਗ਼ਜ਼ਲ ਪੁਸਤਕ 'ਅੰਬਰਾਂ ਦੀ ਭਾਲ ਵਿਚ' ਉਸ ਨੇ ਪੰਜਾਬ ਵਿਚ ਰਹਿੰਦਿਆਂ ਲਿਖੀ। 'ਸ਼ੀਸ਼ੇ ਦੇ ਅੱਖਰ' ਵਿਚ ਉਸ ਨੇ ਭੂ-ਹੇਰਵੇ ਤੋਂ ਲੈ ਕੇ ਇੱਥੋਂ ਦੀ ਜ਼ਿੰਦਗੀ ਨੂੰ ਹਰ ਦ੍ਰਿਸ਼ਟੀਕੋਣ ਤੋਂ ਦੇਖਿਆ ਅਤੇ ਉਲੀਕਿਆ ਹੈ। ਜਦੋਂ ਉਹ ਲਿਖਦਾ ਹੈ:-

'ਉੱਡ ਗਏ ਨੇ ਮੋਰ ਮਿੱਟੀ ਦੇ ਕੰਧੋਲੀ ਤੋਂ ਕਦੋਂ ਦੇ
ਅੱਜ ਵੀ ਖ਼ਾਬਾਂ ਵਿਚ ਉਹ ਯਾਦਾਂ ਦੇ ਲਸ਼ਕਰ ਬੋਲਦੇ ਨੇ'

'ਸ਼ੀਸ਼ੇ ਦੇ ਅੱਖਰ' ਪੜ੍ਹਣ ਤੋਂ ਬਾਅਦ ਮੈਂ ਦੇਖਿਆ ਕਵੀ ਵਿਚ ਠਰ੍ਹੰਮਾ ਹੈ, ਸੁਹਜ ਨੂੰ ਪ੍ਰਗਟ ਕਰਦਾ ਉਹ ਸਹਿਜਤਾ ਨਾਲ ਰੱਖਦਾ ਹੈ। ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਇਕ ਮੁਕੰਮਲ ਕਹਾਣੀ ਹੁੰਦਾ ਹੈ ਅਤੇ ਇਹ ਨਿਵੇਕਲਾਪਨ ਲੇਖਣੀ ਵਿਚ ਆਪਣੇ ਆਪ ਪ੍ਰਗਟ ਹੋ ਜਾਂਦਾ ਹੈ। ਹਰਦਮ ਮਾਨ ਨੂੰ ਕੁੱਜੇ ਵਿਚ ਸਮੁੰਦਰ ਬੰਦ ਕਰਨਾ ਆਉਂਦਾ ਹੈ। ਕਈ ਵਾਰ ਉਸ ਦੀਆਂ ਦੋ ਲਾਈਨਾਂ ਹੀ ਸਦੀਆਂ ਦੀਆਂ ਪੀੜਾਂ, ਦੁੱਖਾਂ, ਤਕਲੀਫ਼ਾਂ ਬਿਆਨ ਕਰ ਜਾਂਦੀਆਂ ਹਨ:-

'ਦੂਰ ਦੇ ਅੰਬਰ 'ਚ ਕੂੰਜਾਂ ਵਾਂਗ ਲੁਕ ਲੁਕ ਰੋਂਦੀਆਂ
ਕੌਣ ਧੀਆਂ ਦਾ ਧਰਾਵੇ ਧੀਰ ਬਾਬਲ ਤੋਂ ਬਗ਼ੈਰ'

ਸ਼ਾਇਰੀ ਹਮੇਸ਼ਾ ਸੰਜੀਦਗੀ ਤੋਂ ਚਿੰਤਨ ਵੱਲ ਤੁਰਦੀ ਹੈ। ਇਸ ਖਪਤਵਾਦ ਤੇ ਪਦਾਰਥਵਾਦ ਦੇ ਯੁੱਗ ਵਿਚ ਜਿੱਥੇ ਮਾਨਵੀ ਰਿਸ਼ਤੇ ਮੰਡੀ ਦੀ ਭੇਟ ਚੜ੍ਹ ਜਾਂਦੇ ਹਨ ਤੇ ਮਨੁੱਖ ਆਪਣੇ ਘਰ ਦੀ ਚਾਰਦੀਵਾਰੀ ਵਿਚ ਹੌਲੀ-ਹੌਲੀ ਜਿਬਾਹ ਹੋਣ ਲੱਗਦਾ ਹੈ, ਤਾਂ ਮਾਨ ਲਿਖਦਾ ਹੈ:-

'ਤੂੰ ਬਚ ਕੇ ਰਹੀਂ ਤੇਰੇ ਸਿਰ 'ਤੇ ਘੁੰਮਦੇ
ਲਹੂ ਨਾਲ ਭਿੱਜੀਆਂ ਘਟਾਵਾਂ ਦੇ ਸਾਏ'

ਅਤੇ

'ਬਾਹਰ ਸੀ ਜਿਸ ਨੇ ਮੁਹਿੰਮਾਂ ਵੱਡੀਆਂ ਸਰ ਕੀਤੀਆਂ
ਘਰ ਦੀਆਂ ਉਹ ਛੋਟੀਆਂ ਮਜਬੂਰੀਆਂ 'ਚ ਘਿਰ ਗਿਆ'

ਹਰਦਮ ਮਾਨ ਦੀਆਂ ਗ਼ਜ਼ਲਾਂ ਅਰੂਜ਼ ਦੀਆਂ ਬੰਦਿਸ਼ਾਂ ਨਿਭਾਉਂਦੀਆਂ ਕਈ ਅਣਛੋਹੇ ਵਿਸ਼ਿਆਂ ਨੂੰ ਛੋਹ ਜਾਂਦੀਆਂ ਹਨ। ਉਸ ਦੀਆਂ ਗ਼ਜ਼ਲਾਂ ਨਿਰੀਆਂ ਕਿਸੇ ਮਹਿਬੂਬ ਦੀ ਉਸਤਤਿ ਤੇ ਪਿਆਰ ਨੂੰ ਹੀ ਨਹੀਂ ਵਰਨਣ ਕਰਦੀਆਂ, ਸਗੋਂ ਉਹ ਕੁਝ ਕੁ ਗ਼ਜ਼ਲਾਂ ਵਿਚ ਬਹੁਤ ਮਹੱਤਵਪੂਰਨ ਸਵਾਲ ਉਠਾਉਂਦਾ ਹੈ। ਜਿਵੇਂ:-

'ਕਿਨਾਰੇ ਤੋੜ ਕੇ ਗਲੀਆਂ 'ਚ ਜੇਕਰ ਆ ਗਿਆ ਪਾਣੀ
ਨਦੀ ਦੇ ਵਹਿਣ ਵਿਚ ਖ਼ੁਦ ਨੂੰ ਕਿਵੇਂ ਡੁੱਬਣੋਂ ਬਚਾਓਗੇ'

ਉਸ ਦੀਆਂ ਕੁਝ ਕੁ ਗ਼ਜ਼ਲਾਂ ਸੂਫੀਵਾਦੀ ਰੰਗ ਨੂੰ ਵੀ ਛੋਹਣ ਦੀ ਕੋਸ਼ਿਸ਼ ਕਰਦੀਆਂ ਹਨ। ਉਹ ਆਪਣੀਆਂ ਗ਼ਜ਼ਲਾਂ ਵਿਚ ਆਸਵੰਦ ਲਹਿਜ਼ਾ ਅਪਣਾਉਂਦਾ ਹੈ ਅਤੇ ਆਪਣੀਆਂ ਗ਼ਜ਼ਲਾਂ ਨੂੰ ਪਲਾਇਨਵਾਦੀ ਵਿਚਾਰਾਂ ਤੋਂ ਵੀ ਬਚਾ ਕੇ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਬੜੇ ਸਾਦੇ ਅਤੇ ਸਰਲ ਢੰਗ ਨਾਲ ਉਹ ਆਪਣਾ ਸੁਨੇਹਾ ਵੀ ਦੇ ਜਾਂਦਾ ਹੈ:-

'ਕਹਿਰ ਦਾ ਮੌਸਮ ਬਦਲ ਜਾਏਗਾ ਇਕ ਦਿਨ ਲਾਜ਼ਮੀ
ਚੜ੍ਹਦੇ ਸੂਰਜ ਵੀ ਤਾਂ ਸ਼ਾਮਾਂ ਪੈਣ 'ਤੇ ਲਹਿੰਦੇ ਸਦਾ'

ਅਤੇ

'ਇਕ ਨਾ ਇਕ ਦਿਨ ਤੋੜ ਦਿੰਦੇ ਨੇ ਫਸੀਲਾਂ ਉੱਚੀਆਂ
ਲੋਕ ਉੱਠ ਖੜ੍ਹਦੇ ਨੇ ਜ਼ੁਲਮ ਨਾ ਸਹਿੰਦੇ ਸਦਾ'

ਤਗ਼ੱਜ਼ਲ ਦੇ ਰੰਗ ਵਿਚ ਸਰਸ਼ਾਰ ਹੋ ਕੇ ਉਸ ਨੇ ਕੁਝ ਵਿਅੰਗਆਤਮਕ ਚੋਟਾਂ ਵੀ ਲਾਈਆਂ ਹਨ, ਜੋ ਚੇਤੰਨ ਸਾਹਿਤਕਾਰ ਦਾ ਖਾਸਾ ਹੁੰਦਾ ਹੈ। ਬਹੁਤ ਹੀ ਸੂਖ਼ਮ ਭਾਵੀ ਸ਼ਬਦਾਂ ਵਿਚ ਉਨ੍ਹਾਂ ਦੀ ਤਰਜਮਾਨੀ ਵੀ ਕੀਤੀ ਹੈ ਪਰ ਆਪਣੇ ਸਵੈ ਨੂੰ ਕਾਇਮ ਰੱਖਿਆ ਹੈ:-

'ਬੇਸ਼ਕ ਹੁਣ ਤੱਕ ਪੂਰੇ ਚੰਨ੍ਹ ਦੇ ਨਾਲ ਰਿਹਾ ਹਾਂ
ਫਿਰ ਵੀ ਆਪਣਾ ਵੱਖਰਾ ਦੀਵਾ ਬਾਲ ਰਿਹਾ ਹਾਂ'

ਉਸ ਦੀਆਂ ਗ਼ਜ਼ਲਾਂ ਵਿਚ ਵਿਚਾਰਾਂ ਦੀ ਸੂਖ਼ਮਤਾ ਹੈ। ਰਾਜਵੰਤ ਰਾਜ ਦੀਆਂ ਇਨ੍ਹਾਂ ਸਤਰਾਂ ਨਾਲ ਮੈਂ ਪੂਰਨ ਤੌਰ 'ਤੇ ਸਹਿਮਤ ਹਾਂ ਕਿ ਵਿਸ਼ਿਆਂ ਦੀ ਚੋਣ ਦਾ ਮਸਲਾ ਤੁਹਾਡੇ ਤਖ਼ੱਈਅਲ ਦੀ ਉਡਾਣ ਨਾਲ ਜੁੜਿਆ ਹੁੰਦਾ ਹੈ। ਜਿੰਨੇ ਖ਼ਿਆਲ ਉੱਚੇ ਹੋਣਗੇ, ਓਨਾ ਹੀ ਨਜ਼ਰੀਆ ਵਿਸ਼ਾਲ ਹੋਵੇਗਾ। ਅੱਜ ਦੀ ਗ਼ਰਜ਼ਮੰਦ ਸੋਚ ਆਪਣਿਆਂ ਦਾ ਮੋਹ ਤਿਆਗ ਕੇ ਅਰਥਹੀਣਤਾ ਵੱਲ ਵਧ ਰਹੀ ਹੈ ਤੇ ਇਕ ਭਟਕਣ ਆਦਮੀ ਦਾ ਸਰਮਾਇਆ ਬਣਦੀ ਜਾ ਰਹੀ ਹੈ। ਜ਼ਿੰਦਗੀ ਦੀਆਂ ਅਜਿਹੀਆਂ ਸੰਗਤੀਆਂ ਵਿਸੰਗਤੀਆਂ ਦਾ ਜੋੜ ਅੱਜ ਦੇ ਹਸਾਸਮੰਦ ਸਾਹਿਤਕਾਰ ਨੂੰ ਹਲੂਣਦਾ ਹੈ। ਇਸੇ ਲਈ ਹਰਦਮ ਮਾਨ ਨੇ ਮਾਨਵੀ ਸੰਵੇਦਨਾ ਨੂੰ ਬੜੀ ਕੁਸ਼ਲਤਾ ਨਾਲ ਪੇਸ਼ ਕੀਤਾ ਹੈ। ਉਸ ਦੀ ਗ਼ਜ਼ਲ ਗੁੰਝਲਦਾਰ ਤੇ ਮਸਨੂਈ ਬਿੰਬਕਾਰੀ ਤੋਂ ਨਿਰਲੇਪ ਹੈ। ਆਪਣੇ ਸਿਰਜਣਾਤਮਿਕ ਪਲਾਂ ਵਿਚ ਉਸ ਨੇ ਆਪਣੇ ਅਨੁਭਵ ਨੂੰ ਸਥਾਨ ਦਿੱਤਾ ਹੈ। ਕਵਿਤਾ ਦਾ ਸਬੰਧ ਸ਼ਾਇਰ



ਉਸ ਦੀਆਂ ਗ਼ਜ਼ਲਾਂ ਵਿਚ ਵਿਚਾਰਾਂ ਦੀ ਸੂਖ਼ਮਤਾ ਹੈ। ਰਾਜਵੰਤ ਰਾਜ ਦੀਆਂ ਇਨ੍ਹਾਂ ਸਤਰਾਂ ਨਾਲ ਮੈਂ ਪੂਰਨ ਤੌਰ 'ਤੇ ਸਹਿਮਤ ਹਾਂ ਕਿ ਵਿਸ਼ਿਆਂ ਦੀ ਚੋਣ ਦਾ ਮਸਲਾ ਤੁਹਾਡੇ ਤਖ਼ੱਈਅਲ ਦੀ ਉਡਾਣ ਨਾਲ ਜੁੜਿਆ ਹੁੰਦਾ ਹੈ। ਜਿੰਨੇ ਖ਼ਿਆਲ ਉੱਚੇ ਹੋਣਗੇ, ਓਨਾ ਹੀ ਨਜ਼ਰੀਆ ਵਿਸ਼ਾਲ ਹੋਵੇਗਾ।

ਦ ੇ ਨਿਜਤਵ ਜਾਂ ਬਾਹਰਮੁਖੀ ਸੰਸਾਰ ਨਾਲ ਹੀ ਨਹੀਂ ਹੁੰਦਾ, ਸਗੋਂ ਇਹ ਮਨੁੱਖ ਦੀ ਅਵਚੇਤਨੀ ਸੋਚ ਦੀ ਦਸਤਾਵੇਜ ਵੀ ਹੁੰਦੀ ਹੈ। ਇਸੇ ਲਈ ਸ਼ਾਇਰ ਦੀਆਂ ਗ਼ਜ਼ਲਾਂ ਮਨੁੱਖੀ ਮਨ ਦੀਆਂ ਉਹਨਾਂ ਪ੍ਰਕਿਰਿਆਵਾਂ ਦੀ ਉਪਜ ਹਨ, ਜਿਨ੍ਹਾਂ ਦਾ ਸਬੰਧ ਉਸ ਦੀ ਵਿਚਾਰਧਾਰਾ ਨਾਲ ਹੈ। ਜਿਵੇਂ:-

'ਜੋ ਵੀ ਸਾਹ ਲੈਂਦਾ ਹੈ ਉਸ ਨੂੰ ਰਿਜਕ ਮਿਲੇ ਇਸ ਮਿੱਟੀ 'ਚੋਂ
ਇਹ ਨਾ ਸੋਚੀਂ ਇਸ ਦੁਨੀਆ 'ਤੇ ਬਸ ਆਦਮ ਦੀ ਜ਼ਾਤ ਰਹੇ'

ਜੀਵਨ ਦੇ ਅਹਿਮ ਮਸਲਿਆਂ ਨੂੰ ਕਾਵਿਕ, ਆਕਰਸ਼ਿਕ, ਰੌਚਕ ਅਤੇ ਦਿਲਚਸਪ ਅੰਦਾਜ਼ ਵਿਚ ਪਾਠਕਾਂ ਸਾਹਮਣੇ ਲਿਆਉਣਾ ਉਸ ਦੀਆਂ ਗ਼ਜ਼ਲਾਂ ਦੀ ਪ੍ਰਾਪਤੀ ਹੈ। ਉਸ ਨੂੰ ਬਦਲ ਰਹੇ ਸਮਿਆਂ ਅਤੇ ਰੁੱਤਾਂ ਦਾ ਬੜੀ ਬਰੀਕੀ ਨਾਲ ਅਹਿਸਾਸ ਹੈ। ਮੈਥਿਊ ਆਰਨਲਡ ਲਿਖਦਾ ਹੈ:-

**"Poetry is at bottom a criticism of life"**

ਹਰਦਮ ਮਾਨ ਆਪਣੀਆਂ ਗ਼ਜ਼ਲਾਂ ਵਿਚ ਕੋਈ ਕਾਲਪਨਿਕ ਦੁਨੀਆਂ ਨਹੀਂ ਸਿਰਜਦਾ, ਸਗੋਂ ਉਸ ਦੀਆਂ ਗ਼ਜ਼ਲਾਂ ਆਲੇ-ਦੁਆਲੇ ਤੇ ਮਾਨਸਿਕ ਪ੍ਰਸਥਿਤੀਆਂ, ਅੰਦਰੂਨੀ ਵੇਦਨਾ ਅਤੇ ਬੇਚੈਨੀ ਨੂੰ ਆਪਣਾ ਕੇਂਦਰ ਬਿੰਦੂ ਬਣਾਉਂਦੀਆਂ ਹਨ। ਜਿਵੇਂ-

'ਏਨੀ ਦੁਨੀਆਂ ਗਾਹ ਕੇ ਵੀ ਸੁਖ ਨਾ ਮਿਲਿਆ
ਕੀ ਕੀ ਨਾਚ ਨਚਾਏ ਢਿੱਡ ਦੀ ਆਂਦਰ ਨੇ'

ਗ਼ਜ਼ਲ ਦਾ ਹਰ ਸ਼ਿਅਰ ਆਪਣੇ ਆਪ ਵਿਚ ਸੁਤੰਤਰ ਤੇ ਸੰਪੂਰਨ ਹੁੰਦਾ ਹੈ। ਗ਼ਜ਼ਲ ਦਾ ਕੋਈ ਸਿਰਲੇਖ ਨਹੀਂ ਹੁੰਦਾ। ਗ਼ਜ਼ਲ ਦੋ ਪ੍ਰਕਾਰ ਦੀ ਹੁੰਦੀ ਹੈ 'ਵਾਹਿਦ ਇਸ਼ਆਰ' ਜਿਸ ਵਿਚ ਸ਼ਿਅਰਾਂ ਦੇ ਵਿਸ਼ੇ ਅਤੇ ਅਰਥਾਂ ਦਾ ਕੋਈ ਸਬੰਧ ਨਹੀਂ ਹੁੰਦਾ। ਦੂਸਰੀ 'ਮੁਸਲਸਲ ਇਸ਼ਆਰ' ਜਿਸ ਵਿਚ ਗ਼ਜ਼ਲ ਦੇ ਸ਼ਿਅਰ ਇੱਕੋ ਵਿਸ਼ੇ ਦਾ ਭਰਮ ਪਾਉਂਦੇ ਹੋਣ ਜਾਂ ਇਹ ਕਹਿ ਲਵੋ ਕਿ ਜਿਸ ਦੇ ਸ਼ਿਅਰਾਂ ਦੇ ਅਰਥ ਇਕ ਦੂਜੇ 'ਤੇ ਨਿਰਭਰ ਹੋਣ। ਜਿੱਥੋਂ ਤੱਕ ਹਰਦਮ ਮਾਨ ਦੀਆਂ ਗ਼ਜ਼ਲਾਂ ਦਾ ਸਬੰਧ ਹੈ, ਉਸ ਦੀਆਂ ਬਹੁਤੀਆਂ ਗ਼ਜ਼ਲਾਂ ਕਲਾਸਕੀ ਨਾ ਹੋ ਕੇ ਜਦੀਦ ਗ਼ਜ਼ਲਾਂ ਹਨ ਕਿਉਂਕਿ ਉਨ੍ਹਾਂ ਵਿਚ ਮਾਨਵੀ ਭਾਵਨਾਵਾਂ, ਆਮ ਜੀਵਨ ਦੀਆਂ ਕਦਰਾਂ-ਕੀਮਤਾਂ, ਨਿੱਜੀ ਕਦਰਾਂ-ਕੀਮਤਾਂ, ਰਾਜਸੀ, ਧਾਰਮਿਕ ਅਤੇ ਜੀਵਨ ਦੀਆਂ ਜਟਲਤਾਵਾਂ ਦਾ ਵਰਣਨ ਕੀਤਾ ਗਿਆ ਹੈ, ਜੋ ਉਸ ਦੀਆਂ ਗ਼ਜ਼ਲਾਂ ਵਿਚ ਪ੍ਰਤੱਖ ਦੇਖਿਆ ਗਿਆ ਹੈ। ਜਿਵੇਂ:-

'ਪਲਾਂ ਵਿਚ ਕਿਸ ਤਰ੍ਹਾਂ ਪਾ ਲਵੇਂਗਾ ਥਾਹ ਕਿਸੇ ਦਿਲ ਦੀ
ਅਨੇਕਾਂ ਚਲਦੀਆਂ ਲਹਿਰਾਂ ਮਨਾਂ ਦੇ ਪਾਣੀਆਂ ਹੇਠਾਂ'

ਅਤੇ

'ਕਰਾਂਗੇ ਜ਼ਿਕਰ ਵੀ ਰੁਜ਼ਗਾਰ ਦਾ, ਕੁੱਲੀ ਤੇ ਗੁੱਲੀ ਦਾ
ਆ ਪਹਿਲਾਂ ਕੁਰਸੀਆਂ, ਵੋਟਾਂ ਅਤੇ ਤਖ਼ਤਾਂ ਦੀ ਗੱਲ ਕਰੀਏ'

ਉਸ ਦੀਆਂ ਬਹੁਤੀਆਂ ਗ਼ਜ਼ਲਾਂ ਵਾਹਿਦ ਇਸ਼ਆਰ ਵਾਲੀਆਂ ਹੀ ਹਨ। ਬਹੁਤ ਹੀ ਸਾਰਥਕ ਅਤੇ ਨਰੋਏ ਵਿਸ਼ਿਆਂ ਨੂੰ ਉਸ ਨੇ ਚੁਣਿਆ ਹੈ। ਜਿਵੇਂ:-

'ਮਜਲਿਸਾਂ ਅੰਦਰ ਜਦੋਂ ਮਸਲੇ ਉਠਾਏ ਜਾਣਗੇ
ਆਪਣੀ ਹਉਮੈ ਦੇ ਫਿਰ ਝੰਡੇ ਝੁਲਾਏ ਜਾਣਗੇ'

ਅਤੇ

'ਜੋ ਪੌਣ ਵਗ ਰਹੀ ਹੈ, ਰੂਹਾਂ ਨੂੰ ਡਸ ਰਹੀ ਹੈ
ਪੁੱਤਾਂ ਨੇ ਮੁੱਖ ਮੋੜੇ, ਮਾਵਾਂ ਉਦਾਸ ਹੋਈਆਂ'

ਅਤੇ

'ਗਵਾਚੇ ਗਰਦਿਸ਼ਾਂ ਵਿਚ ਲੋਕ ਅਕਸਰ ਯਾਦ ਆਉਂਦੇ ਨੇ
ਗਰੀਬੀ ਵਿਚ ਅਮੀਰੀ ਦੇ ਉਹ ਮੰਜ਼ਰ ਯਾਦ ਆਉਂਦੇ ਨੇ'

ਅਤੇ

'ਅਜੇ ਤੱਕ ਵੀ ਨਹੀਂ ਭੁੱਲਦੇ ਪਹਾੜੇ ਜੋ ਪੜ੍ਹੇ ਰਲ ਕੇ
ਅਜੇ ਤੱਕ ਵੀ ਉਹ ਟੀਚਰ ਤੇ ਮਨੀਟਰ ਯਾਦ ਆਉਂਦੇ ਨੇ'

ਅੰਤ ਵਿਚ ਇਹੋ ਕਹਾਂਗੀ ਕਿ ਹਰਦਮ ਮਾਨ ਬਹੁਪੱਖੀ ਸਾਰਥਕ ਵਿਸ਼ਿਆਂ ਨੂੰ ਗ਼ਜ਼ਲ ਵਰਗੀ ਸਿਨਫ਼ ਵਿਚ ਪ੍ਰਗਟਾ ਕੇ ਆਪਣੇ ਵਿਚਾਰਾਂ ਨੂੰ ਹੋਰ ਵੀ ਪ੍ਰਭਾਵਸ਼ਾਲੀ ਬਣਾਉਂਦਾ ਹੈ। ਕਿਉਂਕਿ ਰੌਬਰਟ ਫਰੋਸਟ ਜਿੱਥੇ ਕਹਿੰਦਾ ਹੈ ਕਿ **"Writing free verse is like a playing tennis with the net down"** ਉਥੇ ਐਡਗਰ ਐਲਨ ਪੋ ਲਿਖਦਾ ਹੈ ਕਿ **"Poetry is the rhythmical creation of beauty inwards"**

ਸੋ ਹਰਦਮ ਮਾਨ ਨੇ ਗ਼ਜ਼ਲ ਦੀ ਸੰਗੀਤ ਆਤਮਿਕਤਾ ਨੂੰ ਵੀ ਕਾਇਮ ਰੱਖਿਆ ਹੈ। ਮੈਂ ਜਿੱਥੇ ਉਸ ਨੂੰ ਉਸ ਦੇ ਗ਼ਜ਼ਲ ਸੰਗ੍ਰਹਿ 'ਸ਼ੀਸ਼ੇ ਦੇ ਅੱਖਰ' 'ਤੇ ਵਧਾਈ ਦਿੰਦੀ ਹਾਂ, ਉੱਥੇ ਨਾਲ ਹੀ ਆਸ ਕਰਦੀ ਹਾਂ ਕਿ ਉਹ ਇਸੇ ਤਰ੍ਹਾਂ ਦੇ ਹੋਰ ਗ਼ਜ਼ਲ ਸੰਗ੍ਰਹਿਆਂ ਨਾਲ ਪੰਜਾਬੀ ਸਾਹਿਤ ਨੂੰ ਹੋਰ ਅਮੀਰੀ ਬਖਸ਼ੇਗਾ।



# ਅਗਲਾ ਵਰਕਾ

ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸੋਚ ਰਹੀ ਸੀ ਤੇ ਸੋਚ ਰਹੀ ਸੀ ਕਿ ਜੋ ਉਸ ਨੇ ਆਪਣੇ ਸੁਪਨਿਆਂ ਦੇ ਬਾਦਸ਼ਾਹ ਬਾਰੇ ਸੋਚਿਆ ਸੀ, ਉਹ ਤਾਂ ਬਿਲਕੁਲ ਹੀ ਨਹੀਂ ਠੀਕ ਨਿਕਲਿਆ ਸੀ। ਉਹ ਸੋਚਾਂ ਵਿਚ ਗੁਆਚੀ ਹੋਈ ਆਪਣੇ ਅਤੀਤ ਦਾ ਪੰਨਾ ਖੋਲ੍ਹ ਬੈਠੀ। ਹਾਲੇ ਉਸ ਨੇ ਚੰਦਰੀ ਜਵਾਨੀ 'ਚ ਪੈਰ ਪਾਇਆ ਹੀ ਸੀ ਕਿ ਮਾਂ ਨੂੰ ਉਸ ਦੇ ਰਿਸ਼ਤੇ ਦੇ ਫਿਕਰ ਪੈ ਗਿਆ ਸੀ। ਉਸ ਦਾ ਬਾਪ ਵੀ ਚਾਹੁੰਦਾ ਸੀ ਕਿ ਧੀ ਨੂੰ ਇੱਜ਼ਤ ਨਾਲ ਚੰਗਾ ਚੌਖਾ ਘਰ ਦੇਖ ਕੇ ਉਸ ਦੇ ਹੱਥ ਪੀਲੇ ਕਰ ਦਿੱਤੇ ਜਾਣ। ਇਸ ਲਈ ਉਸ ਨੇ ਚੰਗੇ ਲੜਕੇ ਦੀ ਭਾਲ ਆਰੰਭ ਕਰ ਦਿੱਤੀ ਸੀ। ਜਿਧਰੋਂ ਵੀ ਉਸ ਨੂੰ ਪਤਾ ਲੱਗਦਾ ਸੀ, ਉਸ ਪਾਸੇ ਹੀ ਪੁੱਛਣਾ ਸ਼ੁਰੂ ਕਰ ਦਿੰਦਾ ਸੀ।

ਡਾਕਟਰ ਅਜੀਤ ਸਿੰਘ ਕੋਟਕਪੂਰਾ
ਮੋਬਾਈਲ +1 5853050443
ਪੰਜਾਬ ਮੇਲ USA



ਇਹ ਗੱਲ ਮੇਰੀ ਸਮਝ ਦੀ ਪਕੜ ਵਿਚ ਨਹੀਂ ਆ ਰਹੀ ਸੀ ਕਿ ਲੋਕ ਸੋਹਣੀਆਂ ਨੂੰ ਕਿਉਂ ਕੁੱਟ ਮਾਰ ਕਰਦੇ ਹਨ। ਕਈ ਵਾਰ ਇੰਝ ਲੱਗਦਾ ਹੈ ਕਿ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਅਜਿਹਾ ਕੀਤਾ ਜਾਂਦਾ ਹੋਵੇਗਾ। ਗੁਰੋ ਦਾ ਸਰੀਰ ਗੁੰਦਵਾਂ ਸੀ, ਉਸ ਦਾ ਲੰਮਾ ਕੱਦ, ਰੰਗ ਗੋਰਾ ਨਿਛੋਹ, ਜਿਹੜਾ ਹੱਥ ਲਾਇਆਂ ਹੀ ਮੈਲਾ ਹੁੰਦਾ ਸੀ ਅਤੇ ਲੋਕ ਉਸ ਨੂੰ ਤੁਰੇ ਜਾਂਦੇ ਖੜ੍ਹ-ਖੜ੍ਹ ਦੇਖਦੇ ਸੀ ਅਤੇ ਇਸ ਦੇ ਰੂਪ ਦੀ ਤਾਰੀਫ ਕਰਦੇ ਸੀ ਅਤੇ ਸੋਚਦੇ ਸੀ ਕਿ ਰੱਬ ਨੇ ਵੇਹਲੇ ਬੈਠ ਕੇ ਗੁਰੋ ਨੂੰ ਬਣਾਇਆ ਹੋਵੇਗਾ। ਪ੍ਰੰਤੂ ਬੰਦੇ ਦੇ ਹੰਕਾਰ ਨੇ ਅਤੇ ਸਵਾਰਥ ਨੇ ਉਸ ਨੂੰ ਸਮੇਂ ਤੋਂ ਪਹਿਲਾਂ ਹੀ ਹੱਡੀਆਂ ਦੀ ਮੁੱਠ ਜਿਹਾ ਕਰ ਦਿੱਤਾ ਸੀ। ਉਸ ਦੀਆਂ ਅੱਖਾਂ ਥੱਲੇ ਕਾਲੇ ਕਾਲੇ ਘੇਰਿਆਂ ਨੇ, ਜਿਨ੍ਹਾਂ ਅੱਖਾਂ ਵਿਚ ਕਦੇ ਧਾਰੀਦਾਰ ਸੁਰਮਾ ਉਸ ਦੇ ਰੂਪ ਨੂੰ ਚਾਰ ਚੰਨ੍ਹ ਲਾਇਆ ਕਰਦਾ ਸੀ, ਉਸ ਨੂੰ ਉਮਰ ਤੋਂ ਵਡੇਰੀ ਬਣਾ ਦਿੱਤਾ ਸੀ। ਚੇਹਰੇ ਦੀਆਂ ਝੁਰੜੀਆਂ ਅਤੇ ਚਿੰਤਾ ਦੀਆਂ ਉੱਘੜੀਆਂ ਰੇਖਾਵਾਂ ਉਸ ਦੇ ਦੁਖਾਂ ਦੀ ਕਹਾਣੀ ਨੂੰ ਚੁੱਪ ਚੁਪੀਤੇ ਹੀ ਸੁਣਾਉਣ ਦਾ ਯਤਨ ਕਰ ਰਹੀਆਂ ਸਨ।

ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸੋਚ ਰਹੀ ਸੀ ਤੇ ਸੋਚ ਰਹੀ ਸੀ ਕਿ ਜੋ ਉਸ ਨੇ ਆਪਣੇ ਸੁਪਨਿਆਂ ਦੇ ਬਾਦਸ਼ਾਹ ਬਾਰੇ ਸੋਚਿਆ ਸੀ, ਉਹ ਤਾਂ ਬਿਲਕੁਲ ਹੀ ਨਹੀਂ ਠੀਕ ਨਿਕਲਿਆ ਸੀ। ਉਹ ਸੋਚਾਂ ਵਿਚ ਗੁਆਚੀ ਹੋਈ ਆਪਣੇ ਅਤੀਤ ਦਾ ਪੰਨਾ ਖੋਲ੍ਹ ਬੈਠੀ। ਹਾਲੇ ਉਸ ਨੇ ਚੰਦਰੀ ਜਵਾਨੀ 'ਚ ਪੈਰ ਪਾਇਆ ਹੀ ਸੀ ਕਿ ਮਾਂ ਨੂੰ ਉਸ ਦੇ ਰਿਸ਼ਤੇ ਦੇ ਫਿਕਰ ਪੈ ਗਿਆ ਸੀ। ਉਸ ਦਾ ਬਾਪ ਵੀ ਚਾਹੁੰਦਾ ਸੀ ਕਿ ਧੀ ਨੂੰ ਇੱਜ਼ਤ ਨਾਲ ਚੰਗਾ ਚੌਖਾ ਘਰ ਦੇਖ ਕੇ ਉਸ ਦੇ ਹੱਥ ਪੀਲੇ ਕਰ ਦਿੱਤੇ ਜਾਣ। ਇਸ ਲਈ ਉਸ ਨੇ ਚੰਗੇ ਲੜਕੇ ਦੀ ਭਾਲ ਆਰੰਭ ਕਰ ਦਿੱਤੀ ਸੀ। ਜਿਧਰੋਂ ਵੀ ਉਸ ਨੂੰ ਪਤਾ ਲੱਗਦਾ ਸੀ, ਉਸ ਪਾਸੇ ਹੀ ਪੁੱਛਣਾ ਸ਼ੁਰੂ ਕਰ ਦਿੰਦਾ ਸੀ। ਪਿੰਡ ਵਿਚ ਬਾਰ੍ਹਵੀਂ ਤੱਕ ਦਾ ਸਕੂਲ ਸੀ, ਮੈਂ ਭਾਵੇਂ ਹੋਰ ਪੜ੍ਹਨਾ ਚਾਹੁੰਦੀ ਸੀ ਪਰ ਬਾਪੂ ਨੇ ਮੈਨੂੰ ਹੋਰ ਅੱਗੇ ਪੜ੍ਹਾਉਣ ਤੋਂ ਮਨਾਂ ਕਰ ਦਿੱਤਾ ਸੀ। ਉਸ ਨੇ ਮਾਂ ਨੂੰ ਦੱਸਿਆ ਕਿ ਵੱਧ ਪੜ੍ਹੀਆਂ ਕੁੜੀਆਂ ਨੂੰ ਵਿਆਹ ਵੇਲੇ ਵਧੇਰੇ ਦਾਜ ਦੇਣਾ ਪੈਂਦਾ ਹੈ, ਜਿਸ ਦੀ ਮੇਰੇ ਵਿਚ ਪਰੋਖੇ ਨਹੀਂ ਹੈ। ਮੈਂ ਹੁਣ ਸੇਵਾ ਨਵਿਰਤ ਹੋ ਚੁੱਕਾ ਹਾਂ ਤੇ ਇਸ ਸਮੇਂ ਮਿਲੇ ਪੈਸੇ, ਤਾਂ ਉਸ ਵੇਲੇ ਤੱਕ ਖੁਰ ਜਾਣਗੇ, ਇਸ ਲਈ ਬੇਹਤਰ ਹੈ ਕਿ ਚੰਗਾ ਵਰ ਦੇਖ ਇਸ ਨੂੰ ਆਪਣੇ ਘਰ ਹੀ ਤੋਰ ਦਿੱਤਾ ਜਾਵੇ। ਇਕ ਦਿਨ ਮੈਂ ਆਪਣੀ ਮਾਂ ਨਾਲ ਬੈਠੀ ਗੱਲਾਂ ਕਰ ਰਹੀ ਸੀ ਅਤੇ ਮਾਂ ਮੈਨੂੰ ਰੋਟੀ ਸਬਜ਼ੀ ਬਣਾਉਣ ਬਾਰੇ ਸਿੱਖਿਆ ਦੇ ਰਹੀ ਸੀ ਕਿ ਸਾਡਾ ਦਰਵਾਜ਼ਾ ਖੜਕਿਆ। ਮਾਂ ਨੇ ਦਰਵਾਜ਼ਾ ਖੋਲ੍ਹਿਆ ਤਾਂ ਡਿੱਠਾ ਕਿ ਬਾਹਰ ਮੇਰੀ ਮਾਮੀ ਕਿਰਪਾਲ ਆਈ ਸੀ। ਉਹ ਇਕ ਨਰਸ ਲੱਗੀ ਹੋਈ ਸੀ। ਨਨਾਣ ਭਰਜਾਈ ਘੁੱਟ ਕੇ ਇਕ ਦੂਜੀ ਨੂੰ ਮਿਲੀਆਂ। ਮਾਮੀ ਨੇ ਮੈਨੂੰ ਵੀ ਪਿਆਰ ਦਿੱਤਾ, ਮੇਰੇ ਬਾਪੂ ਨੂੰ ਫਤਹਿ ਬੁਲਾਈ। ਕੁਝ ਦੇਰ ਤਾਂ ਘਰ ਬਾਰੇ ਗੱਲਾਂ ਚਲੀਆਂ, ਫੇਰ ਮੈਨੂੰ ਚਾਹ ਬਣਾਉਣ ਲਈ ਭੇਜ ਦਿੱਤਾ। ਮੇਰੇ ਜਾਣ ਤੋਂ ਬਾਅਦ ਮਾਮੀ ਅਸਲ ਗੱਲ ਦੱਸਣ ਲੱਗੀ ਕਿ ਮੈਂ ਤਾਂ ਆਪਣੀ ਗੁਰਸ਼ੀਨ ਲਈ ਇਕ ਰਿਸ਼ਤੇ ਬਾਰੇ ਗੱਲ ਕਰਨ ਆਈ ਸੀ। ਜਰਨੈਲ ਮੇਰੇ ਗੁਆਂਢ ਵਿਚ ਰਹਿੰਦਾ ਹੈ, ਦੱਸ ਜਮਾਤਾਂ ਪਾਸ ਹੈ, ਹੁਣ ਆਪਣੇ ਬਾਪ ਮੋਹਨ ਸਿੰਘ ਨਾਲ ਖੇਤੀ ਵਿਚ ਹੱਥ ਵਟਾਉਂਦਾ ਹੈ। ਉਨ੍ਹਾਂ ਦੀ 10 ਕਿਲੇ ਪੈਲੀ ਹੈ, 'ਕੱਲਾ ਹੀ ਮੁੰਡਾ ਹੈ, ਇੱਕ ਭੈਣ ਹੈ ਜੋ ਵਿਆਹੀ ਹੋਈ ਹੈ। ਆਪਣੀ ਗੁਰੋ ਤਾਂ ਉਥੇ ਮੌਜਾਂ ਕਰੂਗੀ। ਵਧੀਆ ਘਰ ਹੈ, ਕਿਸੇ ਚੀਜ਼ ਦੀ ਕੋਈ ਘਾਟ ਨਹੀਂ ਹੈ। ਮੇਰੇ ਗੁਆਂਢ ਹੈ, ਮੈਂ ਉਸ ਦਾ ਪੂਰਾ-ਪੂਰਾ ਧਿਆਨ ਰੱਖ ਸਕਦੀ ਹਾਂ। ਤੁਸੀਂ ਵਿਚਾਰ ਕਰ ਲਵੋ। ਵਿਚਾਰ ਕੇ ਦੱਸ ਦੇਣਾ, ਅੱਗੇ ਗੱਲ ਕਰ ਸਕਦੇ ਹਾਂ। ਥੋੜਾ ਸਮਾਂ ਕੱਢ ਕੇ ਆਈ ਸੀ, ਹੁਣ ਮੈਂ ਤਾਂ ਵਾਪਿਸ ਜਾਣਾ ਹੈ। ਮੈਂ ਸੁਣ ਲਿਆ ਕਿ ਬਾਪੂ ਜੀ ਕਹਿ ਰਹੇ ਸੀ ਕਿ ਗੁਰੋ ਦੀ ਜ਼ਿੰਮੇਵਾਰੀ ਤੁਹਾਡੀ ਵੀ ਉਤਨੀ ਹੈ, ਜਿਤਨੀ ਸਾਡੀ। ਇਹ ਤੁਹਾਨੂੰ ਕੋਈ ਓਪਰੀ ਥੋੜੀ ਹੈ, ਜੇ ਤੁਹਾਨੂੰ ਠੀਕ ਲੱਗਦਾ ਹੈ, ਤਾਂ ਗੱਲ ਕਰੋ ਤੇ ਆਪਾਂ ਕੁੜੀ ਦੇ ਹੱਥ ਪੀਲੇ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ੁਰੂ ਹੋ ਜਾਈਏ। ਤੁਹਾਨੂੰ ਸਾਡੇ ਬਾਰੇ ਤਾਂ ਪਤਾ ਹੀ ਹੈ ਕਿ ਅਸੀਂ ਦਾਜ ਸਰਦਾ ਪੁੱਜਦਾ ਹੀ ਦੇ ਸਕਦੇ ਹਾਂ। ਇਸ 'ਤੇ ਮਾਮੀ ਨੇ ਆਖਿਆ ਕਿ ਉਹ ਲਾਲਚੀ ਨਹੀਂ ਲੱਗਦੇ, ਫੇਰ ਵੀ ਗੱਲ ਪੂਰੀ ਤਰ੍ਹਾਂ ਠਕੋਰ ਕੇ ਕਰ ਲਵਾਂਗੀ। ਗੁਰੋ ਦੇ ਮਾਮੇ ਨੂੰ ਗੱਲ ਖੁੱਲ੍ਹ ਕੇ ਗੱਲ ਕਰਨ ਲਈ ਕਹਿ ਦੇਵਾਂਗੀ। ਤੁਸੀਂ ਫਿਕਰ ਨਾ ਕਰੋ। ਸਾਰਿਆਂ ਨੇ ਮਿਲ ਕੇ ਚਾਹ ਪੀਤੀ ਤੇ ਮਾਮੀ ਨੇ ਕਿਹਾ, ਨੀ ਗੁਰੋ ਤੂੰ ਤਾਂ ਵਧੀਆ ਚਾਹ ਬਣਾਈ ਹੈ, ਮੈਨੂੰ ਲੱਗਦਾ ਹੈ ਰੋਟੀ ਸਬਜ਼ੀ ਵੀ ਕਰ ਲੈਂਦੀ ਹੋਵੇਂਗੀ। ਮੈਂ ਹੱਸ ਪਈ ਤੇ ਮੇਰੀ ਬੀਬੀ ਨੇ ਕਿਹਾ ਕਿ ਹਾਲੇ ਸਿੱਖਦੀ ਪਈ ਹੈ, ਕੋਈ ਨਹੀਂ, ਰਸੋਈ ਦੇ ਕੰਮ ਵਿਚ ਤਾਂ ਚੰਗੀ ਹੋ ਜਾਵੇਗੀ। ਭਾਬੀ ਚਿੰਤਾ ਨਾ ਕਰ, ਚਾਹ ਵਿਚ ਲੂਣ ਨਹੀਂ ਪਾਉਂਦੀ ਤੇ ਸਬਜ਼ੀ ਵਿਚ ਖੰਡ ਨਹੀਂ ਪਾਉਣ ਲੱਗੀ। ਸਾਰੇ ਮਿਲ ਕੇ ਹੱਸ ਪਏ ਤੇ ਮਾਮੀ ਚੱਲੀ ਗਈ।

ਮੇਰਾ ਵਿਆਹ ਜਰਨੈਲ ਨਾਲ ਕਰ ਦਿੱਤਾ ਗਿਆ। ਪਹਿਲੇ ਦਿਨ ਮੈਂ ਆਪਣੇ ਕਮਰੇ ਵਿਚ ਬੈਠੀ ਆਪਣੇ ਸੁਫਨਿਆਂ ਦੇ ਸਰਤਾਜ ਨੂੰ ਉਡੀਕ ਰਹੀ ਸੀ। ਕਾਫੀ ਰਾਤ ਲੰਘੀ ਤੋਂ ਮੇਰੇ ਕਮਰੇ ਦਾ ਬੂਹਾ ਖੁੱਲ੍ਹਿਆ, ਤਾਂ ਇਕ ਦਮ ਹਵਾੜ ਅੰਦਰ ਆਈ, ਜੋ ਮੈਨੂੰ ਭੈੜੀ ਲੱਗੀ। ਜੈਲਾ ਸ਼ਰਾਬ ਦਾ ਰੱਜਿਆ ਹੋਇਆ ਸੀ, ਮੂੰਹ ਵਿਚੋਂ ਆਵਾਜ਼ ਨਹੀਂ ਨਿਕਲ ਰਹੀ ਸੀ। ਇਕ ਦਮ ਮੰਜੇ 'ਤੇ ਡਿਗ ਪਿਆ, ਜੇ ਮੈਂ ਧਿਆਨ ਨਾ ਕਰਦੀ, ਤਾਂ ਉਸ ਨੇ ਭੁੰਜੇ ਹੀ ਡਿੱਗ ਪੈਣਾ ਸੀ। ਮੈਂ ਉਦਾਸ ਹੋ ਗਈ। ਮੈਂ ਸੋਚਾਂ ਵਿਚ ਪੈ ਗਈ, ਇਹ ਮੇਰੇ ਸੁਪਨੇ ਕੀ ਪੂਰੇ ਕਰੇਗਾ, ਜਿਸ ਨੂੰ ਆਪਣੀ ਹੀ ਸੋਝੀ ਨਹੀਂ ਰਹੀ। ਇਸ ਤਰ੍ਹਾਂ ਇਕ ਦੋ ਦਿਨ ਚੱਲਦਾ ਰਿਹਾ। ਜਦੋਂ ਮੈਂ ਆਪਣੀ ਮਾਮੀ ਨੂੰ ਮਿਲਣ ਆਈ ਨੂੰ ਦੱਸਿਆ, ਤਾਂ ਉਹ ਕਹਿੰਦੀ ਫਿਕਰ ਨਾ ਕਰ, ਜੱਟਾਂ ਦੇ ਮੁੰਡੇ ਤਾਂ ਸ਼ਰਾਬ ਪੀਂਦੇ ਹੀ ਹੁੰਦੇ ਹਨ। ਹੌਲੀ-ਹੌਲੀ ਸਭ ਠੀਕ ਹੋ ਜਾਵੇਗਾ। ਮੈਂ ਚੁੱਪ ਕਰ ਗਈ।

ਮੇਰੇ ਨਾਲ ਰਾਤ ਗੁਜ਼ਾਰਦਾ ਉਸ ਵੇਲੇ ਮੈਨੂੰ ਲੱਗਦਾ ਕਿ ਸੁਧਾਰ ਹੋ ਸਕਦਾ ਹੈ। ਪ੍ਰੰਤੂ ਜੈਲੇ ਦੀ ਆਦਤ ਵਿਚ ਕੋਈ ਸੁਧਾਰ ਨਾ ਹੋਇਆ। ਜਦੋਂ ਮੈਂ ਪਿਆਰ ਨਾਲ ਸਮਝਾਉਣਾ ਚਾਹਿਆ, ਤਾਂ ਮੈਨੂੰ ਵੀ ਮੰਦਾ ਬੋਲਿਆ ਤੇ ਮੇਰੇ ਉਪਰ ਹੱਥ ਚੁੱਕਿਆ। ਮੈਂ ਇਸ ਨੂੰ ਆਪਣੀ ਕਿਸਮਤ ਜਾਣ ਲਿਆ। ਮੈਂ ਚੁੱਪ ਧਾਰਨ ਕਰ ਲਈ ਤੇ ਹਾਲਾਤ ਨਾਲ ਇਕ ਚੁੱਪ ਸਮਝੌਤਾ ਕਰ ਲਿਆ ਸੀ। ਇਸ ਦੌਰਾਨ ਮੈਂ ਦੋ ਬੱਚਿਆਂ ਦੀ ਮਾਂ ਬਣ ਗਈ, ਮੇਰੀ ਸੱਸ ਅਤੇ ਸਹੁਰੇ ਨੇ ਸਮਝਾਉਣ ਦਾ ਯਤਨ ਕੀਤਾ ਪਰ ਜੈਲੇ 'ਤੇ ਕੋਈ ਵੀ ਅਸਰ ਨਾ ਹੋਇਆ। ਆਪਣੇ ਹੋਰ ਦੋਸਤਾਂ ਨਾਲ ਮਿਲ ਕੇ ਵਧੇਰੇ ਨਸ਼ਾ ਕਰਨ ਲੱਗ ਗਿਆ। ਘਰ ਦੀਆਂ ਵਸਤਾਂ ਵੇਚ ਕੇ ਆਪਣੀ ਨਸ਼ੇ ਦੀ ਲੋੜ ਨੂੰ ਪੂਰਾ ਕਰਨ ਲੱਗ ਪਿਆ। ਰੋਜ਼ਾਨਾ ਸ਼ਰਾਬ ਪੀ ਕੇ ਘਰ ਵੜਦਾ ਸੀ ਅਤੇ ਆ ਕੇ ਮੰਦੇ ਬੋਲ ਬੋਲਦਾ ਸੀ। ਮੈਂ ਚੁੱਪ ਰਹਿੰਦੀ ਸੀ, ਜਦੋਂ ਮੇਰੀ ਸੱਸ ਨੂੰ ਵੀ ਕੁਝ ਮੰਦਾ ਬੋਲਦਾ, ਤਾਂ ਮੈਂ ਰੋਕਣ ਦਾ ਯਤਨ ਕਰਦੀ, ਮੇਰੇ ਦੋ-ਚਾਰ ਜੜ ਦਿੰਦਾ ਸੀ। ਉਸ ਨੇ ਵਾਹੀ ਕਰਨੀ ਛੱਡ ਦਿੱਤੀ। ਪਹਿਲਾਂ ਮੇਰੀ ਸੱਸ ਤੇ ਫੇਰ ਸਹੁਰਾ ਸਾਹਿਬ ਦੁੱਖ ਭੋਗਦੇ ਤੇ ਮੇਰੀ ਤੇ ਬੱਚਿਆਂ ਦੀ ਹਾਲਤ 'ਤੇ ਤਰਸ ਕਰਦੇ, ਇਸ ਫਾਨੀ ਸੰਸਾਰ ਨੂੰ ਛੱਡ ਗਏ।

ਜੈਲਾ ਮਨ ਮੌਜੀ ਹੋ ਗਿਆ। ਉਸ ਨੇ ਆਪਣੀ ਨਸ਼ੇ ਦੀ ਭੁੱਖ ਪੂਰੀ ਕਰਨ ਲਈ ਜ਼ਮੀਨ 'ਤੇ ਵਾਢਾ ਧਰ ਲਿਆ। ਦਿਨ-ਰਾਤ ਨਸ਼ਿਆਂ ਵਿਚ ਮਸਤ ਰਹਿੰਦਾ ਸੀ। ਉਹ ਕਿਹੜਾ ਨਸ਼ਾ ਸੀ, ਜੋ ਉਸ ਨੇ ਨਹੀਂ ਕੀਤਾ ਸੀ। ਉਸ ਨੇ ਬੱਚਿਆਂ ਵਲ ਕਦੇ ਧਿਆਨ ਨਹੀਂ ਕੀਤਾ ਸੀ। ਬਚੇ ਵੀ ਉਸ ਤੋਂ ਡਰਦੇ ਸਨ। ਜਦੋਂ ਉਹ ਸ਼ਰਾਬੀ ਹੋਇਆ ਨਸ਼ੇ ਵਿਚ ਧੁੱਤ ਘਰੇ ਵੜਦਾ, ਮੇਰੀ ਸ਼ਾਮਤ ਆ ਜਾਂਦੀ ਸੀ। ਮੈਨੂੰ ਗਾਲ੍ਹਾਂ ਕੱਢਦਾ, ਕੁੱਟਮਾਰ ਕਰਦਾ ਸੀ, ਬਚੇ ਡਰਦੇ ਮੇਰੇ ਕੋਲੇ ਆ ਕੇ ਛੁੱਪ ਜਾਂਦੇ ਸੀ। ਹੌਲੀ-ਹੌਲੀ ਬੱਚੇ ਵੱਡੇ ਹੋ ਰਹੇ ਸੀ। ਮੈਂ ਇਹ ਨਹੀਂ ਚਾਹੁੰਦੀ ਸੀ ਕਿ ਬੱਚੇ ਆਪਣੇ ਬਾਪ ਨੂੰ ਇਸ ਰੂਪ ਵਿਚ ਵੇਖਣ ਪਰ ਜਦੋਂ ਘਰ ਵਿਚ ਉਹ ਮੇਰੀ ਰੋਣ ਕੁਰਲਾਣ ਦੀ ਆਵਾਜ਼ ਸੁਣਦੇ ਸੁਤੇ ਪਏ ਉੱਠ ਜਾਂਦੇ ਸੀ, ਹੁਣ ਮੇਰਾ ਇਹ ਘਰ ਨਰਕ ਬਣ ਗਿਆ ਸੀ। ਮੈਂ ਚਾਹੁੰਦੀ ਸੀ ਕਿ ਬੱਚਿਆਂ ਉਪਰ ਇਸ ਮਾਹੌਲ ਦਾ ਅਸਰ ਨਾ ਹੋਵੇ। ਪਰ ਮੈਂ ਤਾਂ ਮਜਬੂਰ ਸੀ। ਪਿੰਡ ਵਿਚ ਬਾਰ੍ਹਵੀਂ ਦਾ ਸਕੂਲ ਸੀ, ਕੁੜੀ ਨੂੰ ਬਾਰ੍ਹਵੀਂ ਕਰਵਾ ਦਿੱਤੀ। ਲੜਕਾ ਵੀ ਦਸਵੀਂ ਕਰ ਗਿਆ ਸੀ। ਉਸ ਨੇ ਸਕੂਲ ਤੋਂ ਕਿਨਾਰਾ ਕਰ ਲਿਆ। ਮੈਂ ਉਸ ਨੂੰ ਕਿਸੇ ਕੱਪੜੇ ਦੀ ਦੁਕਾਨ 'ਤੇ ਨੌਕਰ ਲਗਵਾ ਦਿੱਤਾ। ਕੱਪੜੇ ਦੀ ਦੁਕਾਨ 'ਤੇ ਕੈਸ਼ੀਅਰ ਦਾ ਕੰਮ ਕਰ ਦਿੰਦਾ ਸੀ। ਮੇਰੇ ਬੱਚੇ ਮੇਰਾ ਸਹਾਰਾ ਬਣ ਰਹੇ ਸਨ।

ਮੈਨੂੰ ਇਹ ਆਸ ਉਮੀਦ ਸੀ ਕਿ ਜੈਲਾ ਸੁਧਰ ਜਾਵੇਗਾ। ਪਰ ਮੇਰੀ ਇਸ ਉਮੀਦ ਨੂੰ ਵੀ ਫਲ ਨਾ ਲੱਗਿਆ। ਪਰ ਉਸ ਉਪਰ ਕੋਈ ਅਸਰ ਨਾ ਹੋਇਆ। ਇਕ ਦੋ ਵਾਰ ਉਸ ਨੇ ਕੱਪੜੇ ਵਾਲੇ ਤੋਂ ਮੇਰੇ ਮੁੰਡੇ ਦੀ ਤਨਖਾਹ ਅਗਾਊਂ ਲੈਣ ਦਾ ਯਤਨ ਕੀਤਾ ਪਰ ਦੁਕਾਨ ਵਾਲੇ ਨੇ ਕੋਰਾ ਜਵਾਬ ਦੇ ਦਿੱਤਾ, ਇਸ ਦੀ ਸਜ਼ਾ ਵੀ ਮੈਨੂੰ ਮਿਲੀ। ਦੁਕਾਨ ਤੋਂ ਜੁਆਬ ਲੈ ਕੇ ਆਏ ਨੇ ਮੇਰੀ ਹੱਡੀ ਪਸਲੀ ਇਕ ਕਰ ਦਿੱਤੀ। ਮੈਂ ਬਿਲਕੁਲ ਵੀ ਸਮਝ ਨਾ ਆਈ ਕਿ ਮੈਨੂੰ ਅੱਜ ਕਿਸ ਕਸੂਰ ਦੀ ਸਜ਼ਾ ਦਿੱਤੀ ਗਈ ਹੈ, ਜਦੋਂ ਕਿ ਮੈਂ ਤਾਂ ਨਿਰਦੋਸ਼ ਸਾਂ। ਮਰਦ ਲੋਕ ਕਦੇ ਵੀ ਦੋਸ਼ੀ ਜਾਂ ਨਿਰਦੋਸ਼ ਨਹੀਂ ਦੇਖਦੇ, ਜਦੋਂ ਮਨ ਕਰਦਾ ਹੈ, ਆਪਣਾ ਗੁੱਸਾ ਔਰਤ ਉਪਰ ਕੱਢ ਆਪਣਾ ਦਿਲ ਹੌਲਾ ਕਰ ਲੈਂਦੇ ਹਨ ਪ੍ਰੰਤੂ ਜਦੋਂ ਔਰਤ ਨੂੰ ਵੀ ਗੁੱਸਾ ਆਵੇ, ਉਹ ਕਿੱਧਰ ਜਾਵੇ? ਬੱਚਿਆਂ ਨੂੰ ਉਹ ਕੁਝ ਨਹੀਂ ਆਖ ਸਕਦੀ ਕਿਉਂਕਿ ਉਹ ਉਨ੍ਹਾਂ ਉਪਰ ਆਪਣੀ ਜਾਨ ਵਾਰਨ ਨੂੰ ਵੀ ਤਿਆਰ ਰਹਿੰਦੀ ਹੈ। ਮੈਂ ਯਤਨ ਕਰਕੇ ਆਪਣੀ ਲੜਕੀ ਨੂੰ ਨਰਕ ਵਿਚੋਂ ਕੱਢ ਦਿੱਤਾ ਅਤੇ ਚੰਗਾ ਜਿਹਾ ਘਰ ਦੇਖ ਕੇ ਉਸ ਦਾ ਵਿਆਹ ਕਰ ਦਿੱਤਾ। ਉਸ ਦੀ ਕਿਸਮਤ ਚੰਗੀ ਸੀ, ਉਸ ਨੂੰ ਉਸ ਦੀ ਸੱਸ ਆਪਣੀ ਨੂੰਹ ਨਹੀਂ ਧੀ ਸਮਝਦੀ ਸੀ। ਉਸ ਨੂੰ ਬਹੁਤ ਪਿਆਰ ਕਰਦੀ ਸੀ ਤੇ ਉਸ ਨੂੰ ਰਸੋਈ ਵਿਚ ਸਬਜ਼ੀ ਰੋਟੀ ਬਣਾਉਣ ਵਿਚ ਉਸ ਦੀ ਪੂਰੀ ਮਦਦ ਕਰਦੀ ਸੀ। ਉਸ ਦੇ ਸਹੁਰੇ ਨੇ ਉਸ ਨੂੰ ਖ਼ਜ਼ਾਨਾ ਮੰਤਰੀ ਮੰਨ ਲਿਆ ਸੀ ਕਿਉਂ ਜੋ ਉਸ ਘਰ ਵਿਚ ਪਹਿਲੀ ਪੜ੍ਹੀ ਹੋਈ ਕੁੜੀ ਆਈ ਸੀ ਅਤੇ ਰੁਪਏ ਪੈਸੇ ਦਾ ਠੀਕ ਹਿਸਾਬ-ਕਿਤਾਬ ਰੱਖਦੀ ਸੀ। ਉਹ ਆੜ੍ਹਤੀਏ ਤੋਂ ਹਿਸਾਬ ਲਿਖਵਾ ਕੇ ਲੈ ਆਉਂਦਾ ਸੀ ਤੇ ਆਪਣੀ ਨੂੰਹ ਤੋਂ ਚੈਕ ਕਰਵਾ ਲਿਆ ਕਰਦਾ ਸੀ। ਜੇਕਰ ਕੋਈ ਗਲਤੀ ਨਿਕਲਦੀ, ਤਾਂ ਜਾ ਆੜ੍ਹਤੀਏ ਨੂੰ ਦੱਸਦਾ ਸੀ ਅਤੇ ਆਪ ਜਾ ਕੇ ਠੀਕ ਕਰਵਾ ਲਿਆਉਂਦਾ ਸੀ। ਇਸ ਤਰ੍ਹਾਂ ਪਰਿਵਾਰ ਖੁਸ਼ੀ-ਖੁਸ਼ੀ ਜੀਵਨ ਬਿਤਾ ਰਿਹਾ ਸੀ। ਮੈਨੂੰ ਉਸ ਪਾਸੇ ਤੋਂ ਪੂਰਨ ਤਸੱਲੀ ਸੀ।

ਇਕ ਦਿਨ ਮੈਂ ਇਕੱਲੀ ਘਰ ਵਿਚ ਸੀ। ਜੈਲਾ ਬਾਹਰੋਂ ਤਪਿਆ ਹੋਇਆ ਆਇਆ ਤੇ ਮੈਨੂੰ ਕੁੱਟਣ ਲੱਗ ਪਿਆ, ਉਸ ਦੇ ਹੱਥ ਵਿਚ ਕੁਹਾੜੀ ਆ ਗਈ। ਉਹ ਮੈਨੂੰ ਮਾਰ ਦੇਣਾ ਚਾਹੁੰਦਾ ਸੀ। ਮੈਂ ਉਸ ਨੂੰ ਜ਼ਮੀਨ ਵੇਚਣ ਨਹੀਂ ਦੇ ਰਹੀ ਸੀ। ਉਸ ਨੇ ਪਹਿਲਾਂ ਹੀ ਮੇਰੇ ਗਹਿਣੇ ਮੈਥੋਂ ਚੋਰੀ ਵੇਚ ਦਿੱਤੇ ਸਨ।

ਦੋ ਦਿਨ ਪਹਿਲਾਂ ਉਹ ਘਰ ਵਿਚ ਖੜ੍ਹੀਆਂ ਦੋਵੇਂ ਮੱਝਾਂ ਵੇਚ ਚੁੱਕਾ ਸੀ। ਹੁਣ ਉਸ ਦੀ ਨਿਗ੍ਹਾ ਜ਼ਮੀਨ ਉਪਰ ਸੀ। ਮੇਰੇ ਸਹੁਰੇ ਨੇ ਆਪਣੇ ਪੁੱਤ ਦੇ ਚਾਲੇ ਦੇਖ ਕੇ ਜ਼ਮੀਨ ਮੇਰੇ ਨਾਂ ਕਰਵਾ ਦਿੱਤੀ ਸੀ। ਹੁਣ ਜੈਲਾ ਚਾਹੁੰਦਾ ਸੀ ਕਿ ਕੁਝ ਜ਼ਮੀਨ ਵੇਚ ਕੇ ਉਸ ਨੂੰ ਨਸ਼ੇ ਲਈ ਰਕਮ ਦਿੱਤੀ ਜਾਵੇ। ਉਸ ਦੇ ਇਸ ਕੰਮ ਵਿਚ ਮੈਂ ਅੜਿੱਕਾ ਬਣੀ ਹੋਈ ਸੀ। ਇਸ ਲਈ ਉਹ ਮੈਨੂੰ ਵੱਢ ਕੇ ਸੁੱਟ ਦੇਣਾ ਚਾਹੁੰਦਾ ਸੀ। ਉਸ ਨੂੰ ਇਹ ਤਾਂ ਇਲਮ ਹੀ ਨਹੀਂ ਸੀ ਕਿ ਜ਼ਮੀਨ ਮੇਰੇ ਤੇ ਮੇਰੇ ਮੁੰਡੇ ਦੇ ਨਾਂ ਸੀ। ਮਾਪਿਆਂ ਕੋਲ ਮੈਂ ਦੁੱਖ ਨਹੀਂ ਫਰੋਲਦੀ ਸੀ, ਮੈਂ ਨਹੀਂ ਚਾਹੁੰਦੀ ਸੀ ਕਿ ਉਹ ਮੇਰੀ ਹਾਲਤ ਜਾਣ ਉਦਾਸ ਹੋਣ। ਉਹ ਤਾਂ ਮੈਨੂੰ ਸੁਖੀ ਹੀ ਜਾਣਦੇ ਸੀ, ਪਹਿਲਾਂ ਮੇਰੇ ਪਿਤਾ ਜੀ ਅਤੇ ਫਿਰ ਮਾਂ ਇਸ ਦੁਨੀਆਂ ਨੂੰ ਛੱਡ ਉਥੇ ਚਲੇ ਗਏ, ਜਿਥੋਂ ਕਦੇ ਕੋਈ ਵਾਪਸ ਨਹੀਂ ਆਇਆ।

ਜਦੋਂ ਉਸ ਦੇ ਹੱਥ ਕੁਹਾੜੀ ਆ ਗਈ ਤੇ ਮੇਰੇ ਵਲ ਨੂੰ ਹੋਇਆ, ਤਾਂ ਮੈਂ ਭੱਜ ਕੇ ਗੁਆਂਢੀਆਂ ਦੇ ਘਰ ਚਲੀ ਗਈ ਤੇ ਉਨ੍ਹਾਂ ਘਰ ਦੇ ਅੰਦਰ ਛੁਪ ਗਈ। ਮੇਰੇ ਗੁਆਂਢੀਆਂ ਨੇ ਮਦਦ ਕੀਤੀ ਤੇ ਉਸ ਨੂੰ ਰੋਕ ਦਿੱਤਾ ਕਿ ਸਾਡੇ ਘਰ ਵਿਚ ਤੂੰ ਉਸ ਨੂੰ ਕੁਝ ਨਹੀਂ ਕਹਿ ਸਕਦਾ। ਜੈਲੇ ਨੇ ਗੁਆਂਢੀ ਨੂੰ ਵੀ ਮੰਦਾ ਬੋਲਿਆ ਤੇ ਕੁਹਾੜੀ ਉਸ ਵਲ ਉਲਾਰੀ। ਗੁਆਂਢੀ ਨੇ ਕੁਹਾੜੀ ਖੋਹ ਲਈ ਤੇ ਉਸ ਨੂੰ ਭਜਾ ਦਿੱਤਾ। ਮੈਂ ਰਾਤ ਉਨ੍ਹਾਂ ਘਰੇ ਕਟੀ। ਆਪਣੇ ਮੁੰਡੇ ਨੂੰ ਸੁਨੇਹਾ ਭੇਜ ਕੇ ਉਥੇ ਹੀ ਸੱਦ ਲਿਆ ਤੇ ਰਾਤ ਉਥੇ ਹੀ ਕੱਟ ਲਈ। ਸਵੇਰ ਹੋਈ ਤੋਂ ਜੈਲੇ ਨੇ ਠਾਣੇ ਰਪਟ ਲਿਖਵਾ ਦਿੱਤੀ ਕਿ ਮੇਰੀ ਗੁਰੋ ਨੂੰ ਗੁਆਂਢੀ ਨੇ ਕੱਢ ਲਿਆ ਹੈ। ਜਦੋਂ ਪੁਲਿਸ ਆਈ ਤਾਂ ਅਸਲੀਅਤ ਦਾ ਪਤਾ ਲੱਗਾ, ਤਾਂ ਉਹ ਸਰਪੰਚ ਦੇ ਆਖੇ ਵਾਪਿਸ ਮੁੜ ਗਏ। ਸਰਪੰਚ ਨੇ ਸਾਡੀ ਸੁਲਾਹ ਸਫਾਈ ਕਰਵਾ ਦਿੱਤੀ। ਅਸੀਂ ਦੋਵੇਂ ਮਾਂ ਪੁੱਤ ਘਰੇ ਆ ਗਏ। ਹੁਣ ਮੈਨੂੰ ਜੈਲਾ ਤੰਗ ਕਰਦਾ ਸੀ ਤੇ ਮੁੰਡੇ ਨੂੰ ਮਾਰ ਦੇਣ ਦੀਆਂ ਧਮਕੀਆਂ ਦੇਣ ਲੱਗ ਪਿਆ। ਮੈਂ ਡਰ ਗਈ। ਮੈਂ ਆਪਣੇ ਗੁਆਂਢੀ ਨੂੰ ਦੱਸਿਆ। ਉਸ ਨੇ ਮੇਰੀ ਮਦਦ ਕੀਤੀ। ਠਾਣੇ ਅੰਦਰ ਅਰਜ਼ੀ ਦਿਵਾ ਦਿੱਤੀ ਕਿ ਜੇਕਰ ਸਾਨੂੰ ਕੁਝ ਹੋਇਆ, ਤਾਂ ਇਸ ਦਾ ਜ਼ਿੰਮੇਵਾਰ ਜੈਲਾ ਹੀ ਹੋਵੇਗਾ। ਮੈਂ ਰੋਜ਼-ਰੋਜ਼ ਦੇ ਕਲੇਸ਼ ਤੋਂ ਅੱਕ ਚੁਕੀ ਸੀ, ਇਸ ਲਈ ਮੈਂ ਇਹ ਫੈਸਲਾ ਕਰ ਲਿਆ, ਅਸੀਂ ਜੈਲੇ ਤੋਂ ਵੱਖਰੇ ਹੋ ਜਾਵਾਂਗੇ। ਇਸ ਰਿਸ਼ਤੇ ਦਾ ਭਾਰ ਚੱਕ ਚੱਕ ਮੈਂ ਹਾਰ ਚੁੱਕੀ ਸੀ। ਇਕ ਸ਼ਾਇਰ ਦੇ ਅਨੁਸਾਰ:-

'ਵੋ ਅਫਸਾਨਾ ਜਿਸੇ ਅੰਜਾਮ ਤਕ ਲਾਨਾ ਨਾ ਹੋ ਮੁਮਕਿਨ,
ਉਸੇ ਇਕ ਖ਼ੂਬਸੂਰਤ ਮੋੜ ਦੇ ਕਰ ਛੋੜਨਾ ਅੱਛਾ।'

ਗੁਆਂਢੀ ਦੀ ਮਦਦ ਨਾਲ ਸਰਪੰਚ ਤੱਕ ਪਹੁੰਚ ਕੀਤੀ। ਸਰਪੰਚ ਪਹਿਲਾਂ ਹੀ ਕਹਿ ਚੁੱਕਾ ਸੀ ਕਿ ਰੋਜ਼-ਰੋਜ਼ ਦੇ ਕਲੇਸ਼ ਤੋਂ ਬੇਹਤਰ ਹੈ ਕਿ ਵੱਖਰੇ ਹੋ ਜਾਓ। ਉਸ ਨੇ ਸਾਡੇ ਘਰ ਵਿਚ ਕੰਧ ਕਢਵਾ ਦਿੱਤੀ। ਉਸ ਨੇ ਆਖਿਆ ਕਿ ਹੁਣ ਤੁਸੀਂ ਆਪੋ ਵਿਚ ਵਰਤੋਂ ਵਿਹਾਰ ਬੰਦ ਕਰੋ, ਤਾਂ ਕਿ ਤੁਹਾਡੇ ਘਰ ਅੰਦਰ ਤੇ ਪਿੰਡ ਵਿਚ ਸ਼ਾਂਤਮਈ ਮਾਹੌਲ ਬਣਿਆ ਰਹੇ। ਮੈਂ ਇਹ ਸੋਚਦੀ ਸੀ ਕਿ ਆਪਣੇ ਪੁੱਤ ਨਾਲ ਸ਼ਾਂਤ ਜ਼ਿੰਦਗੀ ਜੀਅ ਸਕਾਂਗੀ। ਭਾਵੇਂ ਦਿਲਾਂ ਦੇ ਅੰਦਰ ਪਹਿਲਾਂ ਹੀ ਕੰਧਾਂ ਪੈ ਚੁੱਕੀਆਂ ਸਨ। ਅੱਜ ਕੰਧ ਪੈਣ ਨਾਲ ਲੋਕ ਦਿਖਾਵਾ ਵੀ ਖਤਮ ਹੋ ਗਿਆ ਸੀ। ਇਕ ਸ਼ਾਇਰ ਨੇ ਕਿਆ ਖ਼ੂਬਸੂਰਤ ਲਿਖਿਆ ਹੈ ਕਿ:-

'ਤਾਅਲੁੱਕ ਬੋਝ ਬਨ ਜਾਏ, ਤੋਂ ਉਸ ਕੋ ਤੋੜਨਾ ਅੱਛਾ''

ਪ੍ਰੰਤੂ ਮੇਰੇ ਨਸੀਬ ਹੀ ਖੋਟੇ ਸਨ। ਅੱਜ ਜੈਲਾ ਆਪਣੇ ਦੋਸਤ ਨਾਲ ਆ ਕੇ ਮੈਨੂੰ ਕੁੱਟ ਗਏ ਸਨ ਅਤੇ ਆਪਣੇ ਵਲੋਂ ਅਧਮੋਈ ਕਰ ਕੇ ਭੱਜ ਗਏ ਸਨ। ਮੇਰੇ ਲੜਕੇ ਦੇ ਵੀ ਸੱਟਾਂ ਮਾਰ ਗਏ ਸਨ। ਅਸੀਂ ਦੋਵੇਂ ਸੁਣ ਰਹੇ ਸਾਂ ਕਿ ਜੈਲਾ ਆਖ ਰਿਹਾ ਸੀ ਕਿ ਪਿੰਡ ਛੱਡ ਜਾਓ, ਨਹੀਂ ਤਾਂ ਤੁਹਾਡਾ ਕਤਲ ਕਰ ਦਿੱਤਾ ਜਾਵੇਗਾ। ਮੈਂ ਆਪਣੇ ਗੁਆਂਢੀ ਨੂੰ ਦੱਸਿਆ। ਮੇਰੀ ਗੁਆਂਢਣ ਮਰੀ ਨੂੰ 5 ਸਾਲ ਹੋ ਚੁੱਕੇ ਸਨ ਅਤੇ ਉਹ ਇਕੱਲਾ ਹੀ ਰਹਿ ਰਿਹਾ ਸੀ। ਕਦੇ ਇਕ ਲੜਕੀ ਆ ਕੇ ਉਸ ਦੀ ਮਦਦ ਕਰ ਜਾਂਦੀ ਸੀ ਅਤੇ ਕਦੇ ਦੂਸਰੀ ਆ ਜਾਂਦੀ ਸੀ, ਇਸ ਤਰ੍ਹਾਂ ਉਸ ਦੀ ਦਿਨ ਕਟੀ ਹੋ ਰਹੀ ਸੀ। ਜਦੋਂ ਮੈਂ ਉਸ ਨੂੰ ਰਾਤ ਵਾਲੀ ਘਟਨਾ ਦੱਸਣ ਗਈ ਸੀ ਤੇ ਉਸ ਦੀ ਲੜਕੀ ਵੀ ਬੈਠੀ ਸੀ, ਉਸ ਨੇ ਸਾਰੀ ਗੱਲ ਸੁਣੀਂ ਸੀ। ਸਾਰੀ ਗੱਲ ਖਤਮ ਹੋਣ ਤੋਂ ਬਾਅਦ ਉਸ ਨੇ ਮੈਨੂੰ ਦੂਸਰੇ ਕਮਰੇ ਵਿਚ ਲਿਜਾ ਕੇ ਕਿਹਾ ਕਿ ਆਂਟੀ ਤੁਸੀਂ ਮੇਰੇ ਪਾਪਾ ਦੀ ਰੋਟੀ ਬਣਾ ਲਿਆ ਕਰੋ, ਕਦੇ ਤੁਹਾਡਾ ਮੁੰਡਾ ਇਧਰ ਦੇ ਜਾਵੇਗਾ, ਕਦੇ ਪਾਪਾ ਉਧਰ ਜਾ ਕੇ ਖਾ ਆਇਆ ਕਰਨਗੇ। ਮੈਂ ਕਿਹਾ, ਮੈਂ ਸੋਚ ਕੇ ਦੱਸਾਂਗੀ। ਅਗਲੇ ਦਿਨ ਮੈਂ ਉਸ ਨੂੰ ਕਿਹਾ ਕਿ ਇਸ ਘਰ ਵਿਚ ਤਾਂ ਇਹ ਸੰਭਵ ਨਹੀਂ ਹੈ, ਕਿਉਂ ਜੋ ਜੈਲਾ ਪਹਿਲਾਂ ਹੀ ਇਲਜ਼ਾਮ ਲਾ ਚੁੱਕਾ ਹੈ ਕਿ ਮੈਂ ਤੇਰੇ ਪਾਪਾ ਨਾਲ ਰਲੀ ਹੋਈ ਹਾਂ। ਪਰ ਜੇ ਅਸੀਂ ਕਿਤੇ ਹੋਰ ਰਹਿ ਲਈਏ, ਤਾਂ ਇਕੋ ਘਰ ਵਿਚ ਵੀ ਰਹਿ ਸਕਦੇ ਹਾਂ।

ਲੜਕੀ ਨੇ ਆਪਣੇ ਪਾਪਾ ਨਾਲ ਗੱਲ ਕੀਤੀ, ਤਾਂ ਅਸਾਂ ਰਲ ਕੇ ਫੈਸਲਾ ਕੀਤਾ ਕਿ ਉਨ੍ਹਾਂ ਦੇ ਖੇਤਾਂ ਵਿਚ ਘਰ ਪਾ ਕੇ ਇਕੱਠੇ ਰਹਿ ਸਕਦੇ ਹਾਂ। ਤੇ ਮੈਂ ਜੈਲੇ ਤੋਂ ਤਲਾਕ ਲੈ ਲਵਾਂਗੀ ਤੇ ਤਲਾਕ ਛੇਤੀ ਹੀ ਮਿਲ ਜਾਵੇਗਾ, ਕਿਉਂ ਜੋ ਅਸੀਂ ਕਾਫੀ ਸਮੇਂ ਤੋਂ ਵੱਖਰੇ-ਵੱਖਰੇ ਰਹਿੰਦੇ ਹਾਂ। ਵਕੀਲ ਨੂੰ ਮਿਲ ਕੇ ਤਲਾਕ ਦੀ ਅਰਜ਼ੀ ਪਾ ਦਿੱਤੀ ਗਈ। ਸਰਪੰਚ ਨੂੰ ਇਤਲਾਹ ਦੇ ਦਿੱਤੀ। ਖੇਤਾਂ ਵਿਚ ਘਰ ਪਾ ਲਿਆ ਗਿਆ ਤੇ ਮੈਂ ਆਪਣੇ ਨਸੀਬਾਂ ਦਾ ਅਗਲਾ ਵਰਕਾ ਫਰੋਲਣ ਲੱਗੀ ਕਿ ਅੱਗੇ ਸ਼ਾਇਦ ਸੁੱਖਾਂ ਦੀ ਜ਼ਿੰਦਗੀ ਹੋਵੇ ਤੇ ਨਰਕ ਵਿਚੋਂ ਨਿਕਲਿਆ ਜਾ ਸਕੇ।

# ਬੰਦੀਛੋੜ ਦਿਵਸ ’ਤੇ ਸ੍ਰੀ ਅਕਾਲ ਤੱਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਅਕਾਲ ਤਖਤ ਦੀ ਸਫੀਲ ਤੋਂ ਸਿੱਖ ਕੌਮ ਤੇ ਸਿੱਖ ਸਿਆਸਤ ਲਈ ਦਿੱਤਾ ਸੰਦੇਸ਼ ਬਹੁ ਮੰਤਵੀ !!





ਪਿਛਲੇ ਕੁਝ ਸਮੇਂ ਤੋਂ ਜਿਸ ਤਰ੍ਹਾਂ ਦੀ ਹਾਲਤ ਸਿੱਖ ਕੌਮ ਦੇ ਸਿਆਸਤਦਾਨਾਂ ਨੇ ਸਿੱਖ ਕੌਮ ਤੇ ਪੰਜਾਬ ਦੀ ਹਾਲਤ ਬਣਾ ਦਿੱਤੀ ਹੋਈ ਹੈ, ਜਿਸ ’ਤੇ ਕਾਰਵਾਈ ਕਰਦਿਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ 31 ਅਗਸਤ 2024 ਨੂੰ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨਿਆ ਹੋਇਆ ਹੈ, ਜਿਸ ਦੀ ਹਾਲੇ ਤੱਕ ਸਜ਼ਾ ਦੇਣੀ ਸਿੰਘ ਸਾਹਿਬਾਨ ਦੇ ਵਿਚਾਰ ਅਧੀਨ ਹੋਣ ਕਰਕੇ ਸੁਣਾਈ ਨਹੀਂ ਗਈ। ਮੌਜੂਦਾ ਸਿੱਖ ਸਿਆਸਤ ਵੀ ਕਈ ਧੜ੍ਹਿਆਂ ਵਿਚ ਵੀ ਵੰਡੀ ਹੋਈ ਹੈ। ਸ. ਸੁਖਬੀਰ ਸਿੰਘ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਬੰਦੀ ਛੋੜ ਦਿਵਸ ’ਤੇ ਜਿਹੜਾ ਸੰਦੇਸ਼ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਫੀਲ ਤੋਂ ਦਿੱਤਾ ਹੈ। ਉਸ ਨੇ ਸੰਸਾਰ ਭਰ ਵਿਚ ਵਸਦੇ ਸਿੱਖਾਂ ਦੀਆਂ ਅੱਖਾਂ ਜ਼ਰੂਰ ਖੋਲ੍ਹ ਦਿੱਤੀਆਂ ਹਨ। ਸਿੱਖ ਕੌਮ ਜਿਸ ਦਾ ਸਿਧਾਂਤ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਸਾਹਿਬ ਨੇ ਪੰਦਰਵੀਂ ਸਦੀ ਵਿਚ ਕਿਰਤ ਕਰਨ, ਨਾਮ ਜੱਪਣ, ਵੰਡ ਕੇ ਛੱਕਣ ਦਾ ਦਿੱਤਾ ਸੀ, ਜਿਸ ਨੂੰ ਸੰਸਾਰ ਭਰ ਦੇ ਲੋਕਾਂ ਨੇ ਸਲਾਹਿਆ ਹੀ ਨਹੀਂ, ਬਲਕਿ ਮੌਜੂਦਾ ਸਮੇਂ ਵਿਚ ਸੰਸਾਰ ਭਰ ਦੇ ਸਿੱਖਾਂ ਨੇ ਵੱਖ-ਵੱਖ ਖਿੱਤਿਆਂ ਵਿਚ ਇਸ ਸਿਧਾਂਤ ’ਤੇ ਪਹਿਰਾ ਦੇਂਦਿਆਂ ਆਪਣੇ ਨਿਵੇਕਲੇ ਤੇ ਪ੍ਰਸ਼ੰਸਾਜਨਕ ਕੰਮ ਕਰਨ ਕਰਕੇ ਵੱਡੇ-ਵੱਡੇ ਸਨਮਾਨ ਹਾਸਲ ਕਰਕੇ ਆਪਣੇ ਨਾਂ ਰੌਸ਼ਨ ਕੀਤੇ ਹਨ। ਪਰ ਜਿਸ ਫਲਸਫੇ ਦਾ ਧੁਰਾ ਪੰਜਾਬ ਹੈ, ਜਿਥੇ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੀ ਨੀਂਹ ਰੱਖਣ ਦੇ ਨਾਲ ਦਸਮ ਪਾਤਸ਼ਾਹ ਨੇ ਸੰਨ 1999 ਦੀ ਵਿਸਾਖੀ ਵਾਲੇ ਦਿਨ ‘ਖਾਲਸਾ ਪੰਥ’ ਦੀ ਸਾਜਨਾ ਕੀਤੀ ਸੀ। ਉਸੇ ਪੰਜਾਬ ਜਿਸ ਨੂੰ ਕਿਸੇ ਸਮੇਂ ਸਪਤ ਸਿੰਧੂ ਦਾ ਨਾਂ ਵੀ ਦਿੱਤਾ ਜਾਂਦਾ ਸੀ, ਜਿਹੜਾ ਸਮੇਂ-ਸਮੇਂ ਦੀਆਂ ਹਕੂਮਤਾਂ ਦਾ ਸ਼ਿਕਾਰ ਹੁੰਦਾ ਰਿਹਾ, ਜਿਸ ਨੇ ਕਈ ਪੜਾਵਾਂ ਵਿਚੋਂ ਗੁਜ਼ਰਦਿਆਂ ਪਹਿਲਾਂ ਕਈ ਹਿਸਿਆਂ ਵਿਚ ਵੰਡੇ ਜਾਣ ਤੋਂ ਬਾਅਦ ਸੰਨ 1947 ਵਿਚ ਭਾਰਤ ਪਾਕਿ ਵੰਡ ਦੌਰਾਨ ਦਸ ਲੱਖ ਦੇ ਕਰੀਬ ਪੰਜਾਬੀਆਂ ਦੀਆਂ ਅਜਾਈਂ ਜਾਨਾਂ ਗਵਾ ਦੇਣ ਉਪਰੰਤ ਨਵੰਬਰ 1966 ਵਿਚ ਕੇਂਦਰ ਸਰਕਾਰ ਵਲੋਂ ਬਿਨਾ ਕਿਸੇ ਵਲੋਂ ਮੰਗਿਆਂ ਪਹਿਲਾਂ ਹਰਿਆਣਾ ਬਣਾ ਦੇਣ ਤੇ ਫਿਰ ਹਿਮਾਚਲ ਸਮੇਤ ਹਰਿਆਣੇ ਵਿਚ ਪੰਜਾਬੀ ਬੋਲਦੇ ਇਲਾਕੇ ਗਵਾਉਣ ਉਪਰੰਤ ਸ਼ੰਭੂ ਬਾਰਡਰ ਤੋਂ ਉਰੇ-ਉਰੇ ਸਿਮਟ ਕੇ ਰਹਿ ਗਿਆ ਪੰਜਾਬ ਅੱਜ ਵੀ ਕਈ ਪੱਖੋਂ ਉਲਝਿਆ ਹੋਇਆ ਹੈ। ਉਸ ਕੋਲੋਂ ਆਪਣੀ ਰਾਜਧਾਨੀ ਚੰਡੀਗੜ੍ਹ ਖੋਹ ਲਈ, ਨਾ ਉਨ੍ਹਾਂ ਕੋਲ ਪਾਣੀ ਰਹਿਣ ਦਿੱਤਾ ਗਿਆ ਤੇ ਨਾ ਹੀ ਡੈਮ, ਕੇਂਦਰ ਨੇ ਇਹ ਸਾਰਾ ਕੁਝ ਆਪਣੇ ਕੋਲ ਰੱਖ ਕੇ ਪੰਜਾਬ ਦੇ ਲੋਕਾਂ ਨਾਲ ਵੱਡਾ ਅਨਿਆਂ ਕੀਤਾ ਜਾਂਦਾ ਆ ਰਿਹਾ ਹੈ। ਪੰਜਾਬ ਵਿਰੋਧੀਆਂ ਨੇ ਇਸ ਦੀ ਹਾਲਤ ਨੂੰ ਖਰਾਬ ਕਰਨ ਦੇ ਨਾਲ ਤਰਸਯੋਗ ਵੀ ਬਣਾ ਦਿੱਤੀ ਹੈ। ਪਰ ਦੁੱਖ ਦੀ ਗੱਲ ਹੈ ਕਿ ਆਪਣਿਆਂ ਨੇ ‘ਅਕਾਲੀ ਪਾਰਟੀ’ ਦੀ ਸਰਕਾਰ ਜਿਸ ਦੀ ਅਗਵਾਈ ਪੰਜਾਬ ਦੇ ਪੰਜ ਵਾਰ ਦੇ ਰਹੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਤੇ ਪੰਜਾਬ ਦੀ ਨੌਜੁਆਨੀ ਦੀ ਅੱਖੋਂ ਪਰੋਖੇ ਕਰਨ ਤੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਕਰਨ ਦੇ ਸਾਰੇ ਅਸੂਲਾਂ ਨੂੰ ਛਿੱਕੇ ਟੰਗ ਕੇ ਭਾਜਪਾ ਅੱਗੇ ਗੋਡੇ ਟੇਕੀ ਰੱਖੇ ਸਨ, ਨੇ ਵੀ ਪੰਜਾਬ ਦੀ ਸਰਬਪੱਖੀ ਹਾਲਤ ਨੂੰ ਖਰਾਬ ਕਰਨ ਵਿਚ ਕਿਸੇ ਤਰ੍ਹਾਂ ਦੀ ਕਸਰ ਨਹੀਂ ਛੱਡੀ। ਰਹਿੰਦੀ-ਖੂੰਹਦੀ ਕਸਰ ਉਨ੍ਹਾਂ ਨੇ ਆਪਣੇ ਪੁੱਤਰ ਸ. ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਬਣਾ ਕੇ ਪੂਰੀ ਕਰ ਦਿੱਤੀ। ਉਨ੍ਹਾਂ ਨੇ ਆਪਣੇ ਦਸ ਸਾਲ ਦੇ ਰਾਜਕਾਲ ਵਿਚ ਕਈ ਹੋਰ ਅਜਿਹੇ ਸਿੱਖ ਤੇ ਪੰਥ ਵਿਰੋਧੀ ਕੰਮ ਕੀਤੇ, ਜਿਸ ਦਾ ਨਤੀਜਾ ਅੱਜ ਭਾਵੇਂ ਸ. ਪ੍ਰਕਾਸ਼ ਸਿੰਘ ਬਾਦਲ ਸਿੰਘ ਜਹਾਨ ਵਿਚ ਨਹੀਂ ਰਹੇ, ਉਨ੍ਹਾਂ ਦੀ ਅਣਹੋਂਦ ਵਿਚ ਉਨ੍ਹਾਂ ਦਾ ਸਪੁੱਤਰ ਜਿਹੜਾ ਕਿ ਬਰਾਬਰ ਦਾ ਦੋਸ਼ੀ ਹੈ, ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਉਸ ਨੂੰ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ। ਉਨ੍ਹਾਂ ਵਲੋਂ ਕੀਤੇ ਅਪਰਾਧਾਂ ਦੀ ਕਿਹੋ ਜਿਹੀ ਸਜ਼ਾ ਮਿਲ ਸਕਦੀ ਹੈ, ਉਸ ਦਾ ਖੁਲਾਸਾ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਪਣੇ ਸੰਦੇਸ਼ ਵਿਚ ਅਗਾਊਂ ਵਿਚ ਕਰ ਦਿੱਤਾ ਹੈ। ਜੇਕਰ ਸਿੱਖ ਸਿਆਸਤ ’ਤੇ ਪੰਛੀ ਝਾਤ ਮਾਰੀਏ, ਤਾਂ ਪ੍ਰਤੱਖ ਝਲਕ ਮਿਲ ਜਾਵੇਗੀ ਕਿ ਜਦੋਂ ਵੀ ਸਿੱਖ ਸਿਆਸਤ ਵਿਚ ਗਿਰਾਵਟ ਆਉਣੀ ਸ਼ੁਰੂ ਹੋਈ, ਸਿੱਖ ਕੌਮ ਦੇ ਜਥੇਦਾਰਾਂ ਨੇ ਉਸ ਨੂੰ ਠੀਕ ਕਰਨਾ ਚਾਹਿਆ ਪਰ ਇਸ ਦੇ ਵੱਡੇ ਆਗੂਆਂ ਨੇ ਉਸ ਨੂੰ ਪ੍ਰਵਾਨ ਨਹੀਂ ਕੀਤਾ ਗਿਆ, ਜਿਸ ਦੀ ਉਦਾਹਰਣ ਸਾਲ 1987 ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਸ ਵੇਲੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਪ੍ਰੋ. ਦਰਸ਼ਨ ਸਿੰਘ ਸਨ, ਨੇ ਅਕਾਲੀ ਦੱਲ ਦਾ ਨਵਾਂ ਏਜੰਡਾ ਲਿਖ ਦਿੱਤਾ ਸੀ ਕਿ ਇਸ ਦਾ ਵਿਧੀ ਦਾ ਵਿਧਾਨ ਕੀ ਹੋਵੇ। ਪਰ ਉਸ ਦਾ ਵਿਰੋਧ ਵੀ ਉਸ ਵੇਲੇ ਦੇ ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਕਰ ਦਿੱਤਾ। ਇਸੇ ਤਰ੍ਹਾਂ 1994 ਵਿਚ ਜਦੋਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਸਨ, ਉਨ੍ਹਾਂ ਨੇ “ਅੰਮ੍ਰਿਤਸਰ ਐਲ਼ਾਨ ਨਾਮਾ” ਲਿਖਿਆ, ਜਿਸ ਨੂੰ ਅਕਾਲੀ ਦਲ ਦੇ ਸਾਰੇ ਧੜ੍ਹਿਆਂ ਨੇ ਇਕੱਠੇ ਹੋਣਾ ਪ੍ਰਵਾਨ ਕਰ ਲਿਆ ਪਰ ਉਸ ਵੇਲੇ ਵੀ ਬਾਦਲ ਅਕਾਲੀ ਦਲ ਨੇ ਏਕਤਾ ਤੋਂ ਮੂੰਹ ਮੋੜ ਲਿਆ, ਜਿਸ ਦਾ ਅਸਰ ਇਹ ਹੋਇਆ ਕਿ ਸਾਰੇ ਅਕਾਲੀ ਤੇ ਪੰਥਕ ਦਲਾਂ ਵਿਚ ਏਕਤਾ ਹੁੰਦੀ ਹੁੰਦੀ ਰਹਿ ਗਈ। ਬਾਦਲਾਂ ਦੀਆਂ ਮਨਮਾਨੀਆਂ ਤੇ ਭਾਜਪਾ ਦੀਆ ਪੰਥ ਵਿਰੋਧੀ ਨੀਤੀਆਂ ਕਾਰਨ ਅਕਾਲੀ ਦਲ ਬਾਦਲ ਦੀ ਜੋ ਹਾਲਤ ਸਿੱਖ ਪੰਥ ਨੇ ਬਣਾ ਦਿੱਤੀ ਹੈ ਕਿ ਉਸ ਨੇ ਸ. ਬਾਦਲ ਵਲੋਂ ‘ਅਕਾਲੀ’ ਦਲ ਦੀ ਥਾਂ ’ਤੇ ਬਣਾਈ ‘ਪੰਜਾਬੀ ਪਾਰਟੀ’ ਨੂੰ ਮੂਲੋਂ ਰੱਦ ਕਰ ਦਿੱਤਾ ਹੈ। ਇਸੇ ਪਾਰਟੀ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਿਰਫ ਤਿੰਨ ਸੀਟਾਂ ਹੀ ਹਾਸਲ ਹੋਈਆਂ ਹਨ, ਜੋ ਇਸ ਵੇਲੇ ਸਿਮਟ ਕੇ ਇਕ ਸੀਟ ’ਤੇ ਹੀ ਰਹਿ ਗਈ ਦੱਸੀ ਜਾ ਰਹੀ ਹੈ। ਇਸ ਦਾ ਮੁੱਖ ਕਾਰਨ ਸਿੱਖ ਆਗੂ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਮੂਲੋਂ ਤਿਆਗ ਕੇ ਨਿਰੀ ਗੱਦੀ ਨਾਲ ਚਿੰਬੜੇ ਰਹਿਣ ਤੇ ਧੰਨ ਕਮਾਉਣ ਨੂੰ ਹੀ ਤਰਜੀਹ ਦੇਣ ਲੰਗ ਪਏ ਹਨ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਦੇਸ਼ ਵਿਚ ਕਿੰਨੇ ਹੀ ਅਕਾਲ਼ੀ ਦਲ ਕੰਮ ਕਰ ਰਹੇ ਹਨ ਪਰ ਕਿਸੇ ਨੂੰ ਵੀ ਨਾ ਤਾਂ ਆਪਣੀ ਕੌਮ ਨਾਲ ਹਿੱਤ ਹੈ ਤੇ ਨਾ ਹੀ ਪੰਜਾਬ ਨਾਲ। ਜੇ ਹਿੱਤ ਹੈ, ਤਾਂ ਸਿਰਫ ਗੱਦੀਆਂ ਨਾਲ ਚਿੰਬੜੇ ਰਹਿਣ ਨਾਲ ਹੈ। ਮੌਜੂਦਾ ਦੇਸ਼ ਦੀ ਹਿੰਦੂਤਵੀ ਮੋਦੀ ਸਰਕਾਰ ਨੇ ਮੁਸਲਮਾਨਾਂ ਨੂੰ ਮਿਲੀ ਧਾਰਾ 370 ਤੇ 35 ਏ ਦੀ ਵਿਸ਼ੇਸ਼ ਸਹੂਲਤਾਂ ਨੂੰ ਖਤਮ ਕਰਕੇ ਉਨ੍ਹਾਂ ਨੂੰ ਇਕ ਤਰ੍ਹਾਂ ਦਾ ਸਬਕ ਸਿਖਾ ਦਿੱਤਾ ਹੈ। ਭਾਵੇਂ ਉਨ੍ਹਾਂ ਦੀ ਦੇਸ਼ ਵਿਚ 20 ਕਰੋੜ ਤੋਂ ਵਧੇਰੇ ਦੀ ਆਬਾਦੀ ਹੋਣ ਦੇ ਨਾਲ ਸੰਸਾਰ ਵਿਚ ਮੁਸਲਮਾਨਾਂ ਦੇ ਦੋ ਦਰਜਨ ਤੋਂ ਵੱਧ ਦੇਸ਼ ਹੁੰਦੇ ਹੋਏ ਵੀ ਉਹ ਆਪਣੇ ਪ੍ਰਾਂਤ ‘ਜੰਮੂ ਕਸ਼ਮੀਰ’ ਨੂੰ ਨਹੀਂ ਬਚਾ ਸਕੇ, ਉਸ ਦਾ ਕਾਰਨ ਵੀ ਉਨ੍ਹਾਂ ਦਾ ਅਕਾਲੀਆਂ ਵਾਂਗੂੰ ਇਕਜੁੱਟ ਨਾ ਹੋ ਕੇ ਇਕੱਲੇ-ਇਕੱਲੇ ਵੱਖ-ਵੱਖ ਪਾਰਟੀਆਂ ਵਿਚ ਵੰਡੇ ਰਹਿਣਾ ਹੈ। ਜੇਕਰ ਮੁਸਲਮਾਨ ਇਕੱਠੇ ਰਹਿੰਦੇ ਤੇ ਕੁਝ ਧੜੇ ਭਾਜਪਾ ਦੀ ਝੋਲੀ ਨਾ ਚੁੱਕਦੇ, ਤਾਂ ਸ਼ਾਇਦ ਉਨ੍ਹਾਂ ਦੀ ਇਹ ਹਾਲਤ ਨਾ ਹੁੰਦੀ। ਇਹ ਹੀ ਕੁਝ ਭਾਜਪਾ ਵਲੋਂ ਪੰਜਾਬ ਤੇ ਸਿੱਖਾਂ ਨਾਲ ਕੀਤਾ ਜਾ ਰਿਹਾ ਹੈ। ਭਾਜਪਾ ਸਿੱਖ ਧਰਮ ਨੂੰ ਖਤਮ ਕਰਕੇ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣ ਵੱਲ ਬੜੀ ਤੇਜ਼ੀ ਨਾਲ ਵੱਧ ਰਹੀ ਹੈ। ਉਸ ਨੇ ਸਿੱਖ ਗੁਰਦੁਆਰਿਆਂ, ਵਿਦਿਅਕ ਅਦਾਰਿਆਂ ਤੇ ਹੋਰ ਸਿੱਖ ਸੰਸਥਾਵਾਂ ਵਿਚ ਸਿੱਖੀ ਭੇਸ ਵਿਚ ਘੁਸਪੈਠ ਕਰ ਲਈ ਦੱਸੀ ਜਾਂਦੀ ਹੈ। ਇਸ ਹਾਲਤ ਵਿਚ ਵੀ ਜੇ ਅਕਾਲੀ ਦਲ ਇਕੱਠੇ ਨਾ ਹੋ ਕੇ ਆਪਣਾ ਵੱਖਰਾ-ਵੱਖਰਾ ਰਾਗ ਅਲਾਪਦੇ ਆ ਰਹੇ ਹਨ, ਉਨ੍ਹਾਂ ਦੀ ਹਾਲਤ ਵੀ ਮੁਸਲਮਾਨਾਂ ਤੋਂ ਵੀ ਕਿਤੇ ਵਧੇਰੇ ਬਦਤਰ ਬਣਾ ਦਿੱਤੀ ਜਾਵੇਗੀ, ਜਿਸ ਕਾਰਨ ਸਿੱਖਾਂ ’ਤੇ ਪੰਜਾਬ ਦੀ ਕੋਈ ਵੀ ਮੰਗ ਨੂੰ ਵੀ ਪ੍ਰਵਾਨ ਨਹੀਂ ਕਰੇਗੀ। ਹੁਣ ਤੱਕ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਵਾ ਸਕਣ ਦਾ ਕਾਰਨ ਸਿੱਖ ਪੰਥ ਦਾ ਇਕੱਠੇ ਰੱਲ ਕੇ ਕੋਈ ਸੰਘਰਸ਼ ਕਰਨ ਦੀ ਥਾਂ ’ਤੇ ਬਿਆਨਾਂ ਤੱਕ ਸੀਮਤ ਹੋ ਕੇ ਰਹਿ ਜਾਣਾ ਹੈ। ਉਸ ਸਮੇਂ ਨੂੰ ਯਾਦ ਕਰਨ ਦੀ ਲੋੜ ਹੈ ਕਿ ਜਦੋਂ ਸਿੱਖ ਕੌਮ ਕਾਫੀ ਹੱਦ ਤੱਕ ਇਕੱਠੀ ਹੁੰਦੀ ਸੀ ਅਤੇ ਉਹ ਕੋਈ ਮੋਰਚਾ ਲਗਾਉਂਦੇ ਸਨ ਜਾਂ ਕੋਈ ਅਖਬਾਰੀ ਬਿਆਨ ਦੇਂਦੇ ਸਨ, ਦਿੱਲੀ ਤੱਕ ਦੀ ਹਕੂਮਤ ਕੰਬ ਜਾਂਦੀ ਸੀ। ਅੱਜ ਉਸ ਦੀ ਇਹ ਹਾਲਤ ਬਣ ਗਈ ਹੈ ਕਿ ਜ਼ਿਲੇ ਦਾ ਡੀ.ਸੀ. ਵੀ ਉਨ੍ਹਾਂ ਨੂੰ ਮਿਲਣ ਦਾ ਸਮਾਂ ਨਹੀਂ ਦੇਂਦਾ, ਇਸ ਤੋਂ ਮਾੜੀ ਹਾਲਤ ਕੌਮ ਦੀ ਹੋਰ ਕੀ ਹੋ ਸਕਦੀ ਹੈ? ਸਿੰਘ ਸਾਹਿਬ ਦਾ ਸੰਦੇਸ਼ ਇਹ ਪ੍ਰਗਟਾਵਾ ਕਰ ਰਿਹਾ ਹੈ, ਜਿਵੇਂ ਉਹ ਦਿਲੀ ਚਾਹੁੰਦੇ ਹਨ ਕਿ ਸਾਰੇ ਅਕਾਲੀ ਦਲਾਂ ਤੇ ਪੰਥ ਦੀਆ ਹੋਰ ਸਫਾਂ ਸਭ ਨੂੰ ਇਕੱਠਿਆਂ ਕਰਕੇ ਉਨ੍ਹਾਂ ਦੀ ਖੁੱਸ ਚੁੱਕੀ ਹੋਂਦ ਨੂੰ ਕਾਇਮ ਕੀਤਾ ਜਾਵੇ। ਇਸ ਸਮੇਂ ਸਿੰਘ ਸਾਹਿਬਾਨ ਦੀ ਵੱਡੀ ਜ਼ਿੰਮੇਵਾਰੀ ਹੈ ਕਿ ਤਨਖਾਹੀਆ ਕਰਾਰ ਦਿੱਤੇ ਦੋਸ਼ੀ ਸ. ਸੁਖਬੀਰ ਸਿੰਘ ਬਾਦਲ ਨੂੰ ਮਿਸਾਲੀ ਸਜ਼ਾ ਦੇਣ। ਉਨ੍ਹਾਂ ਨੂੰ ਚਾਹੀਦਾ ਹੈ ਕਿ ਅਕਾਲੀ ਦਲ ਦੇ ਸਾਰੇ ਧੜ੍ਹਿਆਂ, ਪੰਥਕ ਦਲਾਂ ਦੇ ਆਗੂਆਂ, ਸਿੱਖ ਬੁੱਧੀਜੀਵੀਆਂ, ਚਿੰਤਕਾਂ, ਸਿੱਖ ਸੰਪ੍ਰਦਾਵਾਂ ਦੀ ਮੀਟਿੰਗ ਬੁਲਾ ਕੇ ਸਰਬ ਪ੍ਰਵਾਨਤ ਰਾਏ ਬਣਾਉਣ ਤਾਂ ਕਿ ਸਿੱਖ ਕੌਮ ਦਾ ਮਜ਼ਬੂਤ ਏਕਾ ਉਸਾਰ ਸਕੇ, ਤਾਂ ਹੀ ਸਿੱਖ ਕੌਮ ਦੇ ਨਾਲ, ਪੰਜਾਬ ਦੀ ਸਿਆਸਤ ਨੂੰ ਰਾਹੇ ਪਾਇਆ ਜਾ ਸਕਦਾ ਹੈ। ਇਹ ਸਭ ਕੁਝ ਹੁਣ ਭਵਿੱਖੀ ਸਮੇਂ ਦੇ ਗਰਭ ਵਿਚ ਸਮਾਇਆ ਹੋਇਆ ਹੈ।

**ਉਸੇ ਪੰਜਾਬ ਜਿਸ ਨੂੰ ਕਿਸੇ ਸਮੇਂ ਸਪਤ ਸਿੰਧੂ ਦਾ ਨਾਂ ਵੀ ਦਿੱਤਾ ਜਾਂਦਾ ਸੀ, ਜਿਹੜਾ ਸਮੇਂ-ਸਮੇਂ ਦੀਆਂ ਹਕੂਮਤਾਂ ਦਾ ਸ਼ਿਕਾਰ ਹੁੰਦਾ ਰਿਹਾ, ਜਿਸ ਨੇ ਕਈ ਪੜਾਵਾਂ ਵਿਚੋਂ ਗੁਜ਼ਰਦਿਆਂ ਪਹਿਲਾਂ ਕਈ ਹਿਸਿਆਂ ਵਿਚ ਵੰਡੇ ਜਾਣ ਤੋਂ ਬਾਅਦ ਸੰਨ 1947 ਵਿਚ ਭਾਰਤ ਪਾਕਿ ਵੰਡ ਦੌਰਾਨ ਦਸ ਲੱਖ ਦੇ ਕਰੀਬ ਪੰਜਾਬੀਆਂ ਦੀਆਂ ਅਜਾਈਂ ਜਾਨਾਂ ਗਵਾ ਦੇਣ ਉਪਰੰਤ ਨਵੰਬਰ 1966 ਵਿਚ ਕੇਂਦਰ ਸਰਕਾਰ ਵਲੋਂ ਬਿਨਾ ਕਿਸੇ ਵਲੋਂ ਮੰਗਿਆਂ ਪਹਿਲਾਂ ਹਰਿਆਣਾ ਬਣਾ ਦੇਣ ਤੇ ਫਿਰ ਹਿਮਾਚਲ ਸਮੇਤ ਹਰਿਆਣੇ ਵਿਚ ਪੰਜਾਬੀ ਬੋਲਦੇ ਇਲਾਕੇ ਗਵਾਉਣ ਉਪਰੰਤ ਸ਼ੰਭੂ ਬਾਰਡਰ ਤੋਂ ਉਰੇ-ਉਰੇ ਸਿਮਟ ਕੇ ਰਹਿ ਗਿਆ ਪੰਜਾਬ ਅੱਜ ਵੀ ਕਈ ਪੱਖੋਂ ਉਲਝਿਆ ਹੋਇਆ ਹੈ। ਉਸ ਕੋਲੋਂ ਆਪਣੀ ਰਾਜਧਾਨੀ ਚੰਡੀਗੜ੍ਹ ਖੋਹ ਲਈ, ਨਾ ਉਨ੍ਹਾਂ ਕੋਲ ਪਾਣੀ ਰਹਿਣ ਦਿੱਤਾ ਗਿਆ ਤੇ ਨਾ ਹੀ ਡੈਮ, ਕੇਂਦਰ ਨੇ ਇਹ ਸਾਰਾ ਕੁਝ ਆਪਣੇ ਕੋਲ ਰੱਖ ਕੇ ਪੰਜਾਬ ਦੇ ਲੋਕਾਂ ਨਾਲ ਵੱਡਾ ਅਨਿਆਂ ਕੀਤਾ ਜਾਂਦਾ ਆ ਰਿਹਾ ਹੈ।**

# ਕਾਸ਼ ! ਸਾਡੀਆਂ ਲਾਇਬ੍ਰੇਰੀਆਂ ਵੀ ਅਮਰੀਕੀ ਲਾਇਬ੍ਰੇਰੀਆਂ ਵਾਂਗ ਗਿਆਨ ਦਾ ਭੰਡਾਰ ਹੋਣ

-ਡਾ. ਚਰਨਜੀਤ ਸਿੰਘ ਗੁਮਟਾਲਾ
ਡੇਟਨ ਓਹਾਇਓ, ਯੂ.ਐੱਸ.ਏ.
001-937-573-9812
ਵਟਸ ਐਪ: 91-94175-33060
gumtalacs@gmail.com
ਪੰਜਾਬ ਮੇਲ USA



ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਦੁਨੀਆਂ ਦੇ ਬੁੱਧੀਜੀਵੀਆਂ ਨੇ ਜਨਤਕ ਲਾਇਬ੍ਰੇਰੀਆਂ ਦੀ ਸ਼ੁਰੂਆਤ ਕੀਤੀ। ਇੰਗਲੈਂਡ ਵਿਚ 1608 ਵਿਚ ਨਾਰਵਿਚ ਲਾਇਬ੍ਰੇਰੀ ਅਤੇ ਅਮਰੀਕਾ ਵਿਚ 1636 ਵਿਚ ਬੋਸਟਨ ਵਿਚ ਜਨਤਕ ਲਾਇਬ੍ਰੇਰੀ ਸਥਾਪਤ ਕੀਤੀ ਗਈ। ਵੱਡੀ ਪੱਧਰ 'ਤੇ ਜਨਤਕ ਲਾਇਬ੍ਰੇਰੀਆਂ ਸਥਾਪਤ ਕਰਨ ਦੀ ਲਹਿਰ ਇੰਗਲੈਂਡ ਵਿਚ 19ਵੀਂ ਸਦੀ ਦੇ ਅੱਧ ਵਿਚ ਸ਼ੁਰੂ ਹੋਈ, ਜਦ ਯੂਰਪ ਵਿਚ ਇਨਕਲਾਬ ਆਇਆ। ਅਮਰੀਕਾ ਵਿਚ ਐਂਡਰੀਊ ਕਾਰਨੇਗੀ ਫਾਊਂਡੇਸ਼ਨ ਨੇ ਜਨਤਕ ਲਾਇਬ੍ਰੇਰੀਆਂ ਕਾਇਮ ਕਰਨ ਲਈ ਵੱਡਾ ਯੋਗਦਾਨ ਪਾਇਆ। ਇਸ ਸੰਸਥਾ ਨੇ 1900 ਤੋਂ 1917 ਤੱਕ 1700 ਦੇ ਕਰੀਬ ਜਨਤਕ ਲਾਇਬ੍ਰੇਰੀਆਂ ਕਾਇਮ ਕੀਤੀਆਂ। ਇਸ ਸਮੇਂ ਅਮਰੀਕਾ ਵਿਚ 123627 ਲਾਇਬ੍ਰੇਰੀਆਂ ਹਨ। ਇਨ੍ਹਾਂ ਵਿਚੋਂ 17248 ਪਬਲਿਕ ਲਾਇਬ੍ਰੇਰੀਆਂ ਹਨ। ਸਕੂਲਾਂ ਵਿਚ 105451 ਲਾਇਬ੍ਰੇਰੀਆਂ ਹਨ, ਜਿਨ੍ਹਾਂ ਵਿਚੋਂ 82300 ਪਬਲਿਕ ਸਕੂਲਾਂ ਵਿਚ ਤੇ 22991 ਪ੍ਰਾਈਵੇਟਾਂ ਸਕੂਲਾਂ ਵਿਚ ਹਨ।

ਅਮਰੀਕਾ ਵਿਚ 12ਵੀਂ ਜਮਾਤ ਤੀਕ ਸਕੂਲਾਂ ਵਿਚ ਪੜ੍ਹਾਈ ਮੁਫ਼ਤ ਹੈ, ਇਨ੍ਹਾਂ ਨੂੰ ਪਬਲਿਕ ਸਕੂਲ ਕਿਹਾ ਜਾਂਦਾ ਹੈ। ਘਰਾਂ ਵਿਚ ਬੱਸਾਂ ਬੱਚਿਆਂ ਨੂੰ ਲੈਣ ਆਉਂਦੀਆ ਹਨ ਤੇ ਇਨ੍ਹਾਂ ਲਈ ਕੋਈ ਕਿਰਾਇਆ ਨਹੀਂ ਲਿਆ ਜਾਂਦਾ।

ਜਿੱਥੋਂ ਤੀਕ ਇਨ੍ਹਾਂ ਦੀ ਮਹਾਨਤਾ ਦਾ ਸਬੰਧ ਹੈ, ਅਮਰੀਕਾ ਵਿਚ ਹਰ ਸਾਲ ਕੌਮੀ ਲਾਇਬ੍ਰੇਰੀਆਂ ਹਫ਼ਤਾ ਮਨਾਇਆ ਜਾਂਦਾ ਹੈ। ਅਮਰੀਕੀ ਲਾਇਬ੍ਰੇਰੀ ਐਸੋਸੀਏਸ਼ਨ ਹਰ ਸਾਲ ਅਮਰੀਕੀ ਲਾਇਬ੍ਰੇਰੀਆਂ ਦੀ ਸਥਿਤੀ ਬਾਰੇ ਰਿਪੋਰਟ ਜਾਰੀ ਕਰਦੀ ਹੈ। ਐਸੋਸੀਏਸ਼ਨ ਦੀ ਪ੍ਰਧਾਨ ਐਮਿਲੀ ਡਰਾਬਿਨਸਕੀ ਨੇ 2023 ਦੀ ਰਿਪੋਰਟ ਜਾਰੀ ਕਰਦਿਆਂ ਲਾਇਬ੍ਰੇਰੀਅਨਾਂ ਨੂੰ ਯਾਦ ਕਰਵਾਇਆ ਕਿ ਲਾਇਬ੍ਰੇਰੀਆਂ ਬਹੁਤ ਚੰਗਾ ਕੰਮ ਕਰ ਰਹੀਆਂ ਹਨ। ਸਾਨੂੰ ਸਾਰਿਆਂ ਨੂੰ ਮਿਲਕੇ ਇਸ ਸੰਸਾਰ ਨੂੰ ਚੰਗਾ ਬਨਾਉਣ ਲਈ ਕੰਮ ਕਰਦੇ ਰਹਿਣਾ ਚਾਹੀਦਾ ਹੈ। ਲੋਕਾਂ ਦੀ ਬਹੁਤ ਵੱਡੀ ਗਿਣਤੀ ਲਾਇਬ੍ਰੇਰੀਆਂ ਨੂੰ ਪਿਆਰ ਕਰਦੀ ਹੈ। ਇਸ ਲਈ ਸਾਨੂੰ ਪਾਠਕਾਂ ਦੀ ਦਿਲਚਸਪੀ ਨੂੰ ਹੋਰ ਉਤਸ਼ਾਹਿਤ ਕਰਨ ਲਈ ਯਤਨ ਜਾਰੀ ਰੱਖਣੇ ਚਾਹੀਦੇ ਹਨ।

ਇਥੇ ਦੱਸਣਯੋਗ ਹੈ ਕਿ ਅਮਰੀਕਾ ਵਿਚ ਹਰ ਸ਼ਹਿਰ ਵਿਚ ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬ੍ਰੇਰੀਆਂ ਹਨ। ਤੁਸੀਂ 72 ਕਿਤਾਬਾਂ ਇੱਕ ਸਮੇਂ ਕਢਾ ਸਕਦੇ ਹੋ। ਹਰੇਕ ਕਿਤਾਬ 23 ਦਿਨ ਲਈ ਜਾਰੀ ਕੀਤੀ ਜਾਂਦੀ ਹੈ। ਇਨ੍ਹਾਂ ਨੂੰ ਮੁੜ ਜਾਰੀ ਕਰਵਾ ਸਕਦੇ ਹੋ। ਘਰ ਬੈਠੇ ਇੰਟਰਨੈੱਟ 'ਤੇ ਲਾਇਬ੍ਰੇਰੀ ਦੀ ਵੈਬਸਾਈਟ ਖੋਲ੍ਹ ਕੇ ਆਪਣਾ ਲਾਇਬ੍ਰੇਰੀ ਕਾਰਡ ਨੰਬਰ ਭਰ ਕੇ ਜਿਸ ਵਿਸ਼ੇ ਜਾਂ ਜਿਸ ਲੇਖਕ ਦੀ ਕਿਤਾਬ ਚਾਹੀਦੀ ਹੈ, ਉਹ ਲਾਇਬ੍ਰੇਰੀ ਦੀ ਵੈੱਬਸਾਈਟ ਉਪਰ ਲਭੋ (ਸਰਚ) ਕਰੋ, ਉਹ ਪੁਸਤਕਾਂ ਕਿੱਥੇ ਹਨ, ਉਹ ਪਤਾ ਲੱਗਾ ਜਾਂਦਾ ਹੈ। ਤੁਸੀਂ ਉਨ੍ਹਾਂ ਨੂੰ ਚੁਣ ਲਉ। ਕੁਝ ਦਿਨਾਂ ਪਿੱਛੋਂ ਜਿਵੇਂ ਕਿਤਾਬ ਲਾਇਬ੍ਰੇਰੀ ਪੁੱਜੇਗੀ, ਤੁਹਾਨੂੰ ਈ-ਮੇਲ ਰਾਹੀਂ ਪਤਾ ਲੱਗ ਜਾਵੇਗਾ ਕਿ ਕਿਤਾਬ ਆ ਗਈ ਹੈ।

ਲਾਇਬ੍ਰੇਰੀ ਵਿਚ ਬਹੁਤ ਹੀ ਜ਼ਰੂਰੀ ਕਿਤਾਬਾਂ ਹੁੰਦੀਆਂ ਹਨ। ਜ਼ਿਆਦਾਤਰ ਰਸਾਲੇ, ਅਖਬਾਰਾਂ, ਵੀਡੀਓ ਹੁੰਦੀਆਂ ਹਨ। ਕਿਤਾਬਾਂ ਕਾਲਜਾਂ ਤੋਂ ਮੰਗਵਾ ਕੇ ਦੇਂਦੇ ਹਨ। ਸੂਬੇ ਦੇ ਜਿੰਨੇ ਕਾਲਜ ਹਨ, ਉਹ ਲਾਇਬ੍ਰੇਰੀਆਂ ਨਾਲ ਇੰਟਰਨੈੱਟ ਰਾਹੀਂ ਜੁੜੇ ਹੋਏ ਹਨ। ਜਦੋਂ ਤੁਸੀਂ ਲਭੋਗੇ ਤਾਂ ਤੁਹਾਡੇ ਲੈਪਟਾਪ 'ਤੇ ਤੁਹਾਨੂੰ ਕਿਤਾਬ ਦਾ ਵੇਰਵਾ ਜਿਵੇਂ ਕਿਤਾਬ ਦਾ ਨਾਂ, ਲੇਖਕ, ਪ੍ਰਕਾਸ਼ਿਕ, ਛੱਪਣ ਦਾ ਵਰ੍ਹਾ ਤੇ ਕਾਲਜ ਦਾ ਨਾਂ ਆ ਜਾਵੇਗਾ। ਬੱਸ ਤੁਸੀਂ ਵੈੱਬਸਾਈਟ 'ਤੇ ਕਲਿੱਕ ਕਰਨਾ ਹੈ, ਕਿਤਾਬ ਤੁਹਾਡੇ ਖ਼ਾਤੇ ਵਿਚ ਆ ਜਾਣੀ ਹੈ। ਇਸ ਤਰ੍ਹਾਂ ਤੁਸੀਂ ਵੱਖ-ਵੱਖ ਕਿਤਾਬਾਂ ਲੱਭ ਸਕਦੇ ਹੋ। ਲਾਇਬ੍ਰੇਰੀ ਕਾਰਡ ਦੀ ਕੋਈ ਫ਼ੀਸ ਨਹੀਂ। ਨਾ ਹੀ ਲਾਇਬ੍ਰੇਰੀ ਵਾਲੇ ਸਕਿਓਰਿਟੀ ਵਜੋਂ ਕੋਈ ਪੈਸਾ ਲੈਂਦੇ ਹਨ। ਪੁਰਾਣੇ ਰਸਾਲੇ ਤੇ ਅਖ਼ਬਾਰਾਂ ਹਨ







ਭਾਵੇਂ ਉਹ ਕਿੰਨੇ ਵੀ ਪੁਰਾਣੇ ਹੋਣ, ਉਹ ਤੁਸੀਂ ਘਰ ਬੈਠੇ ਇੰਟਰਨੈੱਟ 'ਤੇ ਆਪਣੀ ਲਾਇਬ੍ਰੇਰੀ ਦੀ ਵੈੱਬਸਾਇਟ ਰਾਹੀਂ ਪੜ੍ਹ ਸਕਦੇ ਹੋ। ਜੇ ਕੋਈ ਲੇਖ ਜਾਂ ਖ਼ਬਰ ਡਾਊਨਲੋਡ ਕਰਨੀ ਹੋਵੇ, ਤਾਂ ਤੁਸੀਂ ਆਪਣੇ ਲੈਪਟਾਪ 'ਤੇ ਕਰ ਸਕਦੇ ਹੋ। ਇਸ ਲੇਖਕ ਨੇ ਅਮਰੀਕਾ ਦੇ ਸਭ ਤੋਂ ਪੁਰਾਣੇ ਰਸਾਲੇ 'ਟਾਇਮ' ਤੋਂ 1984 ਸਾਲ ਦੇ ਅੰਕ ਵੇਖਣੇ ਚਾਹੇ, ਤਾਂ ਲਾਇਬ੍ਰੇਰੀਅਨ ਨੇ ਮੈਨੂੰ ਉਸੇ ਸਮੇਂ ਕੁਝ ਹੀ ਸਮੇਂ ਵਿਚ ਲਾਇਬ੍ਰੇਰੀ ਦੇ ਕੰਪਿਊਟਰ 'ਤੇ ਜਾ ਕੇ ਲਾਇਬ੍ਰੇਰੀ ਦੀ ਵੈੱਬਸਾਈਟ ਖੋਲ੍ਹੀ ਤੇ ਮੇਰਾ ਲਾਇਬ੍ਰੇਰੀ ਦਾ ਕਾਰਡ ਨੰਬਰ ਭਰਿਆ ਤੇ ਰਸਾਲੇ ਨੂੰ ਇੰਟਰਨੈੱਟ ਰਾਹੀਂ ਲੱਭ ਕੇ ਕਿਹਾ ਕਿ ਤੁਸੀਂ ਹੁਣ ਜਿਹੜਾ ਮਰਜ਼ੀ ਅੰਕ ਕੱਢੋ ਤੇ ਜਿਹੜੇ ਸਫ਼ੇ ਚਾਹੀਦੇ ਹਨ, ਉਹ ਡਾਊਨਲੋਡ ਕਰ ਲਉ। ਮੈਂ ਫਿਰ ਘਰ ਆ ਕੇ 1984 ਦੇ ਸਾਰੇ ਸਾਲ ਦੇ ਟਾਇਮ ਮੈਗ਼ਜੀਨ ਖੋਲ੍ਹ ਕੇ ਲੋੜੀਂਦੇ ਪੰਨੇ ਡਾਊਨਲੋਡ ਕਰ ਲਏ।

ਦੁਨੀਆਂ ਦੀਆਂ ਪ੍ਰਮੁੱਖ ਘਟਨਾਵਾਂ ਨਾਲ ਸਬੰਧਿਤ ਕਿਤਾਬਾਂ ਇਨ੍ਹਾਂ ਲਾਇਬ੍ਰੇਰੀਆਂ ਦਾ ਸ਼ਿੰਗਾਰ ਹਨ। ਜਿਵੇਂ 1913 ਦੀ ਵਾਪਰੀ ਜਲ੍ਹਿਆਂਵਾਲਾ ਦੁਖਾਂਤ ਦੀਆਂ ਭਾਰਤ ਸਮੇਤ ਜਿਹੜੀਆਂ ਵੀ ਕਿਤਾਬਾਂ ਕਿਸੇ ਦੇਸ਼ ਵਿਚ ਛੱਪੀਆਂ ਹਨ, ਉਹ ਇੱਥੇ ਉਪਲਬਧ ਹਨ। ਮੇਰੇ ਪਾਸ ਜਲ੍ਹਿਆਂਵਾਲਾ ਦੁਖਾਂਤ ਨਾਲ ਅੰਗਰੇਜ਼ੀ ਵਿਚ ਭਾਰਤ ਸਮੇਤ ਵਿਦੇਸ਼ਾਂ ਵਿਚ ਛੱਪੀਆਂ ਦੋ ਦਰਜਨ ਦੇ ਕਿਤਾਬਾਂ ਪੀ.ਡੀ.ਐੱਫ. ਰੂਪ ਵਿਚ ਹਨ। ਕੋਈ ਵੀ ਪਾਠਕ ਮੈਥੋਂ ਵਟਸਐਪ 'ਤੇ ਇਹ ਪੁਸਤਕਾਂ ਪ੍ਰਾਪਤ ਕਰ ਸਕਦਾ ਹੈ। ਮਹਾਰਾਜਾ ਰਣਜੀਤ ਸਿੰਘ ਬਾਰੇ, ਵੱਖ-ਵੱਖ ਧਰਮਾਂ ਜਿਨ੍ਹਾਂ ਵਿਚ ਸਿੱਖ ਧਰਮ ਵੀ ਸ਼ਾਮਿਲ ਹੈ, ਬਾਰੇ ਵੀ ਪੁਸਤਕਾਂ ਹਨ।

ਅਮਰੀਕਾ ਵਿਚ ਹਰ ਸਕੂਲ ਵਿਚ ਭਾਵੇਂ ਕਿ ਉਹ ਪ੍ਰਾਇਮਰੀ ਸਕੂਲ ਹੀ ਕਿਉਂ ਨਾ ਹੋਵੇ, ਲਾਇਬ੍ਰੇਰੀ ਹੈ। ਹਫ਼ਤੇ ਵਿਚ ਇੱਕ ਲਾਇਬ੍ਰੇਰੀ ਪੀਰਡ ਹੈ, ਜਿਸ ਵਿਚ ਵਿਦਆਰਥੀ ਕਿਤਾਬ ਪ੍ਰਾਪਤ ਕਰਦੇ ਹਨ ਤੇ ਪਹਿਲੀ ਕਿਤਾਬ ਵਾਪਿਸ ਕਰ ਦੇਂਦੇ ਹਨ। ਹਰੇਕ ਅਮਰੀਕੀ ਵਿਦਿਆਰਥੀ



ਭਾਵੇਂ ਕਿ ਉਹ ਪ੍ਰਾਇਮਰੀ ਸਕੂਲ ਦਾ ਹੀ ਹੋਵੇ, ਉਸ ਦੀ ਆਪਣੀ ਘਰ ਵਿਚ ਲਾਇਬ੍ਰੇਰੀ ਹੈ।

ਲਾਇਬ੍ਰੇਰੀਆਂ ਦਾ ਬਹੁਤ ਮਹੱਤਵ ਹੈ। ਅਸੀਂ ਸੰਖੇਪ ਵਿਚ ਇਸ ਦਾ ਵਰਣਨ ਇਸ ਤਰ੍ਹਾਂ ਕਰ ਸਕਦੇ ਹਾਂ :-

1. **ਸੂਚਨਾ ਤੱਕ ਪਹੁੰਚ** :- ਲਾਇਬ੍ਰੇਰੀ ਇਸ ਲਈ ਜ਼ਰੂਰੀ ਹੈ ਕਿਉਂਕਿ ਇਹ ਮੁਫ਼ਤ ਵਿਚ ਕਈ ਸਾਧਨਾਂ ਤੋਂ ਜਾਣਕਾਰੀ ਮੁਹੱਈਆ ਕਰਵਾਉਂਦੀਆਂ ਹਨ, ਜਿਵੇਂ ਕਿਤਾਬਾਂ, ਅਖ਼ਬਾਰਾਂ, ਰਸਾਲੇ, ਵੀਡੀਓ ਆਦਿ। ਜਿਹੜੇ ਵਿਅਕਤੀਆਂ ਪਾਸ ਇੰਟਰਨੈੱਟ ਨਹੀਂ, ਕਿਤਾਬਾਂ, ਅਖਬਾਰਾਂ, ਰਸਾਲੇ ਖਰੀਦਣ ਲਈ ਪੈਸੇ ਨਹੀਂ, ਉਹ ਲਾਇਬ੍ਰੇਰੀ ਵਿਚ ਇਹ ਸਹੂਲਤ ਪ੍ਰਾਪਤ ਕਰ ਸਕਦੇ ਹਨ।

2. **ਕੰਮ ਕਰਨ ਦੀ ਸਮਰੱਥਾ**:- ਲਾਇਬ੍ਰੇਰੀਆਂ ਪੜ੍ਹਨ ਦੀ ਰੁਚੀ ਪੈਦਾ ਕਰਦੀਆਂ ਹਨ, ਜਿਸ ਨਾਲ ਸਾਖਰਤਾ ਭਾਵ ਪੜ੍ਹਾਕੂਆਂ ਦੀ ਗਿਣਤੀ ਵੱਧਦੀ ਹੈ। ਸਮਾਜ ਜਿੰਨਾ ਪੜ੍ਹਿਆ-ਲਿਖਿਆ ਹੋਵੇਗਾ, ਉਨ੍ਹਾਂ ਹੀ ਵਿਕਸਿਤ ਹੋਵੇਗਾ। ਕਿਤਾਬਾਂ, ਰਸਾਲੇ ਅਖਬਾਰਾਂ ਪੜ੍ਹਨ ਨਾਲ ਉਨ੍ਹਾਂ ਵਿਚ ਕੰਮ ਕਰਨ ਦੀ ਸਮਰੱਥਾ ਵੱਧਦੀ ਹੈ।

3. **ਸਮਾਜਿਕ ਗਤੀਵਿਧੀਆਂ ਦਾ ਕੇਂਦਰ** :- ਪਾਠਕ ਲਾਇਬ੍ਰੇਰੀਆਂ ਵਿਚ ਬਹੁਤ ਸਾਰੀਆਂ ਗਤੀਵਿਧੀਆਂ ਇਕੱਠੇ ਹੋ ਕੇ ਕਰਦੇ ਹਨ। ਬੁੱਕ ਕਲੱਬ ਬਣੇ ਹੋਏ ਹਨ। ਵਰਕਸ਼ਾਪਾਂ ਲਾਈਆਂ ਜਾਂਦੀਆਂ ਹਨ। ਲੈਕਚਰ ਕਰਵਾਏ ਜਾਂਦੇ ਹਨ। ਕਵੀ ਦਰਬਾਰ ਹੁੰਦੇ ਹਨ। ਇਸ ਤਰ੍ਹਾਂ ਦੇ ਹੋਰ ਵੀ ਪ੍ਰੋਗਰਾਮ ਕਰਵਾਏ ਜਾਂਦੇ ਹਨ। ਗਰਮੀਆਂ ਤੇ ਸਰਦੀਆਂ ਦੀਆ ਛੁੱਟੀਆਂ ਵਿਚ ਵਿਦਿਆਰਥੀਆਂ ਲਈ ਵਿਸ਼ੇਸ਼ ਪ੍ਰੋਗਰਾਮ ਪਹਿਲਾਂ ਹੀ ਉਲੀਕ ਕੇ ਰੱਖੇ ਜਾਂਦੇ ਹਨ, ਤਾਂ ਜੋ ਉਹ ਆਪਣੇ ਵਿਹਲੇ ਸਮੇਂ ਦਾ ਵੱਧ ਵੱਧ ਤੋਂ ਲਾਭ ਉੱਠਾ ਸਕਣ।

4. **ਡਿਜੀਟਲ ਤਕਨੀਕ ਦੀ ਸੁਵਿਧਾ ਹੈ** :- ਲਾਇਬ੍ਰੇਰੀਆਂ ਜਿਨ੍ਹਾਂ ਪਾਸ ਇੰਟਰਨੈੱਟ ਹੈ ਤੇ ਜਿਨ੍ਹਾਂ ਪਾਸ ਨਹੀਂ ਹੈ, ਉਨ੍ਹਾਂ ਵਿਚ ਅੰਤਰ ਖ਼ਤਮ ਕਰਦੀਆਂ ਹਨ। 2021 ਵਿਚ ਯੂ.ਐੱਨ.ਓ. ਦੇ ਡਿਪਟੀ ਸਕੱਤਰ ਜਨਰਲ ਨੇ ਜਨਰਲ ਅਸੈਂਬਲੀ ਵਿਚ ਕਿਹਾ ਸੀ ਕਿ ਦੁਨੀਆਂ ਦੀ ਅੱਧੀ ਆਬਾਦੀ ਜਿਨ੍ਹਾਂ ਵਿਚ ਜ਼ਿਆਦਾਤਰ ਔਰਤਾਂ ਹਨ, ਉਹ ਇੰਟਰਨੈੱਟ ਤੋਂ ਦੂਰ ਹਨ, ਖ਼ਾਸ ਕਰਕੇ ਭਾਰਤ ਵਰਗੇ ਪੱਛੜੇ ਦੇਸ਼ਾਂ ਵਿਚ।

5. **ਸੱਭਿਆਚਾਰ ਤੇ ਇਤਿਹਾਸ ਨੂੰ ਸੰਭਾਲਣਾ** :- ਲਾਇਬ੍ਰੇਰੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੱਭਿਆਚਾਰਕ ਵਿਰਾਸਤ ਤੇ ਇਤਿਹਾਸਕ ਸਮੱਗਰੀ ਸੰਭਾਲਕੇ ਰੱਖਦੀਆਂ ਹਨ। ਉਹ ਜਿੱਥੇ ਮੌਜੂਦਾ ਸਮੱਗਰੀ ਸੰਭਾਲਦੀਆਂ ਹਨ, ਉੱਥੇ ਹੱਥ ਲਿਖਤਾਂ, ਦੁਰਲੱਭ ਪੁਸਤਕਾਂ ਲੱਭ ਕੇ ਸੰਭਾਲਦੀਆਂ ਹਨ। ਅਲੋਪ ਹੋ ਚੁੱਕੀਆਂ ਜਾਂ ਅਲੋਪ ਹੋ ਰਹੀਆਂ ਭਾਸ਼ਾਵਾਂ ਤੇ ਲਿਪੀਆਂ ਨੂੰ ਸਾਂਭਦੀਆਂ ਹਨ। ਦੇਸੀ ਭਾਸ਼ਾਵਾਂ ਨੂੰ ਸੰਭਾਲਣ 'ਤੇ ਉਨ੍ਹਾਂ ਦੀ ਤਰੱਕੀ ਲਈ ਕੰਮ ਕਰਦੀਆਂ ਹਨ।

6. **ਆਮ ਵਿਦਿਆ ਵਿਚ ਸਹਾਈ ਹੋਣਾ**:- ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ, ਖੋਜਾਰਥੀਆਂ ਤੇ ਅਧਿਆਪਕਾਂ ਦੀ ਪੜ੍ਹਾਈ ਤੇ ਖੋਜ ਆਦਿ ਵਿਚ ਸਹਾਇਤਾ ਕਰਦੀਆਂ ਹਨ।

7. **ਚਿੰਤਾ ਦੂਰ ਕਰਨ ਤੇ ਸਿਹਤ ਸਹੂਲਤਾਂ ਪ੍ਰਦਾਨ ਕਰਨਾ**:- ਕਈ ਲਾਇਬ੍ਰੇਰੀਆਂ ਵਿਚ ਵਿਦਆਰਥੀਆਂ ਲਈ ਵਿਸ਼ੇਸ਼ ਕਮਰਿਆਂ ਦਾ ਪ੍ਰਬੰਧ ਕੀਤਾ ਗਿਆ ਹੈ, ਤਾਂ ਜੋ ਕੁਝ ਸਮਾਂ ਰਵਾਇਤੀ ਪੜ੍ਹਾਈ ਛੱਡ ਕੇ ਸਕੂਨ ਵਾਲੀ ਥਾਂ ਆਰਾਮ ਕਰ ਸਕਣ।

8. **ਸੂਚਨਾ ਤੇ ਮੀਡੀਆ ਬਾਰੇ ਜਾਣਕਾਰੀ ਵਧਾਉਣਾ**:- ਲਾਇਬ੍ਰੇਰੀ ਬੱਚਿਆਂ ਤੇ ਬਾਲਗਾਂ ਨੂੰ ਸੂਚਨਾ ਆਦਾਨ-ਪ੍ਰਦਾਨ ਕਰਨ ਸਮੇਂ ਸਤਰਕ ਰਹਿਣ ਦੀ ਜਾਣਕਾਰੀ ਵੀ ਮੁਹੱਈਆ ਕਰਦੀਆਂ। ਅੱਜ ਫਰਜ਼ੀ ਸਕੈਮ ਹੋ ਰਹੇ ਹਨ। ਝੂਠੀਆਂ ਖ਼ਬਰਾਂ ਫੈਲਾਈਆਂ ਜਾਂਦੀਆਂ ਹਨ। ਬੈਂਕ ਖਾਤਿਆਂ ਵਿਚੋਂ ਧੋਖੇ ਨਾਲ ਪੈਸੇ ਕਢਾਏ ਜਾਂਦੇ ਹਨ, ਆਦਿ ਬਾਰੇ ਲਾਇਬ੍ਰੇਰੀਆਂ ਸਹਾਇਤਾ ਕਰ ਰਹੀਆਂ ਹਨ।

ਅਮਰੀਕੀ ਲਾਇਬ੍ਰੇਰੀਆਂ ਵਿਚ ਆਧੁਨਿਕ ਸਹੂਲਤਾਂ ਨਾਲ ਲੈਸ ਹਨ। ਬਹੁਤ ਸਾਰੇ ਕੰਪਿਊਟਰ ਪਾਠਕਾਂ ਦੇ ਕੰਮ ਲਈ ਰੱਖੇ ਹਨ। ਬੈਠਣ ਤੇ ਪੜ੍ਹਨ ਲਈ ਫ਼ਰਨੀਚਰ ਬੜਾ ਸੁਵਿਧਾਜਨਕ ਹੈ। ਬੱਚਿਆਂ ਲਈ ਵੱਖਰੇ ਕਮਰੇ ਹਨ, ਜਿੱਥੇ ਉਨ੍ਹਾਂ ਦੀ ਦਿਲਚਸਪੀ ਲਈ ਪੁਸਤਕਾਂ ਤੇ ਵੀਡੀਓ ਉਪਲਬਧ ਹਨ। ਸਕੈਨਰ ਤੇ ਪ੍ਰਿੰਟਰ ਹਨ, ਤਾਂ ਜੋ ਪਾਠਕ ਕਿਤਾਬਾਂ, ਰਸਾਲਿਆਂ ਤੇ ਅਖ਼ਬਾਰਾਂ ਦੀਆਂ ਫੋਟੋ ਕਾਪੀਆਂ ਪ੍ਰਾਪਤ ਕਰ ਸਕਣ। ਪੀਣ ਦੇ ਪਾਣੀ ਤੇ ਪਖ਼ਾਨਿਆਂ ਦੀ ਸਹੂਲਤ ਬਹੁਤ ਵਧੀਆ ਹੈ।

ਜਿੱਥੋਂ ਤੱਕ ਸਾਂਝੇ ਪੰਜਾਬ ਦਾ ਸਬੰਧ ਹੈ, ਪਹਿਲੀ ਮਿਊਂਸਿਪਲ ਲਾਇਬ੍ਰੇਰੀ ਲੁਧਿਆਣਾ 1878 ਈ. ਵਿਚ, ਲਾਹੌਰ 1884 ਈ. ਵਿਚ, ਪਟਿਆਲਾ 1897 ਈ. ਵਿਚ, ਅੰਮ੍ਰਿਤਸਰ 1900 ਈ. ਵਿਚ, ਕਪੂਰਥਲਾ 1904 ਈ. ਵਿਚ, ਸੰਗਰੂਰ 1912 ਈ. ਵਿਚ ਮਿਊਂਸਿਪਲ ਲਾਇਬ੍ਰੇਰੀ ਕਾਇਮ ਕੀਤੀ ਗਈ। ਜਿੱਥੋਂ ਤੱਕ ਪਿੰਡਾਂ ਦਾ ਸਬੰਧ ਹੈ, 1920-30 ਦੇ ਦਰਮਿਆਨ ਸਿੱਖਿਆ ਅਤੇ ਸਹਿਕਾਰਤਾ ਵਿਭਾਗ ਵੱਲੋਂ ਮਿਡਲ ਤੇ ਆਮ ਸਕੂਲਾਂ 'ਚ ਤਕਰੀਬਨ 1500 ਲਾਇਬ੍ਰੇਰੀਆਂ ਖੋਲ੍ਹੀਆਂ ਗਈਆਂ।

ਇਸ ਸਮੇਂ ਪੰਜਾਬ ਦੀ ਹਾਲਤ ਬਹੁਤ ਮਾੜੀ ਹੈ। ਪੰਜਾਬ ਦੇ ਸਿਆਸਤਦਾਨਾਂ ਦੀ ਇਨ੍ਹਾਂ ਵਿਚ ਕੋਈ ਦਿਲਚਸਪੀ ਨਹੀਂ। ਵਿਦੇਸ਼ਾਂ ਵਾਂਗ ਪਿੰਡ-ਪਿੰਡ ਲਾਇਬ੍ਰੇਰੀਆਂ ਖੋਲ੍ਹਣ ਲਈ ਪੰਜਾਬ ਨੂੰ ਛੱਡ ਕੇ ਬਾਕੀ ਸਾਰਿਆਂ ਸੂਬਿਆਂ ਨੇ ਲਾਇਬ੍ਰੇਰੀ ਐਕਟ ਪਾਸ ਕਰ ਦਿੱਤੇ ਹਨ। ਪੰਜਾਬ ਵਿਚ ਜਦ ਸ. ਸੇਵਾ ਸਿੰਘ ਸੇਖਵਾਂ ਪੰਜਾਬ ਦੇ ਸਿੱਖਿਆ ਮੰਤਰੀ ਸਨ, ਤਾਂ ਉਨ੍ਹਾਂ ਨੇ ਸਿੱਖਿਆ ਸ਼ਾਸਤਰੀਆਂ ਤੇ ਪੱਤਰਕਾਰਾਂ ਦੀ ਇੱਕ ਕਮੇਟੀ ਬਣਾਈ, ਜਿਸ ਨੇ 2011 ਵਿਚ "ਸ਼ਬਦ ਪ੍ਰਕਾਸ਼ ਪੰਜਾਬੀ ਪਬਲਿਕ ਲਾਇਬ੍ਰੇਰੀ ਐਂਡ ਇਨਫਮੇਸ਼ਨ ਸਰਵਿਸਜ਼ ਬਿਲ 2011" ਦਾ ਖਰੜਾ ਤਿਆਰ ਕਰਵਾਇਆ ਸੀ। ਚੋਣਾਂ ਦਾ ਐਲਾਨ ਹੋ ਜਾਣ ਕਰਕੇ ਇਹ ਖਰੜਾ ਕਾਨੂੰਨ ਦੀ ਸ਼ਕਲ ਨਾ ਧਾਰਨ ਕਰ ਸਕਿਆ। 14 ਸਾਲ ਬੀਤ ਜਾਣ ਦੇ ਬਾਵਜੂਦ ਕਿਸੇ ਵੀ ਸਰਕਾਰ ਨੇ ਇਸ ਖਰੜੇ ਨੂੰ ਹਾਲਾਂ ਤੀਕ ਹਵਾ ਨਹੀਂ ਲਵਾਈ, ਭਾਵੇਂ ਕਿ ਇਸ ਲੇਖਕ ਤੇ ਡਾ. ਬਿਕਰਮ ਸਿੰਘ ਘੁੰਮਣ ਵਲੋਂ ਇਸ ਸਬੰਧੀ ਮੁੱਖ ਮੰਤਰੀਆਂ ਨੂੰ ਲਗਾਤਾਰ ਪੱਤਰ ਲਿਖੇ ਜਾ ਰਹੇ ਹਨ, ਪਰ ਨਾ ਤਾਂ ਸਰਕਾਰ ਵੱਲੋਂ ਪੱਤਰਾਂ ਦਾ ਜੁਆਬ ਆਉਂਦਾ ਹੈ ਤੇ ਨਾ ਕਾਨੂੰਨ ਬਣਾਇਆ ਜਾ ਰਿਹਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ , ਵਟਸ ਐਪ 'ਤੇ ਲੇਖਕਾਂ ਕਈ ਗਰੁਪ ਹਨ, ਜਿਵੇਂ ਪੰਜਾਬ ਲਾਇਬ੍ਰੇਰੀਜ਼ ਮੂਵਮੈਂਟ ਅਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਨਾਲ ਮਿਲ ਕੇ ਸਾਂਝੀ ਮੁਹਿੰਮ ਚਲਾ ਕੇ ਇਸ ਕਾਨੂੰਨ ਨੂੰ ਪਾਸ ਕਰਵਾਉਣਾ ਚਾਹੀਦਾ ਹੈ, ਤਾਂ ਸੂਬੇ ਦੇ ਸਾਰੇ ਪਿੰਡਾਂ ਵਿਚ ਲਾਇਬ੍ਰੇਰੀਆਂ ਦਾ ਜਾਲ ਵਿਛਾਇਆ ਜਾ ਸਕੇ ਤੇ ਪੰਜਾਬ ਵਿਚ ਨਸ਼ਿਆਂ ਨੂੰ ਠੱਲ੍ਹ ਪਾਉਣ ਦੇ ਨਾਲ ਪੁਸਤਕ ਸੱਭਿਆਚਾਰ ਪ੍ਰਫ਼ੁਲਿਤ ਹੋ ਸਕੇ।

# ਕਦੋਂ ਤੱਕ ਪੀੜਤਾਂ ਨੂੰ 'ਤਰੀਕ ਦਰ ਤਾਰੀਖ਼' ਮਿਲਦੀ ਰਹੇਗੀ ?

ਪ੍ਰਿਅੰਕਾ ਸੌਰਭ
ਹਿਸਾਰ, ਹਰਿਆਣਾ
ਮੋ: :70153-75570
(ਟਾਕ+ਵਟਸ ਐਪ)
ਪੰਜਾਬ ਮੇਲ USA





ਭਾਰਤ ਵਿਚ ਨਿਆਂਇਕ ਬੈਕਲਾਗ ਇੱਕ ਵੱਡੀ ਚੁਣੌਤੀ ਹੈ, ਜਿੱਥੇ ਵੱਖ-ਵੱਖ ਅਦਾਲਤਾਂ ਵਿਚ 4 ਕਰੋੜ ਤੋਂ ਵੱਧ ਕੇਸ ਪੈਂਡਿੰਗ ਹਨ। ਇਸ ਬੈਕਲਾਗ ਦਾ ਇੱਕ ਮੁੱਖ ਕਾਰਨ ਬਹੁਤ ਜ਼ਿਆਦਾ ਨਿਆਂਇਕ ਮੁਲਤਵੀ ਹੋਣਾ ਹੈ, ਜੋ ਕੇਸਾਂ ਦੇ ਨਿਪਟਾਰੇ ਵਿਚ ਦੇਰੀ ਅਤੇ ਨਿਆਂ ਪ੍ਰਦਾਨ ਕਰਨ ਵਿਚ ਰੁਕਾਵਟ ਬਣਦੇ ਹਨ। ਕਾਰਵਾਈ ਨੂੰ ਸੁਚਾਰੂ ਬਣਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ, ਵਾਰ-ਵਾਰ ਮੁਲਤਵੀ ਹੋਣ ਨਾਲ ਪ੍ਰਗਤੀ ਵਿਚ ਰੁਕਾਵਟ ਆ ਰਹੀ ਹੈ। ਇਸ ਮੁੱਦੇ ਨੂੰ ਹੱਲ ਕਰਨ ਲਈ, ਇਸਦੇ ਮੂਲ ਕਾਰਨਾਂ ਨੂੰ ਸਮਝਣਾ ਅਤੇ ਯੋਜਨਾਬੱਧ ਸੁਧਾਰਾਂ ਨੂੰ ਲਾਗੂ ਕਰਨਾ ਜ਼ਰੂਰੀ ਹੈ। ਵਾਰ-ਵਾਰ ਮੁਲਤਵੀ ਹੋਣ ਨਾਲ ਕੇਸਾਂ ਦੀ ਮਿਆਦ ਵਧ ਜਾਂਦੀ ਹੈ, ਕਈ ਵਾਰ ਅੰਤਿਮ ਹੱਲ ਲਈ ਕਈ ਸਾਲ ਜਾਂ ਦਹਾਕੇ ਵੀ ਲੱਗ ਜਾਂਦੇ ਹਨ, ਜਿਸ ਨਾਲ ਨਿਆਂਪਾਲਿਕਾ ਦੀ ਕੁਸ਼ਲਤਾ ਪ੍ਰਭਾਵਿਤ ਹੁੰਦੀ ਹੈ। ਹਰ ਮੁਲਤਵੀ ਮੁਕੱਦਮੇਬਾਜ਼ੀ ਦੇ ਸਮੁੱਚੇ ਖਰਚੇ ਨੂੰ ਵਧਾਉਂਦਾ ਹੈ, ਪਾਰਟੀਆਂ 'ਤੇ ਵਿੱਤੀ ਬੋਝ ਪਾਉਂਦਾ ਹੈ, ਖਾਸ ਤੌਰ 'ਤੇ ਹੇਠਲੇ ਸਮਾਜਿਕ-ਆਰਥਿਕ ਪਿਛੋਕੜ ਵਾਲੇ। ਮੁਲਤਵੀ ਹੋਣ ਕਾਰਨ ਵਧੀਆਂ ਸਮਾਂ-ਸੀਮਾਵਾਂ ਸਮੇਂ ਸਿਰ ਨਿਆਂ ਤੱਕ ਪਹੁੰਚ ਨੂੰ ਸੀਮਤ ਕਰਦੀਆਂ ਹਨ, ਜਿਸ ਨਾਲ ਨਿਆਂ ਪ੍ਰਣਾਲੀ ਵਿਚ ਲੋਕਾਂ ਦੇ ਵਿਸ਼ਵਾਸ ਨੂੰ ਪ੍ਰਭਾਵਿਤ ਹੁੰਦਾ ਹੈ।

ਮੁਕੱਦਮੇ ਅਧੀਨ ਅਪਰਾਧਿਕ ਮਾਮਲਿਆਂ ਵਿਚ ਅਕਸਰ ਕਈ ਮੁਲਤਵੀ ਹੁੰਦੇ ਹਨ, ਜਿਸ ਨਾਲ ਨਿਆਂ ਵਿਚ ਦੇਰੀ ਹੁੰਦੀ ਹੈ ਅਤੇ ਦੋਸ਼ੀ ਦੇ ਨਿਰਪੱਖ ਅਤੇ ਤੇਜ਼ ਮੁਕੱਦਮੇ ਦੇ ਅਧਿਕਾਰ ਨੂੰ ਪ੍ਰਭਾਵਿਤ ਕੀਤਾ ਜਾਂਦਾ ਹੈ। ਮੁਲਤਵੀ ਕਰਨ ਨਾਲ ਕੀਮਤੀ ਅਦਾਲਤੀ ਸਮਾਂ ਬਰਬਾਦ ਹੁੰਦਾ ਹੈ, ਜਿਸ ਦੀ ਵਰਤੋਂ ਹੋਰ ਕੇਸਾਂ ਦੇ ਨਿਪਟਾਰੇ ਲਈ ਕੀਤੀ ਜਾ ਸਕਦੀ ਹੈ, ਜਿਸ ਨਾਲ ਸਿਸਟਮ ਦੀ ਸਮੁੱਚੀ ਕੁਸ਼ਲਤਾ ਘਟਦੀ ਹੈ। ਮੁਲਤਵੀ ਹੋਣ ਕਾਰਨ ਹੋਣ ਵਾਲੀ ਦੇਰੀ ਕਾਰਨ ਗਵਾਹਾਂ ਵਿਚ ਥਕਾਵਟ, ਯਾਦਦਾਸ਼ਤ ਵਿਗੜ ਸਕਦੀ ਹੈ ਅਤੇ ਕਈ ਵਾਰੀ ਕਢਵਾਉਣ ਦੀ ਪ੍ਰਵਿਰਤੀ ਹੋ ਸਕਦੀ ਹੈ, ਜਿਸ ਨਾਲ ਸਬੂਤ ਦੀ ਗੁਣਵੱਤਾ ਅਤੇ ਕੇਸ ਦੇ ਨਤੀਜੇ ਪ੍ਰਭਾਵਿਤ ਹੁੰਦੇ ਹਨ। ਗਵਾਹ ਨੂੰ ਧਮਕਾਉਣ ਦੇ ਮਾਮਲਿਆਂ ਵਿਚ, ਵਾਰ-ਵਾਰ ਮੁਲਤਵੀ ਹੋਣ ਕਾਰਨ ਗਵਾਹ ਆਪਣੇ ਬਿਆਨ ਵਾਪਸ ਲੈ ਲੈਂਦੇ ਹਨ ਜਾਂ ਬਦਲਦੇ ਹਨ, ਜਿਸ ਨਾਲ ਫੈਸਲੇ 'ਤੇ ਅਸਰ ਪੈਂਦਾ ਹੈ।

ਪਰੋਸੀਜਰਲ ਕੋਡ ਮੁਲਤਵੀ ਕਰਨ ਲਈ ਪ੍ਰਦਾਨ ਕਰਦਾ ਹੈ, ਵਕੀਲਾਂ ਨੂੰ ਰਣਨੀਤਕ ਫਾਇਦੇ ਲਈ ਇਸ ਲਚਕਤਾ ਦਾ ਸ਼ੋਸ਼ਣ ਕਰਨ ਦੀ ਇਜਾਜ਼ਤ ਦਿੰਦਾ ਹੈ। ਸਿਵਲ ਪ੍ਰਕਿਰਿਆ ਦਾ ਜ਼ਾਬਤਾ ਕੁਝ ਸ਼ਰਤਾਂ ਅਧੀਨ ਮੁਲਤਵੀ ਕਰਨ ਦੀ ਇਜਾਜ਼ਤ ਦਿੰਦਾ ਹੈ, ਪਰ ਕਾਰਵਾਈ ਵਿਚ ਦੇਰੀ ਕਰਨ ਲਈ ਅਕਸਰ ਇਸਦੀ ਦੁਰਵਰਤੋਂ ਕੀਤੀ ਜਾਂਦੀ ਹੈ। ਉੱਚ ਕੇਸਾਂ ਦਾ ਭਾਰ ਅਤੇ ਸੀਮਤ ਅਦਾਲਤੀ ਸਟਾਫ਼ ਅਕਸਰ ਮੁਲਤਵੀ ਹੋਣ ਵਿਚ ਯੋਗਦਾਨ ਪਾਉਂਦਾ ਹੈ, ਕਿਉਂਕਿ ਜੱਜ ਹਰੇਕ ਕੇਸ ਲਈ ਲੋੜੀਂਦਾ ਸਮਾਂ ਨਿਰਧਾਰਤ ਕਰਨ ਲਈ ਸੰਘਰਸ਼ ਕਰਦੇ ਹਨ। ਹੇਠਲੀਆਂ ਅਦਾਲਤਾਂ ਵਿਚ, ਜੱਜਾਂ 'ਤੇ ਅਕਸਰ ਬੋਝ ਪੈਂਦਾ ਹੈ, ਹਰ ਮਹੀਨੇ ਸੈਂਕੜੇ ਕੇਸਾਂ ਦਾ ਨਿਪਟਾਰਾ ਕਰਦੇ ਹਨ, ਨਤੀਜੇ ਵਜੋਂ ਸੁਣਵਾਈ ਮੁਲਤਵੀ ਹੋ ਜਾਂਦੀ ਹੈ। ਪਾਰਟੀਆਂ ਜਾਣਬੁੱਝ ਕੇ ਨਿੱਜੀ ਜਾਂ ਰਣਨੀਤਕ ਕਾਰਨਾਂ, ਜਿਵੇਂ ਕਿ ਵਿੱਤੀ ਦੇਣਦਾਰੀਆਂ ਵਿਚ ਦੇਰੀ ਜਾਂ ਉਲਟ ਫੈਸਲਿਆਂ ਨੂੰ ਮੁਲਤਵੀ ਕਰਨ ਲਈ ਕਾਰਵਾਈ ਵਿਚ ਦੇਰੀ ਕਰਨ ਲਈ ਮੁਲਤਵੀ ਕਰਨ ਦੀ ਮੰਗ ਕਰ ਸਕਦੀਆਂ ਹਨ। ਜਾਇਦਾਦ ਦੇ ਝਗੜਿਆਂ ਵਿਚ, ਬਚਾਓ ਪੱਖ ਕਈ ਵਾਰ ਬਿਨਾਂ ਹੱਲ ਕੀਤੇ ਕਬਜ਼ੇ ਨੂੰ ਲੰਮਾ ਕਰਨ ਲਈ ਵਾਰ-ਵਾਰ ਮੁਲਤਵੀ ਕਰਨ ਦੀ ਬੇਨਤੀ ਕਰਦੇ ਹਨ।

ਪ੍ਰਭਾਵਸ਼ਾਲੀ ਕੇਸ ਪ੍ਰਬੰਧਨ ਪ੍ਰਣਾਲੀਆਂ ਦੀ ਅਣਹੋਂਦ ਦਾ ਮਤਲਬ ਹੈ ਕਿ ਕੇਸਾਂ ਨੂੰ ਕੁਸ਼ਲਤਾ ਨਾਲ ਤਹਿ ਜਾਂ ਨਿਗਰਾਨੀ ਨਹੀਂ ਕੀਤੀ ਜਾਂਦੀ, ਜਿਸ ਨਾਲ ਬੇਲੋੜੀ ਮੁਲਤਵੀ ਹੋ ਜਾਂਦੀ ਹੈ। ਡਿਜੀਟਲ ਕੇਸ-ਟਰੈਕਿੰਗ ਪ੍ਰਣਾਲੀਆਂ ਦੀ ਘਾਟ ਵਾਲੀਆਂ ਅਦਾਲਤਾਂ ਨੂੰ ਪ੍ਰਬੰਧਕੀ ਅਕੁਸ਼ਲਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਕੇਸ ਦੀ ਪ੍ਰਗਤੀ ਦੀ ਨਿਗਰਾਨੀ ਕਰਨਾ ਅਤੇ ਦੇਰੀ ਨੂੰ ਘਟਾਉਣਾ ਮੁਸ਼ਕਲ ਹੋ ਜਾਂਦਾ ਹੈ। ਸਿਖਲਾਈ ਪ੍ਰਾਪਤ ਅਦਾਲਤੀ ਕਰਮਚਾਰੀਆਂ ਦੀ ਸੀਮਤ ਉਪਲਬਧਤਾ, ਖਾਸ ਤੌਰ 'ਤੇ ਪੇਂਡੂ ਖੇਤਰਾਂ ਵਿਚ, ਪ੍ਰਕਿਰਿਆਤਮਕ ਦੇਰੀ ਅਤੇ ਮੁਲਤਵੀ ਕਰਨ ਲਈ ਵਾਰ-ਵਾਰ ਬੇਨਤੀਆਂ ਦਾ ਕਾਰਨ ਬਣਦੀ ਹੈ। ਪਰੋਸੀਜਰਲ ਕੋਡਾਂ ਵਿਚ ਸੋਧ ਕਰਕੇ ਮੁਲਤਵੀ ਹੋਣ ਦੀ ਗਿਣਤੀ ਨੂੰ ਸੀਮਿਤ ਕਰੋ, ਖਾਸ ਕਰਕੇ ਸਿਵਲ ਅਤੇ ਫੌਜਦਾਰੀ ਕੇਸਾਂ ਵਿਚ। ਕੁਝ ਉੱਚ ਅਦਾਲਤਾਂ ਨੇ ਮੁਲਤਵੀ ਕਰਨ ਦੀ ਅਧਿਕਤਮ ਸੀਮਾ ਨੂੰ ਪ੍ਰਤੀ ਕੇਸ ਤਿੰਨ ਤੱਕ ਸੀਮਤ ਕਰਨ ਲਈ ਸੁਧਾਰ ਪੇਸ਼ ਕੀਤੇ ਹਨ, ਜਿਸ ਨਾਲ ਕੇਸਾਂ ਦੇ ਹੱਲ ਦੀ ਸਮਾਂ-ਸੀਮਾ ਵਿਚ ਸੁਧਾਰ ਹੋਇਆ ਹੈ। ਸਮਾਂ-ਸਾਰਣੀ ਨੂੰ ਸੁਚਾਰੂ ਬਣਾਉਣ, ਕੇਸ ਦੀ ਪ੍ਰਗਤੀ ਦੀ ਨਿਗਰਾਨੀ ਕਰਨ, ਅਤੇ ਅਦਾਲਤੀ ਸਰੋਤਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਿਰਧਾਰਤ ਕਰਨ ਲਈ ਡਿਜੀਟਲ ਕੇਸ ਪ੍ਰਬੰਧਨ ਸਾਧਨਾਂ ਨੂੰ ਲਾਗੂ ਕਰੋ। ਈ-ਕੋਰਟ ਪ੍ਰੋਜੈਕਟ ਦਾ ਉਦੇਸ਼ ਕੁਸ਼ਲ ਕੇਸ ਟ੍ਰੈਕਿੰਗ, ਪਾਰਦਰਸ਼ਤਾ ਵਧਾਉਣ ਅਤੇ ਬੇਲੋੜੀ ਦੇਰੀ ਨੂੰ ਘਟਾਉਣ ਲਈ ਇੱਕ ਡਿਜੀਟਲ ਪ੍ਰਣਾਲੀ ਨੂੰ ਪੇਸ਼ ਕਰਨਾ ਹੈ।

ਕੇਸਾਂ ਦੇ ਕੁਸ਼ਲ ਨਿਪਟਾਰੇ ਨੂੰ ਉਤਸ਼ਾਹਿਤ ਕਰਨ ਅਤੇ ਮੁਲਤਵੀਆਂ ਨੂੰ ਘਟਾਉਣ ਲਈ ਜੱਜਾਂ ਅਤੇ ਅਦਾਲਤੀ ਸਟਾਫ ਲਈ ਪ੍ਰਦਰਸ਼ਨ ਪ੍ਰੋਤਸਾਹਨ ਪੇਸ਼ ਕਰੋ। ਰਾਜਾਂ ਨੇ ਅਜਿਹੀਆਂ ਯੋਜਨਾਵਾਂ ਲਾਗੂ ਕੀਤੀਆਂ ਹਨ, ਜੋ ਕੇਸ ਦੀ ਸਮਾਂ-ਸੀਮਾ ਦੀ ਪਾਲਣਾ ਕਰਨ ਲਈ ਨਿਆਂਇਕ ਅਧਿਕਾਰੀਆਂ ਨੂੰ ਮਾਨਤਾ ਦਿੰਦੀਆਂ ਹਨ ਅਤੇ ਇਨਾਮ ਦਿੰਦੀਆਂ ਹਨ, ਜਿਸ ਨਾਲ ਜਵਾਬਦੇਹੀ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਕੇਸਾਂ ਨੂੰ ਸੰਭਾਲਣ ਦੀ ਸਮਰੱਥਾ ਨੂੰ ਬਿਹਤਰ ਬਣਾਉਣ ਲਈ ਵਾਧੂ ਕਰਮਚਾਰੀਆਂ ਦੀ ਨਿਯੁਕਤੀ ਕਰਕੇ ਜੱਜਾਂ ਦੀ ਕਮੀ ਨੂੰ ਪੂਰਾ ਕਰੋ, ਖਾਸ ਕਰਕੇ ਜ਼ਿਆਦਾ ਬੋਝ ਵਾਲੀਆਂ ਅਦਾਲਤਾਂ ਵਿਚ। ਵਧੀਕ ਜ਼ਿਲ੍ਹਾ ਜੱਜਾਂ ਦੀ ਨਿਯੁਕਤੀ ਲਈ ਹਾਲ ਹੀ ਵਿਚ ਸਰਕਾਰ ਦੀ ਪਹਿਲਕਦਮੀ ਨੇ ਕੁਝ ਉੱਚ-ਬਕਾਇਆ ਖੇਤਰਾਂ ਵਿਚ ਕੇਸਾਂ ਦੇ ਭਾਰ ਨੂੰ ਘਟਾਉਣ ਵਿਚ ਮਦਦ ਕੀਤੀ ਹੈ। ਵਕੀਲਾਂ ਨੂੰ ਨੈਤਿਕ ਅਭਿਆਸਾਂ ਬਾਰੇ ਸਿੱਖਿਅਤ ਕਰਨ ਲਈ, ਬੇਲੋੜੀ ਮੁਲਤਵੀ ਬੇਨਤੀਆਂ ਨੂੰ ਨਿਰਾਸ਼ ਕਰਨ, ਅਤੇ ਸਮੇਂ ਸਿਰ ਕੇਸ ਦੇ ਹੱਲ ਨੂੰ ਉਤਸ਼ਾਹਿਤ ਕਰਨ ਲਈ ਵਰਕਸ਼ਾਪਾਂ ਦਾ ਆਯੋਜਨ ਕਰੋ। ਕਾਨੂੰਨੀ ਸੰਸਥਾਵਾਂ ਨੇ ਕੁਸ਼ਲ ਕੇਸ ਨਿਪਟਾਰੇ ਦੀ ਸੰਸਕ੍ਰਿਤੀ ਨੂੰ ਵਿਕਸਤ ਕਰਨ ਦੇ ਉਦੇਸ਼ ਨਾਲ ਨਿਰੰਤਰ ਪੇਸ਼ੇਵਰ ਵਿਕਾਸ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਹੈ।

ਭਾਰਤ ਦੇ ਨਿਆਂਇਕ ਬੈਕਲਾਗ ਨੂੰ ਹੱਲ ਕਰਨ ਅਤੇ ਨਿਆਂ ਪ੍ਰਦਾਨ ਕਰਨ ਨੂੰ ਵਧਾਉਣ ਲਈ ਨਿਆਂਇਕ ਮੁਲਤਵੀਆਂ ਨੂੰ ਘਟਾਉਣਾ ਜ਼ਰੂਰੀ ਹੈ। ਕੇਸ ਪ੍ਰਬੰਧਨ, ਮੁਲਤਵੀਆਂ ਨੂੰ ਸੀਮਤ ਕਰਨ ਅਤੇ ਨਿਆਂਇਕ ਸਮਰੱਥਾ ਦਾ ਵਿਸਥਾਰ ਕਰਨ ਵਰਗੇ ਉਪਾਅ ਅਪਣਾ ਕੇ, ਨਿਆਂਪਾਲਿਕਾ ਇੱਕ ਕੁਸ਼ਲ ਪ੍ਰਣਾਲੀ ਵੱਲ ਅੱਗੇ ਵਧ ਸਕਦੀ ਹੈ। ਸਭ ਨੂੰ ਨਿਰਪੱਖ ਅਤੇ ਬਰਾਬਰ ਨਿਆਂ ਯਕੀਨੀ ਬਣਾਉਣ ਲਈ ਸਮੇਂ ਸਿਰ ਸੁਧਾਰਾਂ ਦੀ ਫੌਰੀ ਲੋੜ ਨੂੰ ਰੇਖਾਂਕਿਤ ਕਰਦੇ ਹੋਏ, ਇਹ ਸਹੀ ਕਿਹਾ ਗਿਆ ਹੈ, "ਨਿਆਂ ਵਿਚ ਦੇਰੀ ਨਿਆਂ ਤੋਂ ਇਨਕਾਰ ਹੈ।"

# ਪਿੰਡਾਂ ਦੇ ਵਿਕਾਸ ਕਾਰਜਾਂ ਲਈ ਗਰਾਮ ਸਭਾ ਦੇ ਇਜਲਾਸ ਬੁਲਾਉਣੇ ਕਿਉਂ ਜ਼ਰੂਰੀ ਹਨ

ਬ੍ਰਿਸ ਭਾਨ ਬੁਜਰਕ
ਕਾਹਨਗੜ੍ਹ ਰੋਡ ਪਾਤੜਾਂ
ਜ਼ਿਲ੍ਹਾ ਪਟਿਆਲਾ : 98761-01698
ਪੰਜਾਬ ਮੇਲ USA





ਹਰ ਪੰਜ ਸਾਲ ਬਾਅਦ ਪੇਂਡੂ ਖੇਤਰਾਂ ਵਿਚ ਪੈਣ ਵਾਲੀਆਂ ਪੰਚਾਇਤੀ ਵੋਟਾਂ ਤੋਂ ਬਾਅਦ ਪੰਜਾਬ ਦੇ ਬਹੁਤ ਗਿਣਤੀ ਪਿੰਡਾਂ ਦੀ ਹਾਲਤ ਜਿਉਂ ਦੀ ਤਿਉਂ ਹੀ ਰਹਿੰਦੀ ਹੈ। ਗੰਦੇ ਪਾਣੀ ਦਾ ਨਿਕਾਸ, ਪੀਣ ਲਈ ਸਾਫ ਪਾਣੀ, ਸਿੱਖਿਆ ਅਤੇ ਸਿਹਤ ਸਹੂਲਤਾਂ ਸਿਰਫ ਕਾਗਜ਼ੀ ਕਾਰਵਾਈਆਂ ਹੀ ਬਣ ਕੇ ਰਹਿ ਜਾਂਦੀਆਂ ਹਨ। ਪਿੰਡਾਂ ਨੂੰ ਹੋਣ ਵਾਲੀ ਆਮਦਨ ਅਤੇ ਮਿਲਣ ਵਾਲੀਆਂ ਸਰਕਾਰੀ ਗਰਾਂਟਾਂ ਦਾ ਬਹੁਤ ਵੱਡਾ ਹਿੱਸਾ ਰਾਜਨੀਤੀਵਾਨ, ਛੋਟੀ ਤੇ ਵੱਡੀ ਅਫਸਰਸ਼ਾਹੀ ਅਤੇ ਕੁਝ ਪੰਚਾਇਤ ਦੇ ਨੁਮਾਇੰਦੇ ਹੀ ਛਕ ਜਾਂਦੇ ਹਨ। ਜੇਕਰ ਸਰਕਾਰਾਂ ਪੰਜਾਬ ਦੇ ਪਿੰਡਾਂ ਦਾ ਪੂਰਨ ਤੌਰ 'ਤੇ ਵਿਕਾਸ ਕਰਨਾ ਚਾਹੁੰਦੀਆਂ ਹਨ, ਤਾਂ ਅਫਸਰਸ਼ਾਹੀ ਨੂੰ ਵਿਚੋਂ ਕੱਢ ਕੇ ਖਰਚਾ ਕਰਨ ਦਾ ਅਧਿਕਾਰ ਸਿਰਫ ਪੰਚਾਇਤ ਨੂੰ ਦਿੱਤਾ ਜਾਣਾ ਚਾਹੀਦਾ ਹੈ। ਬੇਸ਼ੱਕ ਇੱਕ ਸਾਲ ਬਾਅਦ ਪੰਚਾਇਤਾਂ ਦੇ ਖਰਚ ਦੀ ਆਡਿਟ ਰਿਪੋਰਟ ਪ੍ਰਾਪਤ ਕੀਤੀ ਜਾਵੇ। ਕਿਉਂਕਿ ਗਰਾਂਟਾਂ ਅਤੇ ਪਿੰਡਾਂ ਦੀ ਆਦਮਨ ਦਾ ਬਹੁਤਾ ਹਿੱਸਾ ਅਫਸਰ ਹੀ ਖਾ ਜਾਂਦੇ ਹਨ। ਕਾਂਗਰਸ ਦੇ ਕਾਰਜਕਾਲ ਸਮੇਂ ਪੰਚਾਇਤਾਂ ਦੇ ਹਿਸਾਬ-ਕਿਤਾਬ ਦੇ ਆਡਿਟ ਦੀ ਯੋਜਨਾ ਤਿਆਰ ਕੀਤੀ ਗਈ ਸੀ। ਪਰ ਉਸ ਯੋਜਨਾ ਦੇ ਸਾਰੇ ਪੰਜਾਬ 'ਚ ਵਿਰੋਧ ਕੀਤਾ ਗਿਆ। ਕਿਉਂਕਿ ਜ਼ਿਆਦਾਤਰ ਗਰਾਂਟਾਂ ਅਤੇ ਹੋਰ ਪੈਸੇ ਤਾਂ ਸੈਕਟਰੀ ਤੋਂ ਲੈ ਕੇ ਬੀ.ਡੀ.ਪੀ.ਓ., ਡੀ.ਡੀ.ਪੀ.ਓ ਅਤੇ ਪੰਚਾਇਤੀ ਵਿਭਾਗ ਦੇ ਡਾਇਰੈਕਟਰ ਸਮੇਤ ਹੋਰ ਵਿਚਕਾਰ ਵਾਲੇ ਦਰਜਨਾਂ ਹੀ ਅਫਸਰ ਖਾ ਗਏ ਪਰ ਆਡਿਟ ਦੀ ਜਵਾਬਦੇਹੀ ਇਕੱਲੇ ਸਰਪੰਚ ਦੀ ਬਣ ਗਈ ਸੀ। ਜਿਸ ਕਰਕੇ ਪੰਜਾਬ ਸਰਕਾਰ ਨੂੰ ਗਰਾਂਟਾਂ ਦੇ ਖਰਚ ਵਾਲਾ ਕੰਮ ਹੀ ਇਕੱਲੀ ਪੰਚਾਇਤ ਨੂੰ ਦਿੱਤਾ ਜਾਣਾ ਚਾਹੀਦਾ ਹੈ। ਇਸ ਖਰਚ ਦੇ ਵਿਚਕਾਰ ਕਿਸੇ ਵੀ ਅਫਸਰ ਦੀ ਦਖਲਅੰਦਾਜ਼ੀ ਨਹੀਂ ਹੋਣੀ ਚਾਹੀਦੀ। ਵਿਭਾਗ ਦੇ ਜੇ.ਈ. ਤੋਂ ਲੈ ਕੇ ਐੱਸ.ਡੀ.ਓ., ਐਕਸੀਅਨ ਤੱਕ ਕੀਤੇ ਗਏ ਕੰਮਾਂ ਦੀ ਪੜਤਾਲ ਕਰ ਸਕਦੇ ਹਨ। ਦੂਸਰੇ ਪਾਸੇ ਆਮ ਆਦਮੀ ਪਾਰਟੀ ਦੀ ਵਜ਼ਾਰਤ ਵਾਲੀ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਬਿਆਨ ਦਿੱਤਾ ਗਿਆ ਸੀ ਕਿ ਪੰਚ/ਸਰਪੰਚ ਬਣਨ ਲਈ 40 ਲੱਖ ਰੁਪਏ ਖਰਚ ਕਰਨ ਦੀ ਜ਼ਰੂਰਤ ਨਹੀਂ ਹੈ, ਕਿਉਂਕਿ ਮੈਂ ਪੰਚਾਇਤਾਂ ਦਾ ਇੱਕ ਵੀ ਰੁਪਈਆ ਨਹੀਂ ਖਾਣ ਦੇਣਾ। ਮੁੱਖ ਮੰਤਰੀ ਵਲੋਂ ਦਿੱਤਾ ਗਿਆ ਅਜਿਹਾ ਬਿਆਨ ਹਾਸੋਹੀਣਾ ਲੱਗਦਾ ਹੈ ਕਿਉਂਕਿ ਪੰਜਾਬ 'ਚ ਸਰਕਾਰ ਬਣਨ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਬਹੁ-ਗਿਣਤੀ ਵਿਧਾਇਕ ਇਮਾਨਦਾਰ ਨਜ਼ਰ ਨਹੀਂ ਆ ਰਹੇ। ਅਫਸਰਸ਼ਾਹੀ ਵਾਲੀ ਇਮਾਨਦਾਰੀ ਤਾਂ ਦੂਰ ਦੀ ਗੱਲ ਹੈ। ਚਾਹੇ ਉਹ ਅਫਸਰ ਪਿੰਡਾਂ ਦੀਆਂ ਪੰਚਾਇਤਾਂ ਨਾਲ ਜੁੜੇ ਹੋਏ ਹੋਣ ਜਾਂ ਕਿਸੇ ਹੋਰ ਮਹਿਕਮੇ ਨਾਲ। ਪੇਂਡੂ ਖੇਤਰਾਂ ਅੰਦਰ ਹਾਲਾਤ ਅਜਿਹੇ ਹਨ ਕਿ ਕੱਚੇ ਮਕਾਨਾਂ ਦੀ ਉਸਾਰੀ ਲਈ ਆਏ ਪੈਸਿਆਂ ਨੂੰ ਕੋਠੀਆਂ ਵਾਲੇ ਚੁਬਾਰਾ ਪਾਉਣ ਲਈ ਲੈ ਜਾਂਦੇ ਹਨ। ਬਾਹੂਬਲ ਦੇ ਸਹਾਰੇ ਹੀ ਬੁਢਾਪਾ ਪੈਨਸ਼ਨ ਨੌਜਵਾਨ ਅਤੇ ਜ਼ਮੀਨਾਂ ਵਾਲੇ ਲੈ ਜਾਂਦੇ ਹਨ। ਮਨਰੇਗਾ ਸਕੀਮਾਂ ਦਾ ਜ਼ਿਆਦਾਤਰ ਪੈਸਾ ਅਫਸਰਸ਼ਾਹੀ ਛਕ ਛਕਾ ਜਾਂਦੀ ਹੈ। ਜਿਸ ਦੀ ਪਿੰਡ ਪੱਧਰ 'ਤੇ ਕੋਈ ਜਾਂਚ ਪੜਤਾਲ ਨਹੀਂ ਹੁੰਦੀ। ਹੈਰਾਨੀਜਨਕ ਪਹਿਲੂ ਇਹ ਵੀ ਹੈ ਕਿ ਆਜ਼ਾਦੀ ਦੇ ਕਈ ਦਹਾਕੇ ਬੀਤ ਜਾਣ ਬਾਅਦ ਵੀ ਪਿੰਡਾਂ ਨੂੰ ਗਲੀਆਂ-ਨਾਲੀਆਂ ਅਤੇ ਮੜ੍ਹੀਆਂ-ਮਸਾਣੀਆਂ ਦੀਆਂ ਗਰਾਂਟਾਂ ਤੋਂ ਬਾਹਰ ਕੱਢ ਕੇ ਸਵੈ ਰੁਜ਼ਗਾਰ ਨਾਲ ਜੋੜਨ ਦਾ ਕੋਈ ਉਪਰਾਲਾ ਨਹੀਂ ਕੀਤਾ ਗਿਆ। ਕਿਉਂਕਿ ਹਰ ਦਿਨ ਵਧ ਰਹੀ ਮਹਿੰਗਾਈ ਕਾਰਨ ਲੋਕਾਂ ਦੀ ਆਰਥਿਕ ਸਥਿਤੀ ਡਾਵਾਂਡੋਲ ਹੁੰਦੀ ਜਾ ਰਹੀ ਹੈ। ਅਤੇ ਹੁਣ ਪਿੰਡਾਂ ਵਿਚ ਲੋਕਾਂ ਕੋਲ ਪਹਿਲਾਂ ਦੀ ਤਰ੍ਹਾਂ ਆਪਣੇ ਪਰਿਵਾਰਕ ਖਰਚੇ ਤੋਰਨ ਲਈ ਘਰੇਲੂ ਪੈਦਾਵਾਰ ਵੀ ਨਹੀਂ ਰਹੀ, ਸਗੋਂ ਬਜ਼ਾਰੂ ਸੋਚ ਨੇ ਇਨ੍ਹਾਂ ਲੋਕਾਂ ਨੂੰ ਸ਼ਹਿਰੀਕਰਨ ਵਿਚ ਖੜ੍ਹਾ ਕਰ ਦਿੱਤਾ ਹੈ। ਜਿੱਥੋਂ ਇਨ੍ਹਾਂ ਨੂੰ ਹਰ ਵਰਤੋਂ ਵਾਲੀ ਚੀਜ਼ ਪੈਸੇ ਨਾਲ ਹੀ ਖਰੀਦਣੀ ਪੈਂਦੀ ਹੈ। ਕਿਉਂਕਿ ਉਨ੍ਹਾਂ ਦੀਆਂ ਬੁਨਿਆਦੀ ਜ਼ਰੂਰਤਾਂ ਅਤੇ ਰੁਜ਼ਗਾਰ ਬਹੁਤ ਵੱਡੀ ਚੁਣੌਤੀ ਲੈ ਕੇ ਆ ਰਿਹਾ ਹੈ। ਫਿਰ ਵੀ ਚੋਣਾਂ ਨੂੰ ਜਿੱਤਣ ਲਈ ਪਿੰਡਾਂ ਅੰਦਰ ਲੱਖਾਂ ਰੁਪਏ ਖਰਚ ਕੀਤੇ ਗਏ ਹਨ। ਜਿਹੜੇ ਲੋਕਤੰਤਰ ਦੀ ਬਜਾਏ ਦੇਸ਼ ਦੇ ਢਾਂਚੇ ਨੂੰ ਲੋਟੂ ਟੋਲੇ ਅਤੇ ਪੂੰਜੀਵਾਦ ਵੱਲ ਧੱਕ ਰਹੇ ਹਨ। ਦੇਸ਼ ਦੇ ਕਈ ਪੱਛੜੇ ਹੋਏ ਰਾਜਾਂ ਦੀ ਤਰ੍ਹਾਂ ਪੰਜਾਬ ਵਿਚ ਵੀ ਪੰਚਾਇਤੀ ਚੋਣਾਂ ਦੌਰਾਨ ਸ਼ਰਾਬ, ਕਬਾਬ, ਭੁੱਕੀ, ਅਫੀਮ ਹਰ ਤਰ੍ਹਾਂ ਦਾ ਨਸ਼ਾ ਵੰਡਿਆ ਗਿਆ ਹੈ। ਇਸ ਤਰ੍ਹਾਂ ਹੋਣ ਨਾਲ ਨਸ਼ਿਆਂ ਦੇ ਸੌਦਾਗਰ ਪੈਸਿਆਂ ਨਾਲ ਆਪਣੀਆਂ ਜੇਬਾਂ ਭਰਦੇ ਰਹੇ ਅਤੇ ਲੋਕਤੰਤਰ ਇਨ੍ਹਾਂ ਨਸ਼ਿਆਂ ਦੇ ਦਰਿਆ ਵਿਚ ਹੀ ਰੁਲਦਾ ਰਿਹਾ। ਸਰਪੰਚੀ ਦੀ ਚੋਣ ਲੜ ਰਹੇ ਉਮੀਦਵਾਰਾਂ ਨੇ 25 ਤੋਂ 50 ਲੱਖ ਰੁਪਏ ਤੱਕ ਵੀ ਖਰਚ ਕੀਤਾ ਹੈ। ਇਸ ਤਰ੍ਹਾਂ ਦੇ ਰੁਝਾਨ ਨੇ ਪਿੰਡਾਂ ਵਿਚ ਲੋਕਤੰਤਰੀ ਸਿਸਟਮ ਨੂੰ ਪੂੰਜੀਵਾਦ ਵੱਲ ਹੀ ਨਹੀਂ ਧੱਕਿਆ, ਸਗੋਂ ਬਾਹੂਬਲ ਤੇ ਪੈਸੇ ਦੇ ਸਹਾਰੇ ਚੋਣਾਂ ਲੜਨ ਅਤੇ ਜਿੱਤਣ ਨੂੰ ਵੀ ਤਰਜੀਹ ਦਿੱਤੀ ਹੈ। ਨਸ਼ਿਆਂ ਵਰਗੇ ਭਿਆਨਕ ਦੌਰ ਵਿਚੋਂ ਗੁਜ਼ਰ ਰਹੇ ਪੰਜਾਬ ਦੇ ਲੋਕਾਂ ਲਈ ਵੋਟਤੰਤਰ ਦੇ ਨਾਮ 'ਤੇ ਵਰਤਾਇਆ ਜਾਣ ਵਾਲਾ ਨਸ਼ਾਤੰਤਰ ਮਾੜੇ ਦਿਨਾਂ ਦੀ ਨਿਸ਼ਾਨੀ ਹੈ। ਲੇਖ ਦੇ ਸ਼ੁਰੂ 'ਚ ਦੱਸਿਆ ਗਿਆ ਹੈ ਕਿ ਸਰਕਾਰ ਪਿੰਡਾਂ ਦੀਆਂ ਪੰਚਾਇਤਾਂ ਲਈ ਕੀ ਕਰ ਸਕਦੀ ਹੈ ਅਤੇ ਲੋਕ ਪਿੰਡਾਂ ਦੇ ਵਿਕਾਸ ਕਾਰਜਾਂ ਦੇ ਕੰਮ ਕਰਵਾਉਣ ਲਈ ਗਰਾਮ ਸਭਾ ਦੇ ਇਜਲਾਸ ਬੁਲਾ ਸਕਦੇ ਹਨ। ਇਹ ਸਭ ਤੋਂ ਵਧੀਆ ਢੰਗ ਹੈ। ਕਿਉਂਕਿ ਗਰਾਮ ਸਭਾ ਪਿੰਡ ਪੱਧਰ ਦੀ ਮਿੰਨੀ ਪਾਰਲੀਮੈਂਟ ਹੁੰਦੀ ਹੈ। ਗਰਾਮ ਸਭਾ ਵਲੋਂ ਪਾਏ ਗਏ ਮਤੇ ਨੂੰ ਕੋਈ ਵੀ ਰੱਦ ਨਹੀਂ ਕਰ ਸਕਦਾ, ਜਿਸ ਕਰਕੇ ਲੋਕਾਂ ਨੂੰ ਗਰਾਮ ਸਭਾ ਰਾਹੀਂ ਹੀ ਵਿਕਾਸ ਦੇ ਕੰਮ ਕਰਵਾਉਣੇ ਚਾਹੀਦੇ ਹਨ।

# ਆਖ਼ਰੀ ਚੇਤਾਵਨੀ

## ਵਿਗਿਆਨ ਗਲਪ ਕਹਾਣੀ



ਡਾ. ਡੀ.ਪੀ. ਸਿੰਘ
ਕੈਨੇਡਾ
email: drdpsn@hotmail.com
Website: drdpsinghauthor.wordpress.com
ਪੰਜਾਬ ਮੇਲ USA



ਅਪ੍ਰੈਲ ਦਾ ਮਹੀਨਾ ਸੀ, ਵੱਡੇ ਭਰਾ ਦਾ ਸੁਨੇਹਾ ਆਇਆ ਸੀ ਕਿ ਫਸਲ ਪੱਕ ਗਈ ਹੈ ਤੇ ਕਣਕ ਦੀ ਵਾਢੀ ਲਈ ਮਦਦ ਦੀ ਲੋੜ ਹੈ। ਸੁਨੇਹਾ ਮਿਲਦਿਆਂ ਅਗਲੇ ਹੀ ਦਿਨ ਪਿੰਡ ਨੂੰ ਚੱਲ ਪਿਆ ਸਾਂ। ਪਿੰਡ ਨੂੰ ਜਾ ਰਹੀ ਬੱਸ ਵਿਚ ਬੈਠਾ ਮੈਂ ਖੁਸ਼ ਸਾਂ ਕਿ ਅਗਲੇ ਕੁਝ ਦਿਨ ਪਿੰਡ ਵਿਚ ਕੁਦਰਤ ਦੇ ਸੰਗ, ਹਰੇ-ਭਰੇ ਰੁੱਖਾਂ ਦੀ ਛਾਂ ਹੇਠ, ਤਰੋ-ਤਾਜ਼ੀ ਹਵਾ ਦਾ ਆਨੰਦ ਮਾਣ ਸਕਾਂਗਾ। ਸ਼ਹਿਰ ਦੀ ਖ਼ਾਦ ਫੈਕਟਰੀ ਵਿਚ ਨੌਕਰੀ ਕਰਦਿਆਂ ਤਾਂ ਜ਼ਹਿਰੀਲੀਆ ਗੈਸਾਂ ਹੀ ਨੱਕ ਵਿਚ ਦਮ ਕਰੀ ਰੱਖਦੀਆਂ ਨੇ। ਹੋਰ ਤਾਂ ਹੋਰ ਖਾਦ ਫੈਕਟਰੀ ਦੀ ਕੋਲੇ ਦੀ ਰਾਖ਼, ਹਵਾ ਦੇ ਬੁੱਲਿਆਂ ਨਾਲ ਉੱਡ-ਉੱਡ, ਕੱਪੜੇ ਤਾਂ ਕੀ, ਮੂੰਹ ਸਿਰ ਵੀ ਕਾਲਾ ਹੀ ਕਰੀ ਰੱਖਦੀ ਹੈ। ਫੈਕਟਰੀ ਕੋਲੋਂ ਲੰਘਦੇ ਸਤਲੁਜ ਦਰਿਆ ਨੂੰ ਤਾਂ ਇਸ ਰਾਖ ਨੇ ਕਾਲਾ ਕਰ ਹੀ ਦਿੱਤਾ ਹੈ ਤੇ ਬਹੁਤ ਵਾਰ ਤਾਂ ਖਾਣੇ ਵਿਚ ਵੀ ਕਿਰਕ ਹੀ ਜਾਪਦੀ ਹੈ, ਜਿਵੇਂ ਇਸ ਸੁਆਹ ਨੇ ਪੂਰੇ ਜਹਾਨ ਉੱਤੇ ਕਬਜ਼ਾ ਕਰਨ ਦੀ ਠਾਣੀ ਹੋਈ ਹੈ।

ਜਿਵੇਂ ਹੀ ਬੱਸ ਨੇ ਪਿੰਡਾਂ ਵਿਚੋਂ ਲੰਘਦੀ ਸੜਕ ਦਾ ਰਾਹ ਫੜ੍ਹਿਆ, ਦੂਰ-ਦੂਰ ਤਕ ਸੋਨੇ ਰੰਗੀ ਕਣਕ ਦੀ ਫ਼ਸਲ ਤੇ ਕਿਧਰੇ-ਕਿਧਰੇ ਹਰੇ-ਭਰੇ ਕਮਾਦ ਦੀ ਫ਼ਸਲ ਰੁਮਕ ਰਹੀ ਹਵਾ ਨਾਲ ਲਹਿਲਹਾਂਦੀ ਨਜ਼ਰ ਪਈ। ਕਣਕ ਦੀ ਵਢਾਈ ਦਾ ਸੀਜ਼ਨ ਸ਼ੁਰੂ ਹੋ ਗਿਆ ਜਾਪ ਰਿਹਾ ਸੀ। ਇਸੇ ਕਾਰਣ ਕਈ ਖੇਤਾਂ ਵਿਚ ਤਾਂ ਵਢਾਈ ਪਿੱਛੋਂ ਕਣਕ ਦੀ ਨਾੜ ਹੀ ਖੜ੍ਹੀ ਨਜ਼ਰ ਆ ਰਹੀ ਸੀ। ਜਿਵੇਂ ਹੀ ਬੱਸ ਅੱਗੇ ਵਧੀ, ਇਹ ਕੀ, ਕਈ ਖੇਤਾਂ ਵਾਲਿਆਂ ਨੇ ਤਾਂ ਇਸ ਨਾੜ ਨੂੰ ਅੱਗ ਹੀ ਲਾ ਦਿੱਤੀ ਸੀ, ਜਿਸ ਨਾਲ ਸਾਰਾ ਮਾਹੌਲ ਹੀ ਧੂੰਏ ਨਾਲ ਗੰਧਲਾ ਹੋਇਆ ਪਿਆ ਸੀ। ਕਿਧਰੇ ਅੱਗ ਬਲ ਰਹੀ ਸੀ ਤੇ ਕਿਧਰੇ ਸਭ ਕੁਝ ਸੜ੍ਹ ਕੇ ਸੁਆਹ ਹੋਇਆ ਨਜ਼ਰ ਆ ਰਿਹਾ ਸੀ। ਇਨ੍ਹਾਂ ਖੇਤਾਂ ਵਿਚ ਮੌਜੂਦ ਰੁੱਖ ਵੀ ਅੱਗ ਦੀਆਂ ਲਪਟਾਂ ਨਾਲ ਕੰਗਾਰ ਬਣੇ, ਹਵਾਈ ਵਾਵਰੋਲਿਆਂ ਨਾਲ ਉੱਡਦੀ ਕਾਲੀ ਸੁਆਹ ਦਾ ਨਾਲ ਅੱਟੇ ਹੋਏ ਕਾਲੇ ਭੂਤ ਹੀ ਲਗ ਰਹੇ ਸਨ। ਇਹ ਕਿਹੋ ਕਿਹੇ ਪੰਜਾਬ ਵਿਚ ਆ ਗਿਆ ਸਾਂ ਮੈਂ। ਮੇਰੇ ਬਚਪਨ ਵਾਲਾ ਹਰੀਆਂ-ਕਚੂਰ ਫ਼ਸਲਾਂ ਵਾਲਾ ਰੰਗਲਾ ਪੰਜਾਬ, ਜਿਸ ਦੇ ਜੰਗਲ ਬੇਲਿਆਂ ਵਿਚ ਹਰੇ-ਭਰੇ ਰੁੱਖਾਂ ਤੇ ਉਨ੍ਹਾਂ ਉਪਰ ਲੁੱਕਣ-ਮੀਟੀ ਖੇਲ ਰਹੇ ਪੰਛੀਆਂ ਦੀ ਚਹਿਚਹਾਹਟ ਕਿਧਰ ਚਲੀ ਗਈ ਸੀ। ਨਾ ਕਿਧਰੇ ਜੰਗਲ ਬੇਲੇ ਹੀ ਨਜ਼ਰ ਆ ਰਹੇ ਸਨ ਤੇ ਨਾ ਹੀ ਪੰਛੀ। ਸਗੋਂ ਧੂੰਏ ਦੇ ਗੁਬਾਰ ਹੇਠ ਕਾਲੀ ਸੁਆਹ ਰੰਗੇ ਖੇਤਾਂ ਵਿਚ ਦਿਖਾਈ ਦੇ ਰਹੀਆਂ ਚਿੜ੍ਹੀਆਂ, ਸ਼ਾਰਕਾਂ ਤੇ ਰੁੱਖਾਂ ਦੀਆਂ ਅੱਧ-ਸੜੀਆਂ ਲਾਸ਼ਾਂ ਇਨ੍ਹਾਂ ਖੇਤਾਂ ਨੂੰ ਕਿਸੇ ਸਮਸ਼ਾਨ ਘਾਟ ਹੋਣ ਦੀ ਦੱਸ ਪਾ ਰਹੀਆਂ ਸਨ। ਹਾਲਾਤ ਦੇਖ ਮਨ ਡਾਢਾ ਉਦਾਸ ਹੋ ਗਿਆ।

ਘਰ ਪਹੁੰਚਿਆ, ਖਾਣਾ ਖਾਣ ਤੋਂ ਬਾਅਦ ਅਗਲੇ ਦਿਨ ਦਾ ਪ੍ਰੋਗਰਾਮ ਬਣਾ, ਸੌਣ ਲਈ ਕੋਠੇ ਉੱਤੇ ਡਾਹੇ ਮੰਜਿਆਂ ਉੱਤੇ ਜਾ ਪਏ।

ਮੈਨੂੰ ਉਦਾਸ ਦੇਖ ਵੱਡੇ ਭਰਾ ਨੇ ਪੁੱਛਿਆ, 'ਘਰੇ ਤਾਂ ਠੀਕ ਠਾਕ ਹੈ ਨਾ ਸਭ ਕੁਝ? ਮੂੰਹ ਕਿਉਂ ਲੱਥਿਆ ਹੋਇਆ ਹੈ?'

'ਹੂੰ! ਆਹ ਕਿਹੋ ਜਿਹਾ ਮਾਹੌਲ ਬਣਾ ਰੱਖਿਆ ਹੈ ਪਿੰਡਾਂ ਵਾਲਿਆਂ?' ਮੈਂ ਉਦਾਸ ਸੁਰ ਵਿਚ ਬੋਲਿਆ।

'ਕਿਉਂ ਕੀ ਹੋਇਆ?'

'ਖੇਤਾਂ ਵਿਚ ਥਾਂ-ਥਾਂ ਨਾੜ ਨੂੰ ਅੱਗ ਲਾ ਲੋਕਾਂ ਤਾਂ ਸਾਰਾ ਮਾਹੌਲ ਹੀ ਵਿਗਾੜ ਦਿੱਤਾ ਹੈ। ਧੂੰਏ ਭਰੀ ਹਵਾ ਨੇ ਤਾਂ ਸਾਹ ਲੈਣਾ ਵੀ ਦੁੱਭਰ ਕੀਤਾ ਹੋਇਆ ਹੈ। ਮੈਂ ਤਾਂ ਸੋਚਦਾ ਸਾਂ ਕਿ ਸ਼ਹਿਰਾਂ ਵਿਚ ਹੀ ਫੈਕਟਰੀਆਂ ਤੇ ਬੱਸਾਂ-ਗੱਡੀਆਂ ਵਿਚੋਂ ਨਿਕਲਦੀਆਂ ਜ਼ਹਿਰੀਲੀਆਂ ਗੈਸਾਂ ਤੇ ਧੂੰਏ ਕਾਰਣ ਹਾਲਤ ਗੜਬੜ ਹੈ। ਪਰ ਹੁਣ ਤਾਂ ਪਿੰਡਾਂ ਦਾ ਵੀ ਉਹੋ-ਜਿਹਾ ਹੀ ਹਾਲ ਹੈ।'

'ਜਦ ਤੋਂ ਖੇਤੀ ਦਾ ਕੰਮ ਮਸ਼ੀਨਾਂ ਨਾਲ ਹੋਣ ਲੱਗ ਪਿਆ ਹੈ, ਤਾਂ ਮਨੁੱਖ ਦੇ ਲਾਲਚ ਨੇ ਤਾਂ ਤੌਬਾ ਹੀ ਕਰਾ ਦਿੱਤੀ ਹੈ। ਇਕ ਫਸਲ ਕੱਟਦਿਆਂ ਹੀ ਦੂਸਰੀ ਫਸਲ ਦੀ ਬੀਜਾਈ ਲਈ ਜ਼ਮੀਨ ਤਿਆਰ ਕਰਨ ਲਈ ਇਹ ਸ਼ਾਰਟ-ਕੱਟ ਜੂ ਹੈ ਨਾੜ ਨੂੰ ਸਾੜ ਦੇਣਾ।'

'ਪਹਿਲਾਂ ਤਾਂ ਲੋਕ ਨਾੜ ਨੂੰ ਕੁਤਰ ਕੇ ਤੂੜੀ ਬਣਾ ਲੈਂਦੇ ਸਨ ਤੇ ਸਾਰਾ ਸਾਲ ਚਾਰੇ ਵਿਚ ਡੰਗਰਾਂ ਨੂੰ ਪਾਂਦੇ ਸਨ, ਪਰ ਹੁਣ ਅਜਿਹਾ ਕਿਉਂ ਨਹੀਂ ਕਰਦੇ?'

'ਪਹਿਲਾਂ ਤਾਂ ਅੱਜਕੱਲ੍ਹ ਢੱਗੇ ਰਹੇ ਹੀ ਨਹੀਂ। ਖੇਤੀ ਮਸ਼ੀਨਾਂ ਨਾਲ ਜੂ ਹੋਣ ਲੱਗ ਪਈ। ਢੱਗੇ ਪਾਲਣ ਦੀ ਜ਼ਰੂਰਤ ਹੀ ਖ਼ਤਮ ਹੋ ਗਈ। ਰਹੀ ਗੱਲ ਲਵੇਰੀਆਂ ਦੀ, ਉਨ੍ਹਾਂ ਨੂੰ ਤਾਂ ਹਰੇ ਪੱਠੇ ਹੀ ਚਾਹੀਦੇ ਨੇ, ਸੁੱਕੀ ਤੂੜੀ ਪਾਣ ਨਾਲ, ਤਾਂ ਉਨ੍ਹਾਂ ਦਾ ਦੁੱਧ ਹੀ ਸੁੱਕ ਜਾਂਦਾ ਹੈ। ਫਿਰ ਭਲਾ ਕੋਈ ਤੂੜੀ ਦਾ ਕੀ ਕਰੇ। ਨਾੜ ਨੂੰ ਖੇਤ ਵਿਚ ਹੀ ਵਾਹਿਆਂ ਇਹ ਗਲਣ-ਸੜਣ ਨੂੰ ਬਹੁਤ ਸਮਾਂ ਲਾ ਦਿੰਦੀ ਹੈ। ਕੱਟ ਕੇ ਸੁੱਟਣ ਲਈ ਮਜ਼ਦੂਰੀ ਦਾ ਖਰਚਾ ਕੌਣ ਝੱਲੇ, ਇਸ ਲਈ ਇਸ ਨੂੰ ਅੱਗ ਲਾਉਣਾ ਹੀ ਵਕਤ ਦਾ ਰਿਵਾਜ਼ ਬਣ ਗਿਆ ਹੈ।'

'ਪਰ ਇਸ ਨਾਲ ਵਾਤਾਵਰਣ ਦਾ ਤਾਂ ਬਹੁਤ ਨੁਕਸਾਨ ਹੁੰਦਾ ਹੈ। ਅਜਿਹੀ ਅੱਗ ਨਾਲ ਤਾਂ ਰੁੱਖ, ਪੌਦੇ, ਪੰਛੀ ਤੇ ਪਰਾਗਦਾਨੀ ਤਾਂ ਬਿਲਕੁਲ ਹੀ ਸੜ੍ਹ-ਬਲ ਜਾਂਦੇ ਹਨ। ਉਨ੍ਹਾਂ ਦੀ ਭਰਪਾਈ ਤਾਂ ਕਿਵੇਂ ਹੋਊ?'

'ਕੌਣ ਸੋਚਦਾ ਇੰਨੀ ਲੰਮੀ ਸੋਚ। ਹਰ ਕੋਈ ਤਾਂ ਜ਼ਮੀਨ ਵਿਚੋਂ ਸਾਲ ਅੰਦਰ ਤਿੰਨ-ਤਿੰਨ, ਚਾਰ-ਚਾਰ ਫ਼ਸਲਾਂ ਕੱਢਣ ਦੀ ਦੌੜ੍ਹ ਵਿਚ ਹੈ। ਹੋਰ ਤੇ ਹੋਰ ਪੈਸਾ ਇਕੱਠਾ ਕਰਨ ਦੀ ਲਾਲਸਾ ਨੇ ਹਰ ਕਿਸੇ ਨੂੰ ਗੁੰਗਾ, ਬੋਲਾ ਤੇ ਅੰਨ੍ਹਾ ਕਰ ਦਿੱਤਾ ਹੈ। ਬੇਜ਼ੁਬਾਨਿਆਂ ਦੀ ਚੀਖ ਪੁਕਾਰ ਇਨ੍ਹਾਂ ਨੂੰ ਸੁਣਾਈ ਨਹੀਂ ਦਿੰਦੀ ਤੇ ਨਾ ਹੀ ਪੰਛੀਆਂ ਦਾ ਉਜਾੜ੍ਹਾ ਹੀ ਨਜ਼ਰ ਆਉਂਦਾ ਹੈ। ਬੇਜ਼ੁਬਾਨਿਆਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਵਾਲਾ ਕੋਈ ਵੀ ਦਿਖਾਈ ਨਹੀਂ ਦਿੰਦਾ। ਹੁਣ ਤਾਂ ਸਰਕਾਰ ਉੱਤੇ ਹੀ ਆਸ ਹੈ ਕਿ ਉਹ ਇਸ ਔਕੜ੍ਹ ਦਾ ਕੋਈ ਹੱਲ ਕੱਢੇ।' ਵੱਡੇ ਭਰਾ ਨੇ ਹਾਉਕਾ ਭਰਦਿਆਂ ਕਿਹਾ।

'ਇਥੇ ਹੀ ਨਹੀਂ, ਪੂਰੀ ਧਰਤੀ ਦੇ ਹਾਲਾਤ ਹੀ ਖ਼ਰਾਬ ਹੋ ਗਏ ਨੇ ਇਨਸਾਨ ਦੇ ਲਾਲਚ ਕਾਰਣ। ਸ਼ਹਿਰਾਂ ਤੇ ਮਹਾਨਗਰਾਂ ਵਿਚ ਬੱਸਾਂ, ਗੱਡੀਆਂ, ਕਾਰਾਂ ਤੇ ਫੈਕਟਰੀਆਂ ਤੋਂ ਨਿਕਲ ਰਹੇ ਪ੍ਰਦੂਸ਼ਣ ਨੇ ਨੱਕ ਵਿਚ ਦਮ ਕੀਤਾ ਪਿਆ ਹੈ। ਵਿਗਿਆਨੀ ਕਹਿੰਦੇ ਨੇ ਕਿ ਇਨ੍ਹਾਂ ਕਾਰਣ ਧਰਤੀ ਦੇ ਹਵਾਈ ਗਿਲਾਫ਼ ਦਾ ਤਾਪਮਾਨ ਵਧਦਾ ਜਾ ਰਿਹਾ ਹੈ। ਜਿਸ ਕਾਰਣ ਮੌਸਮਾਂ ਵਿਚ ਵੀ ਡਾਢੀ ਤਬਦੀਲੀ ਨਜ਼ਰ ਆਉਣ ਲੱਗੀ ਹੈ। ਇਨ੍ਹਾਂ ਦਿਨ੍ਹਾਂ ਵਿਚ ਕਿਧਰੇ ਇੰਨੀ ਗਰਮੀ ਕਦੇ ਪੈਂਦੀ ਸੀ ਭਲਾ?'

'ਪਤਾ ਨਹੀਂ ਕੀ ਬਣੂ ਦੁਨੀਆਂ ਦਾ!' ਭਰਾ ਦੇ ਉਦਾਸੀ ਭਰੇ ਬੋਲ ਸਨ।

ਸੋਚਾਂ ਸੋਚਦਿਆਂ ਪਤਾ ਨਹੀਂ ਕਦ ਨੀਂਦ ਨੇ ਘੇਰ ਲਿਆ।

ਪਿੰਡ ਦੇ ਉੱਤਰ ਵੱਲ ਲੰਬੜਾਂ ਦਾ ਖੂਹ ਮੌਜੂਦ ਸੀ। ਜਿਸ ਗਿਰਦ ਦਰੱਖਤਾਂ ਦਾ ਝੁਰਮਟ, ਪਿਛਲੇ ਦਿਨ੍ਹੀਂ ਲਾਗਲੇ ਖੇਤ ਵਿਚ ਮੌਜੂਦ ਨਾੜ੍ਹ ਨੂੰ ਲਾਈ ਅੱਗ ਕਾਰਣ ਝੁਲਸਿਆ ਖੜ੍ਹਾ ਸੀ। ਮੱਸਿਆ ਦੀ ਕਾਲੀ ਬੋਲੀ ਰਾਤ ਵਿਚ, ਪੱਤਿਆਂ ਤੋਂ ਸੱਖਣੇ ਰੁੱਖਾਂ ਦੇ ਡਾਹਣ, ਕਿਸੇ ਫ਼ਕੀਰ ਦੀਆਂ ਦੁਆ ਲਈ ਉਪਰ ਉੱਠੀਆਂ ਬਾਹਵਾਂ ਵਾਂਗ ਜਾਪ ਰਹੇ ਸਨ।

ਅੱਧੀ ਕੁ ਰਾਤ ਨੂੰ, ਖੂਹ ਵਾਲੇ ਪਾਸੇ ਤੋਂ ਕਿਸੇ ਭਾਰੀ ਭਰਕਮ ਚੀਜ਼ ਦੇ ਡਿੱਗਣ ਦੀ ਆਵਾਜ਼ ਸੁਣਾਈ ਦਿੱਤੀ। ਇਸ ਟੱਕਰ ਨਾਲ ਧਰਤੀ ਕੰਬ ਗਈ। ਧਮਾਕੇ ਦੀ ਉੱਚੀ ਆਵਾਜ਼ ਨੇ ਪਿੰਡ ਦੇ ਲੋਕਾਂ ਨੂੰ ਗਹਿਰੀ ਨੀਂਦ ਤੋਂ ਜਗਾ ਦਿੱਤਾ।

'ਇਹ ਕੀ ਹੋ ਗਿਆ?' ਵੱਡੇ ਭਰਾ ਦੇ ਪ੍ਰੇਸ਼ਾਨੀ ਭਰੇ ਬੋਲ ਸੁਣਾਈ ਦਿੱਤੇ।

'ਪਤਾ ਨਹੀਂ। ਪਰ ਧਮਾਕੇ ਤੋਂ ਤਾਂ ਜਾਪਦਾ ਹੈ ਕਿ ਕੋਈ ਕਾਫ਼ੀ ਵੱਡੀ ਚੀਜ਼ ਡਿੱਗੀ ਹੈ।' ਮੈਂ ਕਿਹਾ।

'ਚਲੋ! ਦੇਖੀਏ ਕੀ ਹੋਇਆ ਹੈ।' ਭਰਾ ਬੋਲਿਆ।

ਅਸੀਂ ਦੋਨੋਂ ਜਲਦੀ-ਜਲਦੀ ਉੱਠੇ ਤੇ ਉਤਸੁਕਤਾ ਵੱਸ ਮੋਟਰ-ਸਾਇਕਲ ਉੱਤੇ ਸਵਾਰ ਹੋ ਫਟਾਫਟ ਘਟਨਾ ਵਾਲੇ ਸਥਾਨ ਵੱਲ ਚਲ ਪਏ।

ਪਹਿਲਾਂ ਹੀ ਕਿੰਨੇ ਲੋਕ ਉਸ ਸਥਾਨ ਵੱਲ ਜਾ ਰਹੇ ਸਨ। ਕੋਈ ਸਕੂਟਰਾਂ ਉੱਤੇ ਸਵਾਰ ਸਨ, ਤੇ ਕੋਈ ਸਾਇਕਲਾਂ ਉੱਤੇ। ਕਈ ਤਾਂ ਪੈਦਲ ਹੀ ਉਸ ਪਾਸੇ ਵੱਲ ਨੂੰ ਤੁਰੇ ਹੋਏ ਸਨ।

ਜਦੋਂ ਅਸੀਂ ਦੋਨੋਂ ਉੱਥੇ ਪੁੱਜੇ, ਤਾਂ ਕਈ ਲੋਕ ਪਹਿਲਾਂ ਹੀ ਉੱਥੇ ਪਹੁੰਚ ਹੋ ਚੁੱਕੇ ਸਨ।

ਦੂਰ ਪਰੇ ਡਿੱਗੀ ਚੀਜ਼ ਕਾਰਣ ਬਾਟੇ ਦੀ ਸ਼ਕਲ ਵਾਲਾ ਵੱਡਾ ਟੋਆ ਨਜ਼ਰ ਆ ਰਿਹਾ ਸੀ, ਜਿਸ ਉਪਰ ਧੂੰਏ ਦਾ ਗੁਬਾਰ ਛਾਇਆ ਹੋਇਆ ਸੀ। ਇਸ ਧੂੰਏ ਵਿਚ ਕਾਫ਼ੀ ਵੱਡੇ ਆਕਾਰ ਵਾਲਾ ਧਾਂਤ ਦਾ ਗੋਲਾ ਦਿਖਾਈ ਦੇ ਰਿਹਾ ਸੀ। ਇਸ ਗੋਲੇ ਦਾ ਵਿਆਸ ਲਗਭਗ ਤੀਹ ਫੁੱਟ ਸੀ।

ਪਿੰਡ ਦਾ ਪੰਸਾਰੀ ਗਿਰਧਾਰੀ ਲਾਲ, ਵੱਡੇ ਭਰਾ ਕੋਲ ਆ ਆਪਣੀ ਭਾਰੀ ਭਰਕਮ ਆਵਾਜ਼ ਵਿਚ ਬੋਲਿਆ, 'ਤੋਬਾ, ਤੋਬਾ। ਇਹ ਤਾਂ ਬਹੁਤ ਵੱਡੀ ਸ਼ੈਅ ਹੈ।'

'ਹਾਂ, ਪਰ ਪਤਾ ਨਹੀਂ ਇਹ ਕੀ ਹੈ ਤੇ ਕਿਥੋਂ ਆਈ ਹੈ? ਪਹਿਲਾਂ ਤਾਂ ਅਜਿਹੀ ਚੀਜ਼ ਕਦੇ ਨਹੀਂ ਦੇਖੀ।' ਵੱਡੇ ਭਰਾ ਦੇ ਬੋਲ ਸਨ।

ਹੁਣ ਧੂੰਆਂ ਪਹਿਲਾਂ ਨਾਲੋਂ ਥੋੜਾ ਘੱਟ ਗਿਆ ਸੀ।

'ਦੇਖੋ ਦੇਖੋ ਉਹ ਖਿੜਕੀਆਂ ਜਿਹੀਆਂ ਨਜ਼ਰ ਆ ਰਹੀਆਂ ਹਨ।' ਗਿਰਧਾਰੀ ਨੇ ਉਸ ਗੋਲੇ ਦੇ ਇਕ ਪਾਸੇ ਬਣੇ ਅੰਡਾਕਾਰ ਛੇਕਾਂ ਵੱਲ ਇਸ਼ਾਰਾ ਕਰਦੇ ਹੋਏ ਕਿਹਾ।

'ਜਾਪਦਾ ਹੈ ਕਿ ਇਹ ਕੋਈ ਉੱਡਣ-ਤਸ਼ਤਰੀ ਹੈ।'

'ਹੂੰ।'

'ਰੱਬ ਖੈਰ ਕਰੇ। ਮੈਂ ਤਾਂ ਅਜਿਹੀਆਂ ਗੱਲਾਂ ਨੂੰ ਗੱਪਾਂ ਹੀ ਸਮਝਦਾ ਰਿਹਾ ਹਾਂ।'

'ਮੈਂ ਵੀ ਇਨ੍ਹਾਂ ਨੂੰ ਕੋਰੀ ਕਲਪਨਾ ਦੀ ਉਡਾਣ ਹੀ ਸਮਝਦਾ ਸਾਂ, ਪੁਰਾਣੀਆਂ ਉੱਡਣ ਖਟੋਲਿਆਂ ਦੀਆਂ ਗੱਲਾਂ ਵਾਂਗ।'

ਗੋਲੇ ਵਿਚੋਂ ਅਚਾਨਕ ਘੂੰ ਘੂੰ ਦੀ ਆਵਾਜ਼ ਸੁਣਾਈ ਦੇਣ ਲੱਗੀ, ਤਾਂ ਸਾਰੇ ਫਟਾਫਟ ਉਸ ਤੋਂ ਦੂਰ ਹਟ ਗਏ।

'ਤੁਹਾਡਾ ਕੀ ਖਿਆਲ ਹੈ? ਸਰਪੰਚ ਸਾਹਿਬ!' ਕੁਝ ਦੂਰੀ 'ਤੇ ਖੜ੍ਹੇ ਗਿਆਨੀ ਪੂਰਨ ਸਿੰਘ ਨੇ ਸਰਪੰਚ ਚਰਨ ਸਿੰਘ ਨੂੰ ਸੰਬੋਧਿਤ ਕਰਦੇ ਹੋਏ ਕਿਹਾ। ਹੋਰਨਾਂ ਵਾਂਗ ਉਹ ਵੀ ਇਸ ਅਜੀਬੋ-ਗਰੀਬ ਚੀਜ਼ ਨੂੰ ਦੇਖ ਹੈਰਾਨ ਪ੍ਰੇਸ਼ਾਨ ਨਜ਼ਰ ਆ ਰਿਹਾ ਸੀ।

'ਗਿਆਨੀ ਜੀ! ਪੱਕਾ ਤਾਂ ਕੁਝ ਵੀ ਨਹੀਂ ਕਿਹਾ ਜਾ ਸਕਦਾ। ਹੋ ਸਕਦਾ ਹੈ ਇਹ ਕਿਸੇ ਸਰਕਾਰੀ ਤਜ਼ਰਬੇ ਦਾ ਹੀ ਹਿੱਸਾ ਹੋਵੇ, ਜਾਂ ਫਿਰ ਪੁਲਾੜ ਤੋਂ ਆਈ ਕੋਈ ਸ਼ੈਅ ਵੀ ਹੋ ਸਕਦੀ ਹੈ।'

'ਪੁਲਾੜ ਤੋਂ?'

'ਗਿਆਨੀ ਜੀ! ਕੀ ਪਤਾ ਇਹੋ ਹੀ ਸੱਚ ਹੋਵੇ, ਕੌਣ ਜਾਣਦਾ ਹੈ ਵਿਸ਼ਾਲ ਬ੍ਰਹਿਮੰਡ ਵਿਚ ਕੀ-ਕੀ ਭੇਤ ਛੁੱਪੇ ਪਏ ਹਨ?'

'ਵਾਹਿਗੁਰੂ! ਵਾਹਿਗੁਰੂ!' ਗਿਆਨੀ ਪੂਰਨ ਸਿੰਘ ਨੇ ਹਾਮੀ ਭਰਦਿਆਂ ਕਿਹਾ, 'ਰੱਬ ਦੇ ਰੰਗ ਵੀ ਨਿਆਰੇ ਨੇ।'

ਧਮਾਕੇ ਨੂੰ ਵਾਪਰਿਆਂ ਘੰਟਾ ਕੁ ਬੀਤ ਚੁੱਕਾ ਸੀ। ਹੁਣ ਤੱਕ ਆਲੇ-ਦੁਆਲੇ ਦੇ ਪਿੰਡਾਂ ਤੋਂ ਵੀ ਲੋਕ ਪਹੁੰਚ ਚੁੱਕੇ ਸਨ। ਕਾਫ਼ੀ ਭੀੜ ਇਕੱਠੀ ਹੋ ਚੁੱਕੀ ਸੀ।

ਤਦ ਅਚਾਨਕ ਹੀ ਇਹ ਘਟਨਾ ਵਾਪਰ ਗਈ।

ਗੋਲੇ ਦੇ ਆਕਾਰ ਵਾਲੇ ਵਾਹਣ ਦਾ ਇਕ ਪਾਸਾ ਹੌਲੇ-ਹੌਲੇ ਉੱਪਰ ਉੱਠਣ ਲੱਗ ਪਿਆ। ਲੋਕਾਂ ਦੀ ਭੀੜ ਘਬਰਾ ਕੇ ਪਿੱਛੇ ਵੱਲ ਹਟ ਗਈ। ਗੋਲੇ ਵਿਚੋਂ ਆ ਰਹੀ ਘੂੰ ਘੂੰ ਦੀ ਆਵਾਜ਼ ਹੁਣ ਉੱਚੀ ਹੋ ਗਈ ਸੀ। ਗੋਲੇ ਦੀ ਵੱਖੀ ਵਿਚੋਂ ਇਕ ਪਲੇਟਫਾਰਮ ਜਿਹਾ ਬਾਹਰ ਆਇਆ ਤੇ ਇਸ ਦਾ ਭੀੜ ਵੱਲ ਦਾ ਸਿਰਾ ਟੋਏ ਦੇ ਕਿਨਾਰੇ ਕੋਲ ਆ ਕੇ ਰੁੱਕ ਗਿਆ। ਹੁਣ ਗੋਲੇ ਦੀ ਵੱਖੀ ਵਿਚ ਇਕ ਦਰਵਾਜ਼ਾ ਜਿਹਾ ਬਣ ਗਿਆ ਸੀ, ਜਿਸ ਵਿਚੋਂ ਤੁਰੰਤ ਹੀ ਬਹੁਤ ਅਜੀਬ ਕਿਸਮ ਦੇ ਜੀਵਾਂ ਦਾ ਇਕ ਜੋੜਾ ਬਾਹਰ ਨਿਕਲ ਪਲੇਟਫਾਰਮ ਉੱਤੇ ਅੱਗੇ ਵੱਧਣ ਲਗਾ। ਉੱਚੇ-ਲੰਮੇ ਤੇ ਪਤਲੇ ਜਿਹੇ ਇਹ ਦੋਨੋਂ ਜੀਵ ਮਸ਼ੀਨੀ-ਮਨੁੱਖਾਂ (ਮਾਨਵੀ ਰੂਪ ਵਾਲੇ ਰੋਬੋਟਾਂ) ਵਰਗੇ ਜਾਪ ਰਹੇ ਸਨ। ਉਨ੍ਹਾਂ ਦਾ ਕੱਦ ਸਾਢੇ ਛੇ ਫੁੱਟ ਦੇ ਲਗਭਗ ਸੀ। ਉਨ੍ਹਾਂ ਨੇ ਸਲੇਟੀ ਰੰਗੀ ਚਮਕਦਾਰ ਧਾਂਤ ਦੀ ਡ੍ਰੈੱਸ ਪਹਿਨੀ ਹੋਈ ਸੀ। ਉਨ੍ਹਾਂ ਦੀ ਡ੍ਰੈਸ ਦੇ ਛਾਤੀ ਵਾਲੇ ਹਿੱਸੇ ਉੱਤੇ ਇਕ ਤਾਰੇ ਦੇ ਚਿੰਨ੍ਹ ਅੰਦਰ ਗੋਲੇ ਦਾ ਨਿਸ਼ਾਨ ਬਣਿਆ ਹੋਇਆ ਸੀ। ਉਨ੍ਹਾਂ ਦੇ ਸਿਰ ਉੱਤੇ ਮੌਜੂਦ ਸਲੇਟੀ ਧਾਂਤ ਦੇ ਟੋਪ ਦੇ ਸਾਹਮਣੇ ਵਾਲੇ ਪਾਸੇ ਕਾਫ਼ੀ ਵੱਡੇ ਛੇਕਾਂ ਦਾ ਜੋੜਾ ਮੌਜੂਦ ਸੀ, ਜਿਨ੍ਹਾਂ ਵਿਚੋਂ ਹਰੀ ਰੌਸ਼ਨੀ ਨਿਕਲ ਰਹੀ ਸੀ। ਉਨ੍ਹਾਂ ਦੇ ਹੱਥਾਂ ਵਿਚ ਅਜੀਬ ਸ਼ਕਲ ਵਾਲੇ ਯੰਤਰ ਸਨ, ਜੋ ਕਿਸੇ ਹਥਿਆਰ ਹੋਣ ਦਾ ਝਾਉਲਾ ਮਾਰ ਰਹੇ ਸਨ।

ਲੋਕ ਆਪੋ-ਆਪਣੇ ਥਾਂ ਉੱਤੇ ਜੜ੍ਹ ਹੋਏ, ਉਨ੍ਹਾਂ ਨੂੰ ਡਰ, ਹੈਰਾਨੀ, ਤੇ ਘਬਰਾਹਟ ਦੇ ਰਲੇ-ਮਿਲੇ ਭਾਵਾਂ ਨਾਲ ਦੇਖ ਰਹੇ ਸਨ।

ਕੌਣ ਨੇ ਇਹ? ਇਨ੍ਹਾਂ ਦਾ ਇਥੇ ਆਉਣ ਦਾ ਕੀ ਮਕਸਦ ਹੈ? ਕੀ ਇਹ ਹਮਲਾ ਤਾਂ ਨਹੀਂ ਕਰ ਦੇਣਗੇ? ਲੋਕਾਂ ਦੇ ਮਨਾਂ ਵਿਚ ਸਵਾਲਾਂ ਦੀ ਉਥਲ-ਪੁਥਲ ਲਗਾਤਾਰ ਜਾਰੀ ਸੀ।

ਉਹ ਮਸ਼ੀਨੀ-ਮਨੁੱਖ ਪਲੇਟਫਾਰਮ ਦੇ ਜ਼ਮੀਨ ਨੇੜ੍ਹਲੇ ਕਿਨਾਰੇ ਕੋਲ ਆ ਕੇ ਰੁੱਕ ਗਏ। ਅਤੇ ਉਨ੍ਹਾਂ ਨੇ ਸੱਜੇ ਪਾਸੇ ਤੋਂ ਖੱਬੇ ਵੱਲ ਹੌਲੇ-ਹੌਲੇ ਆਪਣੇ ਸਿਰ ਘੁੰਮਾਦਿਆਂ ਇਕੱਠੀ ਹੋਈ ਭੀੜ 'ਤੇ ਨਜ਼ਰ ਮਾਰੀ।

ਉਨ੍ਹਾਂ ਦੇ ਟੋਪ ਵਿਚਲੇ ਛੇਕਾਂ ਵਿਚੋਂ ਨਿਕਲ ਰਹੀ ਹਰੀ ਰੌਸ਼ਨੀ ਹੁਣ ਵਧੇਰੇ ਚਮਕੀਲੀ ਹੁੰਦੀ ਜਾ ਰਹੀ ਸੀ। ਤੇ ਤੁਰੰਤ ਹੀ ਇਸ ਰੌਸ਼ਨੀ ਨੇ ਸਾਰੇ ਲੋਕਾਂ ਨੂੰ ਆਪਣੇ ਘੇਰੇ ਵਿਚ ਲੈ ਲਿਆ।

ਲੋਕਾਂ ਨੇ ਆਪਣੇ ਸਰੀਰਾਂ ਵਿਚ ਅਜੀਬ ਜਿਹੀ ਝੁਣਝੁਣੀ ਮਹਿਸੂਸ ਕੀਤੀ ਤੇ ਅਗਲੇ ਹੀ ਪਲ ਇਹ ਜਾਣ ਉਹ ਹੈਰਾਨ ਤੇ ਪ੍ਰੇਸ਼ਾਨ ਹੋ ਗਏ ਕਿ ਉਹ ਆਪਣੇ ਅੰਗਾਂ ਨੂੰ ਹਿਲਾਉਣ ਡੁਲਾਉਣ ਤੋਂ ਅਸਮਰਥ ਹੋ ਚੁੱਕੇ ਸਨ।

ਅਣਜਾਣੇ ਡਰ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਆਪਣੀ ਜਕੜ੍ਹ ਵਿਚ ਲੈ ਲਿਆ ਸੀ।

'ਓਹ ਰੱਬਾ! ਇਹ ਕੀ ਹੋ ਰਿਹਾ ਹੈ? ਪਤਾ ਨਹੀਂ ਕੀ ਹੋਣ ਵਾਲਾ ਹੈ?' ਮਾਰੇ ਘਬਰਾਹਟ ਦੇ ਉਨ੍ਹਾਂ ਦੇ ਮਨਾਂ ਵਿਚ ਅਜੀਬ ਖਿਆਲਾਂ ਦੀ ਖਲਬਲੀ ਮਚ ਗਈ ਸੀ।

ਸੁਭਾਵਿਕ ਹੀ ਸੀ ਕਿ ਉਹ ਉਥੋਂ ਦੌੜ ਜਾਣਾ ਚਾਹੁੰਦੇ ਸਨ। ਪਰ ਸੱਚ ਤਾਂ ਇਹ ਸੀ ਕਿ ਦੌੜ ਜਾਣਾ ਤਾਂ ਕੀ ਉਹ ਤਾਂ ਹਿੱਲ ਸਕਣ ਤੋਂ ਵੀ ਅਸਮਰਥ ਹੋ ਚੁੱਕੇ ਸਨ। ਬੁੱਤਾਂ ਵਰਗੀ ਜੜ੍ਹ ਹਾਲਤ ਵਿਚ ਖੜ੍ਹੇ ਉਹ ਉਨ੍ਹਾਂ ਅਜੀਬ ਮਸ਼ੀਨੀ ਮਨੁੱਖਾਂ ਨੂੰ ਇਕ ਟੱਕ ਦੇਖ ਰਹੇ ਸਨ।

****

ਤਦ ਹੀ ਉਨ੍ਹਾਂ ਨੂੰ ਆਵਾਜ਼ ਸੁਣਾਈ ਦੇਣ ਲੱਗੀ।

'ਦੋਸਤੋ! ਡਰਨ ਦੀ ਲੋੜ੍ਹ ਨਹੀਂ ਹੈ। ਤੁਹਾਡੀ ਦੁਨੀਆਂ ਦੀ ਖੁਸ਼ਹਾਲੀ ਤੇ ਸਦੀਵੀਪਣ ਹੀ ਸਾਡਾ ਮਕਸਦ ਹੈ। ਤੁਹਾਡੀ ਭਲਾਈ ਲਈ ਹੀ ਅਸੀਂ ਇਥੇ ਆਏ ਹਾਂ। ਅਸੀਂ ਤੁਹਾਨੂੰ ਸੁਚੇਤ ਕਰਨਾ ਚਾਹੁੰਦੇ ਹਾਂ ਕਿ ਤੁਹਾਡੀ ਦੁਨੀਆਂ ਉੱਤੇ ਬਹੁਤ ਵੱਡਾ ਸੰਕਟ ਮੰਡਰਾ ਰਿਹਾ ਹੈ।

ਅਸੀਂ ਲੰਮੇ ਸਮੇਂ ਤੋਂ ਤੁਹਾਡੀ ਦੁਨੀਆਂ ਦੀ ਨਜ਼ਰਸਾਨੀ ਕਰ ਰਹੇ ਸਾਂ। ਅਸੀਂ ਤੁਹਾਨੂੰ ਜਲਚਰ ਤੋਂ ਥਲਚਰ ਬਣਦਿਆਂ ਦੇਖਿਆ ਹੈ। ਗੁਫਾਵਾਂ ਵਿਚ ਵਸਦੇ ਆਦਿ ਮਾਨਵ ਤੋਂ ਅਜੋਕੇ ਮਨੁੱਖ ਤੱਕ ਦਾ ਜੀਵਨ ਸਫ਼ਰ ਦੇਖਿਆ ਹੈ। ਪਿਛਲੀਆਂ ਸਦੀਆਂ ਦੌਰਾਨ ਕਈ ਸੱਭਿਆਤਾਵਾਂ ਪੈਦਾ ਹੁੰਦੀਆਂ, ਵੱਧਦੀਆਂ-ਫੁੱਲਦੀਆਂ ਤੇ ਮਨੁੱਖੀ ਲਾਲਚ ਕਾਰਣ ਖ਼ਤਮ ਹੁੰਦੀਆਂ ਦੇਖੀਆਂ ਹਨ। ਤੇ ਹੁਣ ਅਸੀਂ ਤੁਹਾਡੀ ਸੱਭਿਅਤਾ ਵਿਚ ਵੀ ਅਜਿਹੇ ਹੀ ਆਸਾਰ ਦੇਖ ਰਹੇ ਹਾਂ।

ਤੁਸੀਂ ਤੇ ਤੁਹਾਡੇ ਅਦਾਰਿਆਂ ਵਲੋਂ ਜ਼ਿਆਦਾ ਤੋਂ ਜ਼ਿਆਦਾ ਧੰਨ ਤੇ ਤਾਕਤ ਪ੍ਰਾਪਤੀ ਦੇ ਲਾਲਚ ਵਿਚ ਧਰਤੀ ਦੇ ਕੁਦਰਤੀ ਸਰੋਤਾਂ ਨਾਲ ਵੱਡੇ ਪੱਧਰ ਉੱਤੇ ਖਿਲਵਾੜ ਕੀਤਾ ਜਾ ਰਿਹਾ ਹੈ। ਜ਼ਰਾ ਆਪਣੇ ਆਲੇ-ਦੁਆਲੇ ਹੀ ਨਜ਼ਰ ਮਾਰੋ, ਤੁਹਾਡੀਆਂ ਨਾੜ੍ਹ, ਪਰਾਲੀ, ਤੇ ਘਾਹ-ਫੂਸ ਨੂੰ ਲਾਈਆਂ ਅੱਗਾਂ ਕਾਰਣ ਇਹ ਸੁਆਹ ਰੰਗੇ ਖੇਤ, ਪੱਤਿਆਂ ਤੋਂ ਸੱਖਣੇ ਅੱਧ-ਸੜ੍ਹੇ ਰੁੱਖ, ਤੇ ਖੇਤਾਂ ਵਿਚ ਰੁੱਲ ਰਹੀਆਂ ਪੰਛੀਆਂ ਤੇ ਕੀਟਾਂ ਦੀਆਂ ਅੱਧ-ਸੜ੍ਹੀਆਂ ਲਾਸ਼ਾਂ ਇਸ ਖਿਲਵਾੜ ਦਾ ਪ੍ਰਤੱਖ ਸਬੂਤ ਹਨ। ਸਥਾਨਕ ਪੱਧਰ ਉੱਤੇ ਇਹ ਵਰਤਾਰਾ ਬਹੁਤਾ ਵੱਡਾ ਨਹੀਂ ਜਾਪਦਾ, ਪਰ ਜਦੋਂ ਹਰ ਪਿੰਡ, ਹਰ ਸੂਬੇ ਤੇ ਹਰ ਦੇਸ਼ ਦੇ ਲੋਕ ਅਜਿਹਾ ਕਰਦੇ ਨੇ, ਤਾਂ ਇਹੋ ਵਰਤਾਰਾ ਦਾਨਵੀ ਰੂਪ ਧਾਰ ਲੈਂਦਾ ਹੈ।

ਇਸ ਦਾਨਵ ਨੂੰ ਹੋਰ ਸ਼ਕਤੀਸ਼ਾਲੀ ਬਣਾਉਣ ਵਿਚ ਥਾਂ-ਥਾਂ ਵਾਪਰਦੀਆਂ ਜੰਗਲਾਂ ਤੇ ਤੇਲ ਦੇ ਖੂਹਾਂ ਦੀ ਅੱਗਾਂ, ਅਤੇ ਫੈਕਟਰੀਆਂ ਤੇ ਵਾਹਣਾਂ ਦਾ ਗੈਸੀ ਨਿਕਾਸ ਬਹੁਤ ਖ਼ਤਰਨਾਕ ਰੋਲ ਅਦਾ ਕਰਦਾ ਹੈ। ਜਿਸ ਕਾਰਣ ਤੁਹਾਡੀ ਧਰਤੀ ਉੱਤੇ ਗੰਭੀਰ ਵਾਤਾਵਰਣੀ ਤਬਦੀਲੀਆਂ ਵਾਪਰਣੀਆਂ ਸ਼ੁਰੂ ਹੋ ਚੁੱਕੀਆਂ ਹਨ।

ਗਲੋਬਲ ਵਾਰਮਿੰਗ ਦੇ ਨਤੀਜੇ ਸੋਖੇ, ਕਾਲ, ਹੜ੍ਹਾਂ ਤੇ ਮੌਸਮੀ ਤਬਦੀਲੀਆਂ ਦੇ ਰੂਪ ਵਿਚ ਤਾਂ ਤੁਸੀਂ ਭੁਗਤ ਹੀ ਰਹੇ ਹੋ। ਤੁਹਾਡੀਆਂ ਕੁਦਰਤ ਵਿਰੋਧੀ ਕਾਰਵਾਈਆਂ ਨਾਲ ਤਾਂ ਵਿਨਾਸ਼ ਹੋ ਹੀ ਰਿਹਾ ਹੈ। ਪਰ ਇਸ ਦੇ ਨਾਲ ਹੀ ਪੂੰਜੀਵਾਦ ਦੇ ਪ੍ਰਸਾਰ ਹਿੱਤ ਦੇਸ਼ਾਂ ਦੀਆਂ ਆਪਸੀ ਜੰਗਾਂ ਨੇ ਤੁਹਾਡੇ ਵਿਨਾਸ਼ ਦੀ ਰਫ਼ਤਾਰ ਨੂੰ ਹੋਰ ਵੀ ਤੇਜ਼ ਕਰ ਦਿੱਤਾ ਹੈ।

ਜੇ ਤੁਸੀਂ ਇਸ ਵਿਨਾਸ਼ ਤੋਂ ਬੱਚਣਾ ਚਾਹੁੰਦੇ ਹੋ, ਤਾਂ ਆਪਸੀ ਸ਼ਾਂਤਮਈ ਸਹਿਹੋਂਦ ਤੇ ਕੁਦਰਤ ਨਾਲ ਸੁਮੇਲਤਾ ਵਾਲਾ ਜੀਵਨ ਜਿਊਣਾ ਸਿੱਖੋ। ਜੇ ਤੁਸੀਂ ਆਪਣੇ ਜੀਵਨ ਢੰਗ ਨੂੰ ਤੁਰੰਤ ਨਾ ਬਦਲਿਆ, ਤੇ ਕੁਦਰਤੀ ਸਰੋਤਾਂ ਦੀ ਦੁਰਵਰਤੋਂ ਨਾ ਰੋਕੀ, ਤਾਂ ਬਹੁਤ ਦੇਰ ਹੋ ਚੁੱਕੀ ਹੋਵੇਗੀ, ਤਦ ਤੁਹਾਡੇ ਕੋਲ ਪਛਤਾਵੇ ਲਈ ਵੀ ਸਮਾਂ ਨਹੀਂ ਬਚੇਗਾ।

'ਜਾਓ ਤੇ ਸਾਰੀ ਦੁਨੀਆਂ ਵਿਚ ਸ਼ਾਂਤਮਈ ਸਹਿਹੋਂਦ ਤੇ ਕੁਦਰਤ ਨਾਲ ਸੁਮੇਲਤਾ ਵਾਲੇ ਜੀਵਨ ਚਲਣ ਦਾ ਸੁਨੇਹਾ ਘਰ-ਘਰ ਤੱਕ ਪਹੁੰਚਾ ਦਿਓ। ਕਿਉਂ ਜੋ ਹਾਲਾਤਾਂ ਨੂੰ ਸਹੀ ਕਰਨ ਲਈ ਸਮਾਂ ਬਹੁਤ ਹੀ ਘੱਟ ਹੈ, ਇਸ ਲਈ ਤੁਹਾਡੇ ਸਭ ਵਲੋਂ ਸਹੀ ਸੇਧ ਵਿਚ ਤੇਜ਼ੀ ਨਾਲ ਕੰਮ ਕਰਨ ਦੀ ਤੁਰੰਤ ਲੋੜ ਹੈ। ਇਸ ਨੂੰ ਆਖ਼ਰੀ ਚੇਤਾਵਨੀ ਸਮਝਿਆ ਜਾਵੇ। ਅਸੀਂ ਤੁਹਾਨੂੰ ਸਹੀ ਦਿਸ਼ਾ ਵਿਚ ਕੰਮ ਕਰਨ ਲਈ ਸਿਰਫ਼ ਪ੍ਰੇਰ ਸਕਦੇ ਹਾਂ, ਮਜਬੂਰ ਨਹੀਂ ਕਰ ਸਕਦੇ। ਚੰਗਾ ਰਹੇਗਾ ਜੇ ਤੁਸੀਂ ਸਾਡੇ ਸੁਨੇਹੇ ਨੂੰ ਆਖ਼ਰੀ ਚੇਤਾਵਨੀ ਸਮਝਦੇ ਹੋਏ ਪੂਰੇ ਦਿਲੋ-ਦਿਮਾਗ ਨਾਲ ਇਸ ਉੱਤੇ ਅਮਲ ਕਰ ਸਕੋ।'

ਅਣਜਾਣ ਜੀਵਾਂ ਨੇ ਇਹ ਸੁਨੇਹਾ, ਟੈਲੀਪੈਥਿਕ ਵਿਧੀ ਰਾਹੀਂ ਸਾਰੇ ਹਾਜ਼ਿਰ ਲੋਕਾਂ ਨੂੰ ਪਹੁੰਚਾ ਦਿੱਤਾ ਸੀ।

ਸੁਨੇਹੇ ਦਾ ਸੰਚਾਰ ਖ਼ਤਮ ਹੁੰਦਿਆ ਹੀ ਉਨ੍ਹਾਂ ਅਣਜਾਣ ਜੀਵਾਂ ਦੇ ਟੋਪਾਂ ਵਿਚੋਂ ਨਿਕਲ ਰਹੀ ਰੌਸ਼ਨੀ ਦੀ ਚਮਕ ਘੱਟਣੀ ਸ਼ੁਰੂ ਹੋ ਗਈ ਸੀ।

ਤਦ ਹੀ ਦਰਸ਼ਕਾਂ ਦੇ ਅੰਗਾਂ ਵਿਚ ਹਰਕਤ ਵਾਪਸ ਆ ਗਈ। ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਕੋਈ ਸਵਾਲ ਪੁੱਛਦਾ, ਉਹ ਅਣਜਾਣੇ ਜੀਵ ਵਾਪਸ ਮੁੜ, ਆਪਣੇ ਵਾਹਣ ਅੰਦਰ ਚਲੇ ਗਏ। ਦਿਖਾਈ ਦੇ ਰਿਹਾ ਪਲੇਟਫਾਰਮ, ਤੁਰੰਤ ਹੀ ਉੱਡਣ ਗੋਲੇ ਵਿਚ ਗਾਇਬ ਹੋ ਗਿਆ ਤੇ ਗੋਲੇ ਦੀ ਵੱਖੀ ਵਿਚ ਨਜ਼ਰ ਆ ਰਿਹਾ ਦਰਵਾਜ਼ਾ ਵੀ ਬੰਦ ਹੋ ਗਿਆ।

ਘੂੰ ਘੂੰ ਦੀ ਆਵਾਜ਼ ਹੌਲੇ-ਹੌਲੇ ਇੰਨੀ ਤੇਜ਼ ਹੋ ਗਈ ਕਿ ਲੋਕ ਆਪਣੇ ਕੰਨਾਂ ਉੱਤੇ ਹੱਥ ਰੱਖ ਗੋਲੇ ਤੋਂ ਦੂਰ ਜਾਣ ਲਈ ਨੱਠ ਪਏ।

ਕੁਝ ਦੇਰ ਬਾਅਦ ਹੀ ਉਹ ਗੋਲਾ ਹਿੱਲਿਆ ਤੇ ਸਿੱਧਾ ਉੱਪਰ ਵੱਲ ਜਾਣ ਲੱਗ ਪਿਆ। ਕੁਝ ਉਚਾਈ 'ਤੇ ਜਾ ਉਹ ਪਲ ਕੁ ਲਈ ਠਿਠਕਿਆ ਤੇ ਫਿਰ ਰਾਤ ਦੇ ਹਨੇਰੇ ਅੰਬਰ ਵਿਚ ਤੇਜ਼ ਲਾਲ ਰੌਸ਼ਨੀ ਛੱਡਦਾ ਹੋਇਆ ਅਚਾਨਕ ਗਾਇਬ ਹੋ ਗਿਆ।

ਹਨੇਰੇ ਅੰਬਰ ਹੇਠ, ਗੋਲੇ ਵਾਲੀ ਥਾਂ ਹੁਣ ਇਕ ਵੱਡਾ ਟੋਆ ਹੀ ਨਜ਼ਰ ਆ ਰਿਹਾ ਸੀ।

ਇਸ ਅਜਬ ਵਰਤਾਰੇ ਦੇ ਖ਼ਾਤਮੇ ਪਿਛੋਂ ਘਰਾਂ ਨੂੰ ਵਾਪਸ ਜਾ ਰਹੇ ਲੋਕ ਉਨ੍ਹਾਂ ਅਜਨਬੀ ਜੀਵਾਂ ਵਲੋਂ ਦੱਸੇ ਸੱਚ ਬਾਰੇ ਸੋਚਦਿਆਂ ਧਰਤੀ ਉੱਤੇ ਮਨੁੱਖੀ ਸਦੀਵਤਾ ਤੇ ਪ੍ਰਫੁੱਲਤਾ ਲਈ ਆਪਣਾ ਯੋਗ ਹਿੱਸਾ ਪਾਉਣ ਲਈ ਚਿੰਤਾਤੁਰ ਲਗ ਰਹੇ ਸਨ।

****

ਘਰ ਵਾਪਸ ਆ ਮੈਂ ਤੇ ਮੇਰੇ ਵੱਡੇ ਭਰਾ ਨੇ ਵੀ ਇਸ ਵਾਰ ਕਣਕ ਦੀ ਨਾੜ੍ਹ ਨੂੰ ਅੱਗ ਨਾ ਲਾਉਣ ਦਾ ਫੈਸਲਾ ਕਰ ਲਿਆ ਸੀ ਅਤੇ ਤਦ ਹੀ ਅਸੀਂ ਦੋਨਾਂ ਨੇ ਹੋਰਨਾਂ ਨੂੰ ਵੀ ਅਜਿਹਾ ਕਰਣ ਲਈ ਪ੍ਰੇਰਿਤ ਕਰਣ ਦਾ ਅਹਿਦ ਕੀਤਾ ਸੀ, ਜਿਸ ਦੀ ਪਾਲਣਾ ਅਸੀਂ ਅੱਜ ਵੀ ਕਰ ਰਹੇ ਹਾਂ। ਆਸ ਹੈ ਕਿ ਧਰਤੀ ਉਪਰ ਮਨੁੱਖ ਦੀ ਸਦੀਵਤਾ ਲਈ ਇਹ ਸਾਡਾ ਛੋਟਾ ਜਿਹਾ ਯੋਗਦਾਨ ਹੀ ਹੋਵੇਗਾ।

## ਦਿੱਲੀ ਹੈਂ ਸਿਆਰੀਏ !

ਦਿੱਲੀਏ ਨੀਂ ਦਿੱਲੀਏ ! ਦਿੱਲੀ ਹੈਂਸਿਆਰੀਏ,
ਕਰੀਏ ਇਤਬਾਰ ਕਿਵੇਂ, ਦੱਸ ਹੱਤਿਆਰੀਏ ?
ਜ਼ਖਮ ਚੌਰਾਸੀ ਵਾਲੇ, ਹਾਲੇ ਸਾਡੇ ਅੱਲੇ ਨੇ,
ਰਾਜ ਭੋਗੇ ਜ਼ਾਲਮਾਂ ਨੇ, ਦੁੱਖ ਸਾਡੇ ਪੱਲੇ ਨੇ।

ਰਾਸਤੇ ਚੌਰਾਸਤੇ ਵਿਚ ਪੱਗਾਂ ਸੀ ਰੋਲੀਆਂ,
ਧੀਆਂ, ਭੈਣਾਂ ਸਣੇ ਸੁਹਾਗਣਾ ਸੀ ਮਧੋਲੀਆਂ।
ਸ਼ਰੇਆਮ ਗੁੰਡਾਗਰਦੀ ਵਾਲਾ ਮਿਜਾਜ਼ ਸੀ,
ਬੱਚਾ ਬੁੱਢਾ ਜਵਾਨ ਨਾ ਕੋਈ ਲਿਹਾਜ਼ ਸੀ।

ਔਹ ਦੇਖ ਤੜਫਦੇ ਨੇ, ਗੱਲ ਪਏ ਟੈਰ ਸੀ,
ਇਨ੍ਹਾਂ ਮਸੂਮਾਂ ਦੇ ਨਾ, ਕਿਸੇ ਨਾਲ ਵੈਰ ਸੀ।
ਸਿਰ ਉੱਤੇ ਵਾਲ ਜਾਂ ਗਲ ਕਿਰਪਾਨ ਸੀ,
ਲੱਭਦੇ ਸ਼ਿਕਾਰ ਬੱਸ ਇਹੋ ਪਹਿਚਾਨ ਸੀ।

ਫੌਜੀ ਜਵਾਨਾਂ ਤਾਂਈਂ ਜ਼ਿੰਦਾ ਫੜ ਸਾੜਿਆ,
ਦੇਸ਼ ਦੀ ਕੁਰਬਾਨੀ ਦਾ ਵਰਕਾ ਪਾੜਿਆ।
ਸੜਦੇ ਜਿਸਮ ਥਾਂ-ਥਾਂ, ਉੱਠਦੀ ਸੜ੍ਹਾਂਦ ਸੀ,
ਜਲੀ ਹਰ ਬਸਤੀ 'ਤੇ, ਝੂਠੀ ਅਕੜਾਂਦ ਸੀ।

ਪਾਜ ਅਪਣੱਤ ਵਾਲੀ ਮਿੰਟਾਂ 'ਚ ਖੋਹਲ'ਤੀ,
ਫਿਰਕਾਪ੍ਰਸਤੀ ਨੇ ਕਰੀ ਸੀ ਬੰਦ ਬੋਲ'ਤੀ।
ਤ੍ਰਾਹ-ਤ੍ਰਾਹ ਕਰੀ ਸੀ ਰੂਹ ਦੇਖ ਹੈਵਾਨਗੀ,
ਚਾਰ ਚੁਫੇਰੇ ਰਹੀ ਸੀ ਦਿਸ ਬੇਗਾਨਗੀ।

ਸਹਿਮ ਗਿਆ ਸੱਚ, ਦੰਦਲਾਂ ਸੀ ਪੈਂਦੀਆਂ,
ਚੜ੍ਹਦੀਕਲਾ ਨਾ ਰਹੀ, ਹੋਈਆਂ ਢਹਿੰਦੀਆਂ।
ਹੈਵਾਨੀਅਤ ਦੇ ਨੰਗੇ ਨਾਚ ਸ਼ਰੇਆਮ ਸੀ,
ਹਾਕਮ ਨਹਾਉਂਦੇ ਨੰਗੇ ਵਿਚ ਹਮਾਮ ਸੀ।

ਸਿੱਖ ਹੀ ਕਿਉਂ ਫਿਰ ਬਲੀ ਦੇ ਬਣੇ ਬੱਕਰੇ,
ਭੁੱਲ ਵਧੀਕੀਆਂ ਕਿਉਂ ਸਰਹੱਦ 'ਤੇ ਟੱਕਰੇ ?
ਐਸੇ ਗੁੰਡਿਆਂ ਨੂੰ ਕਰ ਲੈ ਫੌਜ 'ਚ ਭਰਤੀ,
ਹਾਰ ਕੇ ਹੀ ਮੁੜੂ ਦੇਖੀਂ ਪੱਕੀ ਗੱਲ ਸ਼ਰਤੀ।

ਚੰਦਰਾ ਸੁਭਾਅ ਤੇਰਾ ਹਾਲੇ ਵੀ ਨਾ ਬਦਲੇ,
ਗਿਣ-ਗਿਣ ਹਜੇ ਵੀ ਨੀਂ ਲੈਂਦੀ ਤੂੰ ਬਦਲੇ।
ਗੁਰੂਆਂ ਦੇ ਜਾਏ ਅਮਨ ਸ਼ਾਂਤੀ ਪਸੰਦ ਹਾਂ,
ਕਰੀਏ ਪਿਆਰ ਸਦਾ ਮੇਟਦੇ ਦਵੰਧ ਹਾਂ।



-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲUSA

## ਇਸ਼ਕਾ ਸਲਾਮ ਤੈਨੂੰ ...

ਜੇ ਸਿਰ ਕਿਸੇ ਚੜ੍ਹ ਜਾਏ ਪਰਬਤ ਵੀ ਚੀਰ ਦੇਵੇ,
ਸਾੜ ਕੋਈ ਥਲਾਂ ਵਿਚ ਆਪਣਾ ਸਰੀਰ ਦੇਵੇ।
ਸ਼ਹਿਜ਼ਾਦਿਆਂ ਦੇ ਪਾਸੋਂ ਮੱਝਾਂ ਚਰਾ ਦਏ ਤੂੰ,
ਕੰਨਾਂ 'ਚ ਪਾ ਕੇ ਮੁੰਦਰਾਂ ਦਰ ਦਰ ਮੰਗਾ ਦਏ ਤੂੰ।
ਦੇਂਦੀ ਹੈ ਦੁਨੀਆਂ ਰੱਬ ਤੋਂ ਦੂਜਾ ਮੁਕਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ ਇਸ਼ਕਾ ਸਲਾਮ ਤੈਨੂੰ।
ਦਿੱਤੀ ਕਿਸੇ ਆਹੂਤੀ ਕੱਚੇ ਘੜੇ 'ਤੇ ਤਰਕੇ,
ਯਾਰਾਂ ਤਾਈਂ ਖਲਾਇਆ ਪੱਟਾਂ ਦਾ ਮਾਸ ਧਰ ਕੇ।
ਦੇਖੇ ਨਾ ਕੋਈ ਦਿਨ ਨੂੰ ਦੇਖੇ ਨਾ ਰਾਤ ਕੋਈ,
ਦੇਖੇ ਨਾ ਤੂੰ ਉਮਰ ਨੂੰ ਪਰਖੇ ਨਾ ਜਾਤ ਕੋਈ।
ਚੜ੍ਹ ਕੇ ਕਿਸੇ ਨੇ ਸੂਲੀ ਦਿੱਤਾ ਅੰਜ਼ਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ ਇਸ਼ਕਾ ਸਲਾਮ ਤੈਨੂੰ।
ਘਰ-ਬਾਰ ਧਰਮ ਰਿਸ਼ਤੇ ਸਭ ਕੁਝ ਭੁਲਾ ਦਏਂ ਤੂੰ,
ਸ਼ੋਹਰਤ ਸਿਹਤ ਤੇ ਦੌਲਤ ਸਭ ਕੁਝ ਗਵਾ ਦਏ ਤੂੰ।
ਤੂੰ ਹੀ ਤੂੰ ਹੀ ਤੂੰ ਹੀ ਤੂੰ ਅਪਣੀ ਨਾ ਸਾਰ ਕੋਈ,
ਨਹੀਂ ਡਰ ਉਲ੍ਹਾਮਿਆਂ ਦਾ ਦੇਵੇ ਹਜ਼ਾਰ ਕੋਈ।
ਆਪਣੇ ਲਹੂ ਦਾ ਆਸ਼ਕ ਦੇਂਦੇ ਨੇ ਜਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ ਇਸ਼ਕਾ ਸਲਾਮ ਤੈਨੂੰ।
ਤੇਰੀ ਗਲੀ 'ਚ ਆਉਣਾ ਸਿਰ ਨੂੰ ਤਲੀ 'ਤੇ ਧਰਨਾ,
ਖੁਦ 'ਚੋਂ ਖੁਦੀ ਗਵਾ ਕੇ ਪੈਂਦਾ ਹੈ ਜੀਂਦੇ ਮਰਨਾ।
ਪਾਗਲ ਕਹੇ ਜ਼ਮਾਨਾ ਹੱਸ-ਹੱਸ ਕੇ ਟਾਲ ਦੇਣਾ,
ਖੁਦ ਹੌਕਿਆਂ ਦੀ ਅੱਗ 'ਚ ਸਧਰਾਂ ਨੂੰ ਬਾਲ਼ ਦੇਣਾ
ਦੁਨੀਆਂ ਦੀ ਹਰ ਨਿਆਮਤ ਸਭ ਕੁਝ ਹਰਾਸ ਤੈਨੂੰ,
ਤੈਨੂੰ ਸਲਾਮ ਇਸ਼ਕਾ ਇਸ਼ਕਾ ਸਲਾਮ ਤੈਨੂੰ।
ਇਕ ਧਾਰ ਆਪਣੇ ਤੋਂ ਦੁਨੀਆਂ ਨੂੰ ਹੇਚ ਜਾਣੇ,
ਛੱਡ ਕੇ ਤੇ ਬਾਦਸ਼ਾਹੀਆਂ ਦਰ ਦਰ ਦੀ ਖਾਕ ਛਾਣੇ।
ਬੁੱਲ੍ਹੇ ਦੇ ਵਾਂਗੋ ਨੱਚ-ਨੱਚ ਤੈਨੂੰ ਕੋਈ ਮਨਾਏ,
ਦੁਨੀਆਂ ਤੋਂ ਹੋ ਬਰਕਤ ਤੇਰੇ ਹੀ ਗੀਤ ਗਾਏ।
ਆਖਣ ਸਿਆਣੇ 'ਦਰਦੀ' ਸਭ ਬੇਲਗਾਮ ਤੈਨੂੰ,
ਤੈਨੂੰ ਸਲਾਮ ਇਸ਼ਕਾ ਇਸ਼ਕਾ ਸਲਾਮ ਤੈਨੂੰ।

-ਸਤਨਾਮ ਸਿੰਘ ਦਰਦੀ ਚਾਨੀਆਂ-
ਜਲੰਧਰ
92569-73526



ਪੰਜਾਬ ਮੇਲUSA

## ਸੱਚ ਦੇ ਪਾਂਧੀ

ਹਨੇਰੇ ਝੱਲਣ ਵਾਲਿਆਂ ਨੂੰ,
ਕਈ ਸੋਨ ਸਵੇਰੇ ਉਡੀਕਣਗੇ,
ਧਰਤੀ ਦੇ ਕਾਲੇ ਚਿਹਰੇ ਕੱਲ੍ਹ ਨੂੰ,
ਸ਼ੀਸ਼ੇ ਵਾਂਗੂੰ ਲਿਸ਼ਕਣਗੇ।
ਹਨ੍ਹੇਰੀਆਂ ਦੀਂ ਬੇਸ਼ਰਮੀ ਦੇਖ ਕੇ,
ਹੌਂਸਲੇ ਕਰ ਬੁਲੰਦ ਆਪਣੇ,
ਬੁਝਦੇ ਹੋਏ ਕਈ ਅਣਖੀ ਦੀਵੇ,
ਹਿੱਕ ਤਾਣ ਕੇ ਚਿਲਕਣਗੇ।
ਜ਼ੁਲਮਾਂ ਦੇ ਘਨਘੋਰ ਇਰਾਦੇ,
ਪਸਤ ਤਾਂ ਆਖ਼ਰ ਹੋਣੇ ਨੇ,
ਮਰਦ ਅਗੰਮੜੇ ਸੱਚ ਦੇ ਪਾਂਧੀ,
ਮੰਜ਼ਲਾਂ ਤੋਂ ਨਹੀਂ ਤਿਲਕਣਗੇ।
ਮਜਬੂਰੀ ਦੀਆਂ ਉੱਚੀਆਂ ਕੰਧਾਂ,
ਫੰਧਣੀਆਂ ਅਸੰਭਵ ਨਹੀਂ,
ਕੰਧਰਾਂ ਨੂੰ ਸਰ ਕਰਨੇ ਵਾਲੇ,
ਕੰਧਾਂ ਤੋਂ ਕੀ ਥਿੜਕਣਗੇ।
ਜੋ ਕਰਨਾ ਖੁੱਲ੍ਹ ਕੇ ਕਰਨਗੇ,
ਜੋ ਵੀ ਕਹਿਣਾ ਸਾਫ ਕਹਿਣਗੇ,
ਮੂੰਹ 'ਤੇ ਖਾਣੀ ਪੈ ਜਾਏ ਭਾਵੇਂ,
ਪਰ ਕਹਿਣੋਂ ਕਦੀ ਨਾ ਝਿਜਕਣਗੇ।
ਰੁੱਸੀਆ ਹੋਈਆਂ ਠੁੱਸ ਤਕਦੀਰਾਂ,
ਜੰਗ ਲੱਗੀਆਂ ਖ਼ਸਤਾ ਸ਼ਮਸ਼ੀਰਾਂ,
ਦਾ ਸਾਹਮਣਾ ਕਰਨੇ ਵਾਲੇ,
ਕਾਫਲਿਆਂ ਤੋਂ ਨਹੀਂ ਵਿਛੜਣਗੇ।
ਘੁੱਟ-ਘੁੱਟ ਕਰਕੇ ਦਰਦਾਂ ਨੂੰ ਪੀਣਾ,
ਮਰਦਾਨਿਆਂ ਨੂੰ ਮੁਨਜ਼ੂਰ ਨਹੀਂ,
ਬਾਬੇ ਨਾਨਕ ਤੋਂ ਲੈ ਕੇ ਹਿੰਮਤ,
ਕੰਧਾਰੀਆਂ ਨਾਲ ਮੁੜ ਉਲਝਣਗੇ।
ਚੜ੍ਹਦੀ ਕਲਾ ਕਦੀ ਨਹੀਂ ਢਹਿੰਦੀ,
ਸੱਚ ਨੂੰ ਕੋਈ ਆਂਚ ਨਹੀਂ,
ਸਿਰਾਂ 'ਤੇ ਕੱਫਣ ਬੰਨ੍ਹਣ ਵਾਲੇ,
ਕੱਫਣਾਂ ਵਿਚ ਹੀ ਲਿਪਟਣਗੇ।

-ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ, ਯੂ.ਕੇ.



ਪੰਜਾਬ ਮੇਲUSA

## ਮਾਂ ਬੋਲੀ ਪੰਜਾਬੀ

ਸਾਨੂੰ ਮਾਣ ਹੈ ਪੰਜਾਬੀ ਹੋਣ ਦਾ
ਅਸੀਂ ਬੰਦ ਬੰਦ ਕੌਮ ਲਈ ਵਾਰ ਦਿੱਤੇ
ਗੁਰੂਆਂ ਪੀਰਾਂ ਨੇ ਬਖਸ਼ੀ ਖੂਬ ਦੌਲਤ
ਪੂਰੀ ਦੁਨੀਆਂ ਨੂੰ ਉੱਚੇ ਵਿਚਾਰ ਦਿੱਤੇ।
ਪੈਂਤੀ ਅੱਖਰਾਂ ਵਿਚ ਇਹਦਾ ਰਸ ਘੁਲਿਆ
ਇਲਾਹੀ ਸ਼ਬਦਾਂ ਵਿਚੋਂ ਆਨੰਦ ਮਿਲਦਾ
ਇਨਸਾਨੀਅਤ ਦਾ ਕੀਤਾ ਪ੍ਰਚਾਰ ਭਗਤਾਂ
ਸੰਮਤਾ ਏਕਤਾ ਵਾਲਾ ਪ੍ਰਬੰਧ ਮਿਲਦਾ।
ਰਿਗਵੇਦ ਤਕ ਇਹਦਾ ਜੁੜੇ ਨਾਤਾ
ਨਾਥਾਂ ਜੋਗੀਆਂ ਵੀ ਕੀਤੇ ਵਿਚਾਰ ਕਈ
ਬਾਬਾ ਫਰੀਦ, ਵਾਰਿਸ ਤੇ ਸਾਂਈ ਬੁੱਲ੍ਹੇ
ਪੰਜਾਬੀ ਵਿਰਸੇ ਨੂੰ ਦੇ ਗਏ ਸਤਿਕਾਰ ਕਈ।
ਕੁਲ ਦੁਨੀਆਂ ਵਿਚ ਅਜ ਵਸੇ ਪੰਜਾਬੀ
ਪਹਿਲੇ ਦਸਾਂ ਵਿਚ ਆਏ ਨਾਮ ਇਹਦਾ
ਦੁਨਿਆਵੀ ਤਾਕਤਾਂ ਜਿਹੜੇ ਨੇ ਲਈ ਬੈਠੇ
ਮਾਣ ਕਰਦੇ ਨੇ ਬਣ ਮਹਿਮਾਨ ਇਹਦਾ।
ਗੁਰੂ ਅਰਜਨ ਨੇ ਆਦਿ ਗਰੰਥ ਰਚਕੇ
ਮਾਰਗ ਉੱਚੇ 'ਤੇ ਜਗਤ ਨੂੰ ਤੋਰ ਦਿੱਤਾ
ਗੁਰਮੁਖੀ ਲਿੱਪੀ ਦੀ ਕਰ ਪ੍ਰਯੋਗ ਉਹਨਾਂ
ਬਣਾ ਜਹਾਨ ਨੂੰ ਹੋਰ ਤੋਂ ਹੋਰ ਦਿੱਤਾ।
ਰਚਨਾਕਾਰਾਂ ਨੂੰ ਮਿਲੇ ਵਡਿਆਈ ਰੱਜ ਕੇ
ਵੰਡਦੇ ਲਿਖਤਾਂ ਨਾਲ ਰੌਸ਼ਨ ਚਿਰਾਗ ਜਿਹੜੇ
ਬਾਲ ਲਿਖਾਰੀਆਂ ਨੂੰ ਕਰਾਂ ਨਮਨ ਰੱਜਕੇ
ਉੱਚੇ ਗੁਣਾਂ ਦਾ ਲਾਉਂਦੇ ਜਾਗ ਜਿਹੜੇ।
ਰੌਚਕ ਸਾਹਿਤ ਨਾਲ ਪਏ ਪ੍ਰੀਤ ਮਨ ਵਿਚ
ਆਓ ਪੜ੍ਹੀਏ ਪੰਜਾਬੀ ਦੀਆਂ ਪੋਥੀਆਂ ਨੂੰ
ਉਮਰ ਗੁੱਟ ਅਨੁਸਾਰ ਮਿਲਣ ਪੁਸਤਕ ਜੇ
ਮਿਲ ਜਾਏ ਤੇਲ ਚਿਰਾਗਾਂ ਦੀਆਂ ਜੋਤੀਆਂ ਨੂੰ
ਕਰਾਂ ਯਾਦ ਮੈਂ ਲਛਮਣ ਸਿੰਘ ਗਿੱਲ ਤਾਈਂ
ਮਾਤ ਭਾਸ਼ਾ ਪਟਰਾਣੀ ਬਣਾਈ ਜਿਹਨੇ
ਐੱਮ.ਐੱਸ. ਰੰਧਾਵਾ ਜਿਹਾ ਸਪੂਤ ਸੱਚਾ
ਪੇਂਡੂ ਸ਼ਹਿਰਾਂ ਵਿਚ ਬਣਤ ਬਣਾਈ ਜਿਹਨੇ।
ਧਰਤ ਮਾਤਾ 'ਤੇ ਮਾਂ ਜਨਣੀ ਨਾਲ ਪਛਾਣ ਤੇਰੀ
ਮਾਤ ਭਾਸ਼ਾ ਦਾ ਕਰ ਸਤਿਕਾਰ ਰੱਜ ਕੇ
ਇਹਨਾਂ ਤਿੰਨਾਂ ਦੀ ਕਰਨ ਨਾ ਕਦਰ ਜਿਹੜੇ
ਮਿਲੇ ਇਜ਼ਤ ਨਾ ਜਾਨ ਬਚਾਉਣ ਭੱਜ ਕੇ।
ਮਾਤ ਭਾਸ਼ਾ ਦਾ ਜੇ ਗਿਆਨ ਹੋਵੇ
ਹਰ ਭਾਸ਼ਾ ਹੈ ਸਿੱਖੀ ਜਾ ਸਕਦੀ
ਹਰ ਤਖਤੀ 'ਤੇ ਦਿਸੇ ਸ਼ਾਨ ਇਸਦੀ
ਹਰ ਜੰਗ ਫਿਰ ਜਿੱਤੀ ਜਾ ਸਕਦੀ।
ਨਿਆਂ ਰੁਜ਼ਗਾਰ ਤੇ ਵਪਾਰ ਦੀ ਬਣੇ ਰਾਣੀ
ਇਹੋ ਮੰਗ ਮੈਂ ਹਰ ਥਾਂ ਮੰਗਦਾ ਹਾਂ
ਦੇਸ਼ ਵਿਦੇਸ਼ ਵਿਚ ਬੜਾ ਨਾਮ ਕੀਤਾ
ਪੰਜਾਬੀ ਬੋਲਦਾ ਕਦੀ ਨਾ ਸੰਗਦਾ ਹਾਂ।
ਮਾਂ ਬੋਲੀ ਪੰਜਾਬੀ ਦੇ ਵਾਰਸੋ ਵੇ
ਮੁੱਲ ਹੀਰੇ ਦਾ ਨਾ ਗੁਆਈ ਜਾਵੋ
ਹਾਕਮ ਭੁੱਲੇ ਨੇ ਜਿਹੜੇ ਫਰਜ਼ਾਂ ਨੂੰ
'ਮਾਨ' ਦਰਾਂ 'ਤੇ ਅਲਖ ਜਗਾਈ ਜਾਵੋ।

-ਬਲਜਿੰਦਰ ਮਾਨ
98150-18947



ਪੰਜਾਬ ਮੇਲUSA

## ਅਰਦਾਸ

ਸੁਣੋ ਪ੍ਰਭੂ ਮੇਰੀ ਅਰਦਾਸ।
ਅਰਜ਼ ਕਰਾਂ ਮੈਂ ਖ਼ਾਸਮ-ਖ਼ਾਸ।
ਨੇਕ ਚੰਗਾ ਇਨਸਾਨ ਬਣਾਂ ਮੈਂ
ਪੂਰੀ ਕਰਨਾ ਮੇਰੀ ਆਸ।
ਰਹਿਣ ਬਲਾਵਾਂ ਦੂਰ ਹਮੇਸ਼ਾ
ਖ਼ੁਸ਼ੀ-ਖੇੜੇ ਦਾ ਹੋਵੇ ਵਾਸ।
ਕਦੇ ਕਿਸੇ ਨੂੰ ਤੋਟ ਨਾ ਆਵੇ
ਸਭ ਦੇ ਕਾਰਜ ਹੋਵਣ ਰਾਸ।
ਜ਼ਿੰਦਗੀ ਦੇ ਵਿਚ ਚਾਨਣ ਆਵੇ
ਅੰਧਕਾਰ ਦਾ ਹੋਵੇ ਨਾਸ।
ਕਰਜ਼ੇ ਦੇ ਵਿਚ ਡੁੱਬੇ ਨਾ ਕੋਈ
ਨਾ ਖਾਵੇ ਕੋਈ ਸਲਫ਼ਾਸ।
ਪੜ੍ਹ-ਲਿਖ ਉੱਚੀ ਮੰਜ਼ਿਲ ਪਾਵਾਂ
ਪੂਰਾ ਹੈ ਮੈਨੂੰ ਵਿਸ਼ਵਾਸ।
ਅਭਿਮਾਨੀ ਨਾ ਕਦੇ ਬਣਾਉਣਾ
ਨਾ ਹੀ ਬਣਾਂ ਕਿਸੇ ਦਾ ਦਾਸ।
ਨਿਮਰ ਹੋਵਾਂ, ਹਮਦਰਦੀ ਰੱਖਾਂ
ਬਖ਼ਸ਼ੋ ਮੈਨੂੰ ਇਹ ਗੁਣਤਾਸ।
ਵਾਹਿਗੁਰੂ ਜੀ ! ਕਦੇ ਨਾ ਡੋਲਾਂ
ਹਰ ਥਾਂ 'ਤੇ ਦੇਣਾ ਧਰਵਾਸ।

- ਪ੍ਰੋ. ਨਵ ਸੰਗੀਤ ਸਿੰਘ
94176-92015



ਪੰਜਾਬ ਮੇਲUSA

## ਸ਼ਬਦ-ਸਕਤੀ ਦਾ ਇਤਿਹਾਸ

1. ਸ਼ਬਦ ਰੂਪੀ ਬ੍ਰਹਮ ਜਦ ਅੱਖ ਖੋਲ੍ਹੀ,
ਸ਼ਬਦ ਨਾਲ ਹੀ ਸ੍ਰਿਸ਼ਟੀ ਬਣਾਈ ਉਹਨੇ।
ਇੱਕ ਸ਼ਬਦ ਤੋਂ ਲੱਖਾਂ ਦਰੀਆਉ ਚੱਲੇ,
ਧੜਕਣ ਜ਼ਿੰਦਗੀ ਦੀ ਐਸੀ ਪਾਈ ਉਹਨੇ।
ਸ਼ਬਦ ਵਿਚ ਹੀ ਉਹਨੂੰ ਸਮੇਟ ਲੈਂਦਾ,
ਸ਼ਬਦ ਨਾਲ ਜੋ ਖੇਡ ਰਚਾਈ ਉਹਨੇ।
ਸ਼ਬਦ ਵਿਚ ਹੀ ਰੱਖੇ ਨੇ ਭੇਦ ਸਾਰੇ,
ਸ੍ਰਿਸ਼ਟੀ ਆਪ ਹੀ ਟੋਲਣ 'ਤੇ ਲਾਈ ਉਹਨੇ।

2. ਸ਼ਬਦ-ਸੂਝ ਵੀ ਤਾਂ ਸ਼ਬਦ ਆਪ ਦੇਵੇ,
ਸ਼ਬਦ ਵਿਚ ਹੀ ਰੱਖਿਆ ਗਿਆਨ ਪੂਰਾ।
ਇੱਕੋ ਸ਼ਬਦ ਤੋਂ ਪੈਦਾ ਸਰੀਰ ਹੋਏ,
ਓਹੀ ਸ਼ਬਦ ਹੈ ਸਾਰੇ ਪ੍ਰਵਾਨ ਪੂਰਾ।
ਜਿਹੜੀ ਸੁਰਤ ਵਿਚ ਸ਼ਬਦ ਦਾ ਵਾਸ ਹੋਵੇ,
ਓਸ ਸੁਰਤ ਨੂੰ ਪੂਜੇ ਜਹਾਨ ਪੂਰਾ।
ਆਓ ਨਾਨਕ ਦਾਤਾਰ ਦੀ ਗੱਲ ਕਰੀਏ,
ਜੀਹਨੇ ਸ਼ਬਦ ਦਾ ਕੀਤਾ ਏ ਦਾਨ ਪੂਰਾ।

3. ਪਾਧੇ ਪਾਸ ਸੀ ਪੜ੍ਹਨ ਲਈ ਭੇਜਿਆ ਜਾ,
ਨਾਨਕ-ਮੁੱਖ ਤੋਂ ਸ਼ਬਦ ਹੀ ਬੋਲਦਾ ਏ।
ਬਾਅਦ "ਇੱਕ" ਦੇ ਪੜ੍ਹਨਾ ਹੈ "ਦੂਸਰਾ" ਕੀ,
ਭੇਦ "ਇੱਕ" ਦਾ ਪਿਆ ਉਹ ਖੋਲਦਾ ਏ।
ਮੋਦੀਖਾਨੇ ਵਿਚ ਬੈਠ ਕੇ ਸ਼ਬਦ ਇਹੀ,
ਆਖ "ਤੇਰਾ ਤੇਰਾ" ਪੂਰਾ ਤੋਲਦਾ ਏ ।
ਇੱਕੋ ਸ਼ਬਦ ਅੰਦਰ ਸੱਭੇ ਬਰਕਤਾਂ ਨੇ,
ਸ਼ਬਦ-ਰੱਤਿਆ ਕਦੇ ਨਾ ਡੋਲਦਾ ਏ।

4. ਸ਼ਬਦ ਵਿਚ ਡੁੱਬੇ ਤਾਈਂ ਪਿਤਾ ਕਾਲੂ,
ਕਿਹਾ, "ਲਾਹੇ ਦਾ ਕਰੀਂ ਵਪਾਰ ਨਾਨਕ।
ਆਹ ਲੈ ਵੀਹ ਰੁਪਈਏ ਦੀ ਨਕਦ ਪੂੰਜੀ,
ਦੂਣੀ ਹੋਵੇ ਐਸੀ ਕਰੀਂ ਕਾਰ ਨਾਨਕ।"
ਭੁੱਖੇ ਮਿਲੇ ਸਾਧੂ ਜਿਹੜੇ ਨਾਮ ਜਪਦੇ,
ਨਾਲ ਸ਼ਬਦ ਦੇ ਕੀਤੇ ਸਰਸ਼ਾਰ ਨਾਨਕ।
ਸੌਦਾ ਸੱਚ ਦਾ ਕੀਤਾ ਰੂਹ ਨਾਲ ਐਸਾ,
ਵੰਡ ਛਕਣ ਦਾ ਕੀਤਾ ਪ੍ਰਚਾਰ ਨਾਨਕ।

5. ਕੰਢੇ ਵੇਈਂ ਤੋਂ ਸ਼ਬਦ ਦੀ ਧੁਨ ਉੱਠੀ,
ਫੇਰ ਆਈ ਨਾ ਕਿਸੇ ਹਿਸਾਬ ਅੰਦਰ।
ਗੁਰਮੁਖ ਖੋਜਣ ਲਈ ਚੱਲਿਆ ਯਾਤਰਾ 'ਤੇ,
ਸ਼ਬਦ ਗੂੰਜ ਦਾ ਡੂਮ-ਰਬਾਬ ਅੰਦਰ।
ਸ਼ਬਦ ਨਾਲ ਹੀ ਸਿਫਤ ਸਲਾਹ ਉਹਦੀ,
ਪ੍ਰਸ਼ਨ ਜੱਗ ਦੇ, ਸ਼ਬਦ-ਜਵਾਬ ਅੰਦਰ।
ਏਸੇ ਸ਼ਬਦ ਨੇ ਚਹੁੰਆਂ ਉਦਾਸੀਆਂ ਵਿਚ,
ਕੰਡੇ ਬਦਲੇ ਨੇ ਸਭੇ ਗੁਲਾਬ ਅੰਦਰ।

6. ਸਿੱਧ ਹੋਏ ਸਿੱਧੇ ਹਉਮੈ ਛੱਡ ਕੇ ਤੇ,
ਬਾਣ ਸ਼ਬਦ ਦਾ ਬਾਬੇ ਨੇ ਮਾਰਿਆ ਸੀ।
ਸ਼ਬਦ ਸੁਣ ਕੇ ਠੱਗ ਵੀ ਬਣੇ ਸੱਜਣ,
ਕਿਧਰੇ ਭੂਮੀਏ ਚੋਰ ਨੂੰ ਤਾਰਿਆ ਸੀ।
ਮਲਕ ਭਾਗੋ ਦੀ ਲੁੱਟ ਦੇ ਖਾਣਿਆਂ ਨੂੰ,
ਉਹਦੇ ਸ਼ਬਦ ਨੇ ਕਿੱਦਾਂ ਨਕਾਰਿਆ ਸੀ।
ਹੱਥੀਂ ਕਿਰਤ ਨੂੰ ਦੇ ਕੇ ਵਡਿਆਈ ਦਾਤਾ,
ਸ਼ਬਦ ਰਾਹੀਂ ਹੀ ਲਾਲੋ ਸਤਿਕਾਰਿਆ ਸੀ।

7. ਵਲ, ਵਲੀ ਕੰਧਾਰੀ ਦੇ ਸ਼ਬਦ ਕੱਢੇ,
ਸ਼ਬਦ ਬਿਨਾਂ ਤਾਂ ਪੱਤਾ ਵੀ ਹੱਲਦਾ ਨਾ।
ਜਿੱਥੇ ਸ਼ਬਦ ਸੰਗੀਤ ਵਿਚ ਵੱਜਦਾ ਸੀ,
ਜਾਦੂਗਰਨੀਆਂ ਦਾ ਜਾਦੂ ਚੱਲਦਾ ਨਾ।
ਸ਼ਬਦ ਆਖਿਆ ਬਾਬਰ ਨੂੰ ਜਦੋਂ ਜਾਬਰ,
ਠੰਡਾ ਹੋ ਗਿਆ, ਚੋਟ ਨੂੰ ਝੱਲਦਾ ਨਾ।
ਰਾਇ-ਬੁਲਾਰ ਦੇ ਸੀਨੇ ਵਿਚ ਛੇਕ ਹੋਏ,
ਤਾਹੀਂ ਸ਼ਬਦ ਦੀ ਆਖੀ ਉਹ ਥੱਲਦਾ ਨਾ।

8. ਪੁਰੀ ਮੰਦਰ ਦੇ ਸੰਖ ਵਿਚ ਸ਼ਬਦ ਪੁੱਜਾ,
ਸਭ ਪ੍ਰਭੂ ਦੀ ਆਰਤੀ ਗਾਉਣ ਲੱਗੇ।
ਮਸਜਿਦ ਵਿਚ ਜਾਂ ਸ਼ਬਦ ਨੇ ਬਾਂਗ ਦਿੱਤੀ,
ਕਾਜੀ ਮੌਲਵੀ ਸੁਰਤ ਟਿਕਾਉਣ ਲੱਗੇ।
ਕਿਧਰੇ ਜੋਗੀਆਂ ਨਾਥਾਂ ਦੇ ਕੋਲ ਜਾ ਜਾ,
ਲੱਖਾਂ ਧਰਤ-ਪਤਾਲ ਸਮਝਾਉਣ ਲੱਗੇ।
ਹਿਰਦੇ ਜੋ ਜੋ ਬਿੰਨੇ ਸੀ ਸ਼ਬਦ ਸੱਚੇ,
ਉਹ ਸੱਚ-ਆਚਾਰ ਵੱਲ ਆਉਣ ਲੱਗੇ।

9. ਗ੍ਰਿਹਿਸਥੀ ਬਣ ਕਰਤਾਰਪੁਰ ਆਣ ਕੇ ਤੇ,
ਯਾਦ ਕੀਤਾ ਸੀ ਓਸ ਕਰਤਾਰ ਤਾਈਂ।
ਖੇਤੀ ਕਰਕੇ ਦੱਸਿਐ ਆਪ ਹੱਥੀਂ,
ਨਾਮ ਬੀਜਣਾ ਕਿਵੇਂ ਸੰਸਾਰ ਤਾਈਂ।
ਹੱਥ ਕਾਰ ਵੱਲੇ ਦਿਲ ਦਿਲਦਾਰ ਵੱਲੇ,
ਉੱਚਾ ਰੱਖਣਾ ਸਦਾ ਕਿਰਦਾਰ ਤਾਈਂ।
ਸੁਰਤ ਸ਼ਬਦ ਨਾਲ ਜੋੜ "ਰੁਪਾਲ" ਤੂੰ ਵੀ,
ਭੁੱਲ ਜਾਵੀਂ ਨਾ ਨਾਨਕ-ਨਿਰੰਕਾਰ ਤਾਈਂ ।

-ਜਸਵਿੰਦਰ ਸਿੰਘ ਰੁਪਾਲ
ਵਟਸਐਪ ਨੰਬਰ
+91-98147-15796



ਪੰਜਾਬ ਮੇਲUSA


RE/MAX
RE/MAX
Outstanding Agents
Outstanding Results®
DRE Lic. # 01215931 (Broker)
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com